ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 42 | 19 October to 25 October 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਟਰੰਪ ਦੇ ਚੋਣ ਇਸ਼ਤਿਹਾਰ ’ਚ ਸਿੱਖ ਨੂੰ ਮੁਸਲਮਾਨ ਸਮਰਥਕ ਵਜੋਂ ਪ੍ਰਚਾਰਿਆ

## ਟਰੰਪ ਨੇ ਪੋਸਟਰ ਵਿਚ ਗ਼ਲਤੀ ਕਰਕੇ ਸਿੱਖਾਂ ਲਈ ਨਵੀਂ ਸਮੱਸਿਆ ਪੈਦਾ ਕੀਤੀ : ਗੁਰਿੰਦਰ ਸਿੰਘ ਖ਼ਾਲਸਾ

**ਇੰਡੀਅਨਐਪਲਿਸ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਦੌਰਾਨ ਇਕ ਇਸ਼ਤਿਹਾਰ ਜਾਰੀ ਕੀਤਾ ਗਿਆ ਹੈ ਜਿਸ ਵਿਚ ਖੱਬੇ ਪਾਸੇ ਲੱਗੀ ਤਸਵੀਰ ਖ਼ਾਸ ਧਿਆਨ ਦੀ ਮੰਗ ਕਰ ਰਹੀ ਹੈ। ਲਾਲ, ਚਿੱਟੀ ਤੇ ਨੀਲੇ ਰੰਗ ਦੀਆਂ ਧਾਰੀਆਂ ਵਾਲੀ ਪੱਗ ਬੰਨ੍ਹੀ ਇਕ ਵਿਅਕਤੀ ਦੀ ਤਸਵੀਰ ਹੈ ਜਿਸ ’ਤੇ ‘ਮੁਸਲਿਮ’ ਸ਼ਬਦ ਲਿਖਿਆ ਹੈ। ਇਹ ਤਸਵੀਰ ਗੁਰਿੰਦਰ ਸਿੰਘ ਖ਼ਾਲਸਾ ਦੀ ਹੈ ਜੋ ਮੁਸਲਮਾਨ ਨਹੀਂ ਹੈ। ਨਾ ਹੀ ਉਹ ਟਰੰਪ ਦਾ ਸਮਰਥਕ ਹੈ। ਇਸ਼ਤਿਹਾਰ ਦੇ ਉਪਰ ਲਿਖਿਆ ਹੈ ਕਿ ਤਸਵੀਰਾਂ ਵਿਚ ਸ਼ਾਮਲ ਸਮੁੱਚਾ ਭਾਈਚਾਰਾ ਉਨ੍ਹਾਂ ਦੀ ਹਮਾਇਤ ਕਰਦਾ ਹੈ। ਅਤੇ ਗੁਰਿੰਦਰ ਸਿੰਘ ਖ਼ਾਲਸਾ ਨੂੰ ਇਕ ਮੁਸਲਮਾਨ ਵਜੋਂ ਪੇਸ਼ ਕੀਤਾ ਗਿਆ ਹੈ।


ਗੁਰਿੰਦਰ ਸਿੰਘ ਖ਼ਾਲਸਾ

ਇਸ ਤਸਵੀਰ ’ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਗੁਰਿੰਦਰ ਸਿੰਘ ਖ਼ਾਲਸਾ ਖ਼ਾਲਸਾ ਨੇ ਕਿਹਾ, ‘ਇਹ ਜੋ ਕੁਝ ਵਾਪਰ ਰਿਹਾ ਹੈ, ਅਸੀਂ ਇਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਿੱਖਾਂ ਦਾ ਪੂਰੀ ਦੁਨੀਆ ਨਾਲੋਂ ਵੱਖਰਾ ਧਰਮ ਅਤੇ ਸਭਿਆਚਾਰ ਹੈ। ਅਮਰੀਕਾ ਵਿਚ ਸਿੱਖਾਂ ਲਈ ਇਹ ਬੜਾ ਚੁਣੌਤੀ ਭਰਿਆ ਸਮਾਂ ਹੈ ਕਿਉਂਕਿ ਉਨ੍ਹਾਂ ਦੀ ਪਛਾਣ ਨੂੰ ਗ਼ਲਤ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ।’ ਉਨ੍ਹਾਂ ਕਿਹਾ ਕਿ ਅਸੀਂ ਅਜਿਹੀਆਂ ਧਾਰਮਿਕ ਵੰਡੀਆਂ ਦੇ ਹੱਕ ਵਿਚ ਨਹੀਂ, ਜਿਸ ਨਾਲ ਮਨੁੱਖਤਾ ਦਾ ਕਤਲ ਹੋਵੇ।

ਗੁਰਿੰਦਰ ਸਿੰਘ ਖ਼ਾਲਸਾ ਦਾ ਕਹਿਣਾ ਹੈ ਕਿ ਉਹ ਨਾ ਤਾਂ ਮੁਸਲਿਮ ਹੈ ਅਤੇ ਨਾ ਹੀ ਟਰੰਪ ਦਾ ਹਮਾਇਤੀ। ਖ਼ਾਲਸਾ ਨੇ ਆਖਿਆ ਕਿ ਟਰੰਪ ਨਾਲ ਉਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਗੁਰਿੰਦਰ ਸਿੰਘ ਖ਼ਾਲਸਾ ਨੇ ਆਖਿਆ ਕਿ ਟਰੰਪ ਦੀ ਟੀਮ ਨੇ ਪੋਸਟਰ ਛਾਪਣ ਤੋਂ ਪਹਿਲਾਂ ਉਸ ਨਾਲ ਕੋਈ ਗੱਲਬਾਤ ਨਹੀਂ ਕੀਤੀ। ਖ਼ਾਲਸਾ ਫਿਸ਼ਰ ਸਿਟੀ ਵਿੱਚ ਰਹਿੰਦੇ। ਖ਼ਾਲਸਾ ਅਨੁਸਾਰ ਟਰੰਪ ਦੀ ਇਸ ਗ਼ਲਤੀ ਨਾਲ ਅਮਰੀਕਾ ਵਿੱਚ ਸਿੱਖਾਂ ਬਾਰੇ ਹੋਰ ਭੁਲੇਖੇ ਪੈਦਾ ਹੋਣਗੇ। ਉਨ੍ਹਾਂ ਆਖਿਆ ਕਿ ਸਿੱਖਾਂ ਦੀ ਪਛਾਣ ਅਮਰੀਕਾ ਵਿਚ ਵੱਡਾ ਮਸਲਾ ਹੈ। ਵਾਰ-ਵਾਰ ਭੁਲੇਖੇ ਕਾਰਨ ਉਨ੍ਹਾਂ ਉੱਤੇ ਨਸਲੀ ਹਮਲੇ ਹੋ ਰਹੇ ਹਨ। ਅਜਿਹੇ ਵਿੱਚ ਟਰੰਪ ਨੇ ਪੋਸਟਰ ਵਿਚ ਗ਼ਲਤੀ ਕਰ ਕੇ ਅਮਰੀਕਾ ਵਿਚ ਰਹਿਣ ਵਾਲੇ ਸਿੱਖਾਂ ਲਈ ਨਵੀਂ ਸਮੱਸਿਆ ਪੈਦਾ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਪਾਲਿਟੀਕਲ ਐਕਸ਼ਨ ਕਮੇਟੀ ਲੋਕਾਂ ਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਸਿੱਖ ਕੌਣ ਹਨ? ਉਹ ਦਾੜ੍ਹੀ ਕਿਉਂ ਰੱਖਦੇ ਹਨ ਅਤੇ ਕਿਉਂ ਪੱਗ ਬੰਨ੍ਹਦੇ ਹਨ? ਇਸ ਕਮੇਟੀ ਦਾ ਮਕਸਦ ਅਮਰੀਕੀਆਂ ਨੂੰ ਇਹ

ਬਾਕੀ ਸਫ਼ਾ 33 ’ਤੇ




### ਟਰੰਪ ਦੀ ਮੁਹਿੰਮ ’ਚ ਪਹਿਲਾਂ ਵੀ ਹੋ ਚੁੱਕੀਆਂ ਹਨ ਗ਼ਲਤੀਆਂ

*ਇਸ ਤੋਂ ਪਹਿਲਾਂ ਚੋਣ ਮੁਹਿੰਮ ਦੌਰਾਨ ਟਰੰਪ ਨੇ ਸਮਲਿੰਗੀ ਵਿਆਹ ਨੂੰ ਲੈ ਕੇ ਕਿਹਾ ਸੀ ਕਿ ਉਹ ਉਸ ਦਾ ਸਮਰਥਨ ਨਹੀਂ ਕਰਦੇ। ਉਨ੍ਹਾਂ ਦਾ ਯਕੀਨ ਰਵਾਇਤੀ ਰਿਵਾਜ਼ਾਂ ਵਿਚ ਹੈ। ਇਸ ’ਤੇ ਪੱਤਰਕਾਰ ਨੇ ਉਨ੍ਹਾਂ ਤੋਂ ਪੁਛਿਆ ਕਿ ਕੀ ਤਿੰਨ ਵਾਰ ਵਿਆਹ ਕਰਨਾ ਰਵਾਇਤ ਹੈ? ਜ਼ਿਕਰਯੋਗ ਹੈ ਕਿ ਟਰੰਪ 3 ਵਿਆਹ ਕਰ ਚੁੱਕੇ ਹਨ। ਟਰੰਪ ਨੇ ਮੈਕਸੀਕੋ ਨੂੰ ਲੈ ਕੇ ਬਿਆਨ ਦਿੱਤਾ ਸੀ, “ਮੈਕਸੀਕੋ ਤੋਂ ਜੋ ਲੋਕ ਅਮਰੀਕਾ ਆ ਰਹੇ ਹਨ, ਉਹ ਚੰਗੇ ਨਹੀਂ ਹਨ। ਉਨ੍ਹਾਂ ਦੀਆਂ ਕਈ ਸਮੱਸਿਆਵਾਂ ਹਨ। ਉਹ ਆਪਣੇ ਨਾਲ ਡਰੱਗਜ਼ ਤੇ ਜੁਰਮ ਲਿਆਉਂਦੇ ਹਨ। ਉਹ ਬਲਾਤਕਾਰੀ ਹਨ।”*

## ਬਾਦਲ ਦੀਆਂ ਮੰਗਾਂ ’ਤੇ ਮੋਦੀ ਨੇ ਕੰਨ ਹੀ ਨਾ ਧਰਿਆ

**ਲੁਧਿਆਣਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਲੁਧਿਆਣਾ ਪੁੱਜਣ ’ਤੇ ਸਵਾਗਤ ਕੀਤਾ ਤੇ ਉਨਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨੇ। ਮੋਦੀ ਦੀ ਪ੍ਰਸੰਸਾ ਕਰਦਿਆਂ ਕਰਦਿਆਂ ਉਨਾਂ ਪੰਜਾਬ ਦੀਆਂ ਸਮੱਸਿਆਵਾਂ ਵੱਲ ਉਨਾਂ ਦਾ ਧਿਆਨ ਦਿਵਾਇਆ। ਸ. ਬਾਦਲ ਨੇ ਮੰਗ ਕੀਤੀ ਕਿ ਖੇਤੀ ਲਾਹੇਵੰਦ ਧੰਦਾ ਨਾ ਹੋਣ ਕਰਨ ਪੰਜਾਬ ਦਾ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ ਤੇ ਉਸ ਨੂੰ ਵਿਸ਼ੇਸ਼ ਰਿਆਇਤ ਦਿੱਤੀ ਜਾਵੇ। ਖੇਤੀ ਨੂੰ ਲਾਭਦਾਇਕ ਕਿੱਤਾ ਬਣਾਇਆ ਜਾਵੇ। ਪੰਜਾਬ ਦੀ ਸਨਅਤ ਨੂੰ ਬਚਾਉਣ ਲਈ ਸਹੂਲਤਾਂ ਦਿੱਤੀਆਂ ਜਾਣ ਪਰ ਸ੍ਰੀ ਮੋਦੀ ਨੇ ਸ. ਬਾਦਲ ਦੀਆਂ ਇਨਾਂ ਮੰਗਾਂ ’ਤੇ ਕੰਨ ਹੀ ਨਾ ਧਰਿਆ।

ਸੰਬੰਧਤ ਹੋਰ ਖ਼ਬਰਾਂ ਸਫ਼ਾ 31 ਦੇ ਦੇਖੋ

ਬਾਕੀ ਸਫ਼ਾ 33 ’ਤੇ

# ਪੰਜ ਸਿੰਘਾਂ ਵਲੋਂ ਸਰਬੱਤ ਖ਼ਾਲਸਾ ਦੇ ਵਿਧੀ-ਵਿਧਾਨ ਬਾਰੇ 13 ਮੈਂਬਰੀ ਕਮੇਟੀ ਕਾਇਮ

## ਕਮੇਟੀ ਦੀ ਰਿਪੋਰਟ ਛੇਤੀ; ਤਿੰਨ ਮੈਂਬਰ ਵਿਦੇਸ਼ਾਂ ਤੋਂ, ਪ੍ਰਕਾਸ਼ ਸਿੰਘ ਬਾਦਲ ਨੂੰ ਦੋਸ਼ੀ ਠਹਿਰਾਏ ਜਾਣ ਦੀ ਮੰਗ

**ਕਰਮਜੀਤ ਸਿੰਘ ਚੰਡੀਗੜ੍ਹ**
(**ਮੋਬਾਈਲ** (99150-91063)

**ਚੰਡੀਗੜ੍ਹ:** 49 ਪੰਥਕ ਜਥੇਬੰਦੀਆਂ, ਉਨ੍ਹਾਂ ਜਥੇਬੰਦੀਆਂ ਦੇ 100 ਨੁਮਾਂਇੰਦਿਆਂ ਅਤੇ ਕਰੀਬ ਇਕ ਦਰਜਨ ਵਿਦਵਾਨਾਂ ਅਤੇ ਵਕੀਲ਼ਾਂ ਨੇ ਮੰਗਲਵਾਰ ਨੂੰ ਇਥੇ ਸਰਬੱਤ ਖ਼ਾਲਸਾ ਅਤੇ ਅਕਾਲ ਤਖ਼ਤ ਸਮੇਤ ਬਾਕੀ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਅਧਿਕਾਰ ਖੇਤਰ, ਵਿਧੀ-ਵਿਧਾਨ ਅਤੇ ਇਨ੍ਹਾਂ ਨਾਲ ਜੁੜੇ ਹੋਰ ਮਾਮਲਿਆਂ ਦੀ ਲੋੜ, ਮਹੱਤਤਾ ਅਤੇ ਮਹਾਨਤਾ ਉਤੇ ਮੋਹਰ ਲਾ ਕੇ ਇਹ ਸਪਸ਼ਟ ਕਰ ਦਿੱਤਾ ਕਿ ਖ਼ਾਲਸਾ ਪੰਥ ਨੂੰ ਅਜਿਹਾ ਕੋਈ ਵੀ ਸਰਬੱਤ ਖ਼ਾਲਸਾ ਪ੍ਰਵਾਨ ਨਹੀਂ ਜੋ ਵਿਧੀ ਵਿਧਾਨ ਅਤੇ ਗੁਰਮਤਿ ਮਰਿਯਾਦਾ ਤੋਂ ਸੱਖਣਾ ਹੋਵੇਗਾ।

ਬਾਕੀ ਸਫ਼ਾ 33 ’ਤੇ

### ਵਿਧੀ-ਵਿਧਾਨ ਤੋਂ ਬਿਨ੍ਹਾਂ ਕੋਈ ਸਰਬੱਤ ਖ਼ਾਲਸਾ ਪ੍ਰਵਾਨ ਨਹੀਂ: ਪੰਥਕ ਜਥੇਬੰਦੀਆਂ



ਫ਼ੋਟੋ : ਸਿੱਖ ਸਿਆਸਤ

ਸਰਬੱਤ ਖ਼ਾਲਸਾ 2016 ਸਬੰਧੀ ਬੁਲਾਈ ਮੀਟਿੰਗ ’ਚ ਸ਼ਾਮਲ ਪੰਜ ਪਿਆਰੇ ਅਤੇ ਸਿੱਖ ਨੁਮਾਇੰਦੇ

## ਸਰਬੱਤ ਖ਼ਾਲਸਾ ਸਬੰਧੀ ਮੀਟਿੰਗ 29 ਅਕਤੂਬਰ ਨੂੰ

### ਸਭਨਾਂ ਨੂੰ ਸ਼ਾਮਲ ਹੋਣ ਦਾ ਸੱਦਾ

**ਸਟਾਕਟਨ/ਬਿਊਰੋ ਨਿਊਜ਼: ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਜਥੇਬੰਦੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਰਬੱਤ ਖ਼ਾਲਸਾ 2016 ਦੇ ਸਬੰਧ ਵਿਚ ਅਹਿਮ ਵਿਚਾਰਾਂ ਕਰਨ ਲਈ ਇਕ ਮੀਟਿੰਗ 29 ਅਕਤੂਬਰ ਸ਼ਨਿਚਰਵਾਰ ਨੂੰ ਦੁਪਹਿਰ 2:00 ਵਜੇ ਗੁਰਦੁਆਰਾ ਸਾਹਿਬ ਸਟਕਟਨ ਵਿਖੇ ਰੱਖੀ ਗਈ ਹੈ। ਪ੍ਰਬੰਧਕਾਂ ਵਲੋਂ ਸਮੂਹ ਪੰਥਕ ਧਿਰਾਂ ਅਤੇ ਸੰਸਥਾਵਾਂ ਦੀ ਤਰਫੋਂ ਸਭਨਾਂ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ।**

San Jose Immigration Attorney

Services:
- Family Based Immigration
- Employment Based Immigration
- Investment Based Immigration
- Asylum / Immigration Litigation

Contact:
Jay Singh Terkiana
415-715-7790
111 N. Market Street, Suite 1020
San Jose, CA 95113
Email: jay@immigration.global

SAVE $2500
ON DIESEL PER TRUCK WITH
ONE CALL!

11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com

20 ਸਾਲ ਦੇ ਤਜ਼ਰਬੇ ਵਾਲੇ ਬੇਅ ਏਰੀਆ ਡੈਂਟਿਸਟ
ਡਾ. ਦਵਿੰਦਰ ਸ਼ੋਕਰ

- ALL ROOT CANALS
- GUM SURGERY
- ORAL SURGERY
- INVISALIGN ELITE PROVIDER

50% Off to CASH Patients
* Invisalign from 2500$!
* Crowns from 400$,
* Root canal from 500$
50% Off to Cash Patients
New, Big and Modern
San Jose Office
1295 S. Parkvictoria Drive, Milpitas, CA 95035
408.945.0411
Fremont Office
3456 Mowry Ave. Fremont 94538
510.713.7333
VISIT US @ SHOKERDENTAL.COM

COUGAR TRUCK LINES
ਟਰੱਕ ਡਰਾਈਵਰਾਂ ਦੀ ਲੋੜ
ਬਰੈਂਡ ਨਿਊ ਕੰਪਨੀ ਟਰੱਕਾਂ ਲਈ ਕੈਲੀਫੋਰਨੀਆ ਤੋਂ ਈਸਟ ਕੋਸਟ ਨੂੰ ਡਰਾਈਵਰਾਂ ਦੀ ਲੋੜ ਹੈ।

(510) 875.3279
(510) 224.7380

JASPREET SINGH
Attorney-At-law


ਜਸਪ੍ਰੀਤ ਸਿੰਘ
Loan Modification
Bankruptcy, Immigration, Political Asylum, Deportation Defense, Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

# Sharan Kaur

## For School Board

Let's Make A Difference!

ਸਿੱਖ ਭਾਈਚਾਰੇ ਵਲੋਂ ਡਟਵੀਂ ਹਮਾਇਤ ਅਤੇ
ਸਾਂਝੇ ਤੌਰ ਉੱਤੇ ਹੰਭਲਾ ਮਾਰਨ ਦਾ ਸੱਦਾ

# ਸ਼ਰਨ ਕੌਰ

## ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ



*ਆਓ ਰਲ ਮਿਲ ਕੇ ਕੁਝ ਵਧੀਆ ਅਤੇ ਨਵਾਂ ਕਰ ਵਿਖਾਈਏ*

ਸ਼ਰਨ ਕੌਰ ਨਿਊ ਹੇਵਨ ਸਕੂਲ ਬੋਰਡ ਲਈ ਇੱਕੋ ਇੱਕ ਅਜਿਹੀ ਬੇਹਤਰੀਨ ਮਹਿਲਾ ਉਮੀਦਵਾਰ ਹੈ ਜਿਹੜੀ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਭਲੀਭਾਂਤ ਸਮਝ ਕੇ ਢੁਕਵੇਂ ਹੱਲ ਦੇ ਯੋਗ ਹੈ। ਬਹੁਤ ਹੀ ਸੂਝਵਾਨ, ਬੇਹੱਦ ਹਿੰਮਤੀ, ਮਿਲਾਪੜੀ ਅਤੇ ਦ੍ਰਿੜ ਇਰਾਦੇ ਵਾਲੀ

### ਸ਼ਰਨ ਕੌਰ ਦਾ ਨਿਸ਼ਾਨਾ

ਸਕੂਲ ਪ੍ਰਬੰਧਾਂ ਨੂੰ ਹੋਰ ਬੇਹਤਰ ਤੇ ਕਿੱਤਾਮੁਖੀ ਬਣਾਉਣਾ

"ਤੁਹਾਡੇ ਸਹਿਯੋਗ ਸਦਕਾ ਮੈਂ ਇਹ ਯਕੀਨੀ ਬਣਾ ਸਕਾਂਗੀ ਕਿ ਸਾਡੇ ਸਕੂਲਾਂ ਦਾ ਮਿਆਰ ਹੋਰ ਉੱਚਾ ਚੁੱਕਿਆ ਜਾਵੇ ਤਾਂ ਜੋ ਵਿਦਿਆਰਥੀ ਹੋਰ ਮੱਲਾਂ ਮਾਰ ਸਕਣ"

*ਅਸੀਂ ਰਲ ਮਿਲ ਕੇ ਹੀ ਸੁੰਦਰ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ*

### ਮੇਰੀਆਂ ਤਰਜੀਹਾਂ

- ਸਾਇੰਸ, ਟਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (S.T.E.M.) ਦੀ ਪੜ੍ਹਾਈ ਉੱਤੇ ਅਮਲ ਲਈ ਜ਼ੋਰ
- ਮਦਦਗਾਰ ਅਤੇ ਸੁਰਖਿਅਤ ਮਾਹੌਲ ਦੀ ਸਿਰਜਣਾ
- ਮਾਪਿਆਂ ਅਤੇ ਕਮਿਊਨਿਟੀ ਵਿਚਾਲੇ ਆਪਸੀ ਸਹਿਯੋਗ ਵਧਾਉਣਾ

### My Priorities

- Enhance Emphasis on S.T.E.M
- Promote Supportive and Safe Environment
- Increase Parent and Community Engagement

## 2 generations who have attended New Haven School and beyond!





- -Hill view Crest Elementary
- -Tom Kitayama Elementary
- **-Caesar Chavez Middle* (Class of 1996)**
- -Itliong-Vera Cruz Middle
- **-James Logan High* (Class of 2000)**
- -Chabot/Ohlone College

- -San Jose State University
- -Cal State East Bay University
- -San Francisco State University
- -University of San Francisco
- **-UC Santa Cruz* (2005 – BS, Bioinformatics)**
- -UC San Diego

** Schools Sharan Kaur attended*

*Together we inspire, engage and create a brighter future!*

**Sharan Kaur**
**for New Haven School Board**

## Let's Make A Difference!

*Dear Neighbor,*

*As a rasident of Union City for over 25 Years and a Product of New Haven Schools, I feel I am the best candidate who can understand the needs of students, teachers and parents alike. I am the only woman candidate for school board and have strong passion for education and even stronger desire to see that every student succeeds regardless of their family or economic background. I bring a decade long professional experience from Silicon Valley; passion and commitment for Community service; and experience from nonprofits focusing on health, education and animals. As a young and successful professional in Project Management, I have the desire to step up, get involved and give back to the same schools and community that made me who I am today.*

*With your support, I look forward to ensuring our schools continue to improve and students continue to thrive!*

*Sharan Kaur*

**ਸਿੱਖ ਭਾਈਚਾਰੇ ਦੇ ਸਾਰੇ ਮੈਂਬਰ ਯਾਦ ਰੱਖਿਓ 8 ਨਵੰਬਰ ਵਾਲੇ ਦਿਨ ਸ਼ਰਨ ਕੌਰ ਨੂੰ ਵੋਟ ਪਾਉਣਾ ਨਾ ਭੁੱਲਿਓ**

**On November 8, Remember to Vote for Sharan Kaur**

www.sharankaur2016.com

# ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001, E Walnut Drive South, Walnut CA 91789 • Ph: 909.869.6165

## ਬੰਦੀ ਛੋੜ ਦਿਵਸ (ਦੀਵਾਲੀ)

30 ਅਕਤੂਬਰ, ਦਿਨ ਐਤਵਾਰ ਨੂੰ
ਗੁਰਦੁਆਰਾ ਸਾਹਿਬ ਵਾਲਨਟ ਵਿਖੇ

• ਰੂਹਾਨੀ ਗੁਰਬਾਣੀ ਕੀਰਤਨ • ਮਾਹਰਾਂ ਵਲੋਂ ਪਟਾਕਿਆਂ ਦੀ ਗੂੰਜ
• ਪੰਜਾਬੀ ਖਾਣੇ ਦਾ ਆਨੰਦ ਮਾਣੋ। ਸੰਗਤ ਵਲੋਂ ਵੱਖ ਵੱਖ ਸਟਾਲਾਂ 'ਤੇ ਸਨੈਕਸ, ਮਠਿਆਈਆਂ, ਚਾਟ ਤੇ ਕੋਲਡ ਡਰਿੰਕ ਦਾ ਪ੍ਰਬੰਧ ਕੀਤਾ ਜਾਵੇਗਾ।



### ਪ੍ਰੋਗਰਾਮ

ਰਾਗੀ ਜਥਿਆਂ ਵਲੋਂ ਕੀਰਤਨ ਸ਼ਾਮ 6: 00 ਵਜੇ ਤੋਂ ਰਾਤ 8:45 ਵਜੇ ਤੱਕ
ਆਨੰਦ ਸਾਹਿਬ ਅਤੇ ਅਰਦਾਸ ਰਾਤ 9:00 ਵਜੇ
ਆਤਿਸ਼ਬਾਜ਼ੀ ਰਾਤ 9:30 ਵਜੇ
ਗੁਰੂ ਕਾ ਲੰਗਰ ਰਾਤ 8 :30 ਵਜੇ ਤੋਂ ਸ਼ੁਰੂ ਹੋਵੇਗਾ
ਗੁਰੂ ਕੇ ਲੰਗਰ ਦੀ ਸੇਵਾ ਸੁਰਿੰਦਰ ਸਿੰਘ ਭੋਗਲ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

ਪ੍ਰੋਗਰਾਮ ਦਾ ਆਨੰਦ ਮਾਣਨ ਲਈ ਪਰਿਵਾਰ ਅਤੇ ਦੋਸਤਾਂ ਨਾਲ ਪੁੱਜੋ...

### ਸੇਵਾਦਾਰ ਗੁਰਦੁਆਰਾ ਵਾਲਨਟ

• ਸ. ਸਾਹਿਬ ਸਿੰਘ ਭੁੱਲਰ - (625) 893-2314
• ਸ. ਸਵਰਨ ਸਿੰਘ ਦਬਗੋਤਰਾ - (909) 861-2020
• ਸ. ਸੋਹਨ ਸਿੰਘ ਗਿੱਲ - (562) 569-2702
• ਸ. ਗੁਰਚਰਨ ਸਿੰਘ ਅਨੰਦ (626) 298-9960
• ਸ. ਹਨਵੰਤਬੀਰ ਸਿੰਘ ਸਾਹਨੀ (626) 369-3305

ਕੀਰਤਨ ਪ੍ਰੋਗਰਾਮ ਅਤੇ ਖਾਣਿਆਂ ਦੀਆਂ ਸਟਾਲਾਂ ਵਿਚ ਹਿੱਸਾ ਲੈਣ ਲਈ
ਭਾਈ ਰਘਬੀਰ ਸਿੰਘ ਨਾਲ (626) 833-8240 ਅਤੇ ਹਨਵੰਤ ਬੀਰ ਸਿੰਘ ਸਾਹਨੀ ਨਾਲ (626) 369-3305 'ਤੇ ਸੰਪਰਕ ਕੀਤਾ ਜਾ ਸਕਦਾ ਹੈ।





# Mortgage Rates ਇਤਿਹਾਸਕ Low ਹਨ

## Residential and Commerical

## No Tax Returns

ratebeat MORTGAGE
RateBeat LLC (NMLS ID: 1267188)

Credit Score as low as 500

ਇਕ ਤੋਂ ਵੱਧ Lenders ਦੇ rates ਲਵੋ

Self Employed - No W2 - Stated Income Loans available

ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।

(877) 877-7575

3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ

Foreign National Loans available

Gas Stations - Hotels/Motels
Multi-Family-Retail
Warehouse- Self-Storage
Auto Service

ਅੱਜ ਹੀ ਕਾਲ ਕਰੋ

Nirmal Singh Mann
(NMLS 357314)

EQUAL HOUSING LENDER

(877) 877-7575, www.ratebeat.com

# ਅਲਬਰਟਾ ਦੇ ਸਾਬਕਾ ਪ੍ਰੀਮੀਅਰ ਜਿਮ ਪ੍ਰੈਂਟਿਸ ਦੀ ਜਹਾਜ਼ ਹਾਦਸੇ ਵਿਚ ਮੌਤ

*• ਪੰਜਾਬੀ ਭਾਈਚਾਰੇ ਅੰਦਰ ਵੀ ਸੋਗ ਦੀ ਲਹਿਰ • ਕੈਲਗਰੀ ਦੇ ਗੁਰੂਘਰ ਦੀ ਉਸਾਰੀ ਵਿੱਚ ਪਾਇਆ ਸੀ ਵਿਸ਼ੇਸ਼ ਯੋਗਦਾਨ*

**ਕੈਲਗਰੀ/ਬਿਊਰੋ ਨਿਊਜ਼ :** ਕੈਨੇਡਾ ਦੇ ਅਲਬਰਟਾ ਸੂਬੇ ਦੇ ਸਾਬਕਾ ਪ੍ਰੀਮੀਅਰ ਜਿਮ ਪ੍ਰੈਂਟਿਸ ਦੀ ਜਹਾਜ਼ ਹਾਦਸੇ ਵਿੱਚ ਤਿੰਨ ਹੋਰ ਸਾਥੀਆਂ ਸਮੇਤ ਮੌਤ ਹੋ ਗਈ। ਕੈਨੇਡੀਅਨ ਸਿਆਸੀ ਹਲਕਿਆਂ ਅਤੇ ਪੰਜਾਬੀ ਭਾਈਚਾਰੇ ਅੰਦਰ ਸੋਗ ਦੀ ਲਹਿਰ ਫੈਲ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਬ੍ਰਿਟਿਸ ਕੋਲੰਬੀਆ ਦੇ ਸ਼ਹਿਰ ਕਲੋਨਾ ਤੋਂ ਛੋਟੇ ਜਹਾਜ਼ ਨੇ ਹਾਲੇ ਉਡਾਣ ਭਰੀ ਹੀ ਸੀ ਕਿ ਸਿਰਫ਼ 11 ਕੁ ਕਿਲੋਮੀਟਰ ਦੀ ਦੂਰੀ ਉੱਪਰ ਹੀ ਉਸ ਦਾ ਕੰਟਰੋਲ ਰੂਮ ਨਾਲੋਂ ਸੰਪਰਕ ਟੁੱਟ ਗਿਆ। ਇਸ ਹਾਦਸੇ ਵਿੱਚ ਮਰਨ ਵਾਲੇ ਤਿੰਨ ਹੋਰ ਵਿਅਕਤੀਆਂ ਵਿੱਚ ਜਹਾਜ਼ ਦੇ ਪਾਇਲਟ ਜਿਮ ਕਰੁੱਕ ਤੋਂ ਇਲਾਵਾ ਜਿਮ ਪ੍ਰੈਂਟਿਸ ਦਾ ਕੁੜਮ ਵੀ ਸ਼ਾਮਲ ਹੈ। ਹਾਦਸੇ ਦਾ ਕਾਰਨਾਂ ਦਾ ਹਾਲੇ ਤੱਕ ਕੋਈ ਪਤਾ ਨਹੀਂ ਲੱਗਾ। ਟਰਾਂਸਪੋਰੇਟ ਸੇਫਟੀ ਬੋਰਡ ਆਫ ਕੈਨੇਡਾ ਦੇ ਪ੍ਰੈੱਸ ਨੋਟ ਅਨੁਸਾਰ ਇਸ ਦੀ ਜਾਂਚ ਨੂੰ ਤਕਰੀਬਨ ਇੱਕ ਸਾਲ ਲੱਗ ਸਕਦਾ ਹੈ। ਵਰਨਣਯੋਗ ਹੈ ਕਿ ਪੰਜਾਬੀ ਭਾਈਚਾਰੇ ਅੰਦਰ ਜਿਮ ਪ੍ਰੈਂਟਿਸ ਦਾ ਸਤਿਕਾਰਯੋਗ ਸਥਾਨ ਸੀ ਕਿਉਂਕਿ ਜਿਸ ਵੇਲੇ ਕੈਲਗਰੀ ਵਿਖੇ ਗੁਰਦੁਆਰਾ ਦਸਮੇਸ਼ ਕਲਚਰਲ ਸੈਂਟਰ ਬਣ ਰਿਹਾ ਸੀ ਤਾਂ ਉਸ ਵੇਲੇ ਅੜਚਨਾ ਦੂਰ ਕਰਨ ਲਈ ਉਨ੍ਹਾਂ ਨੇ ਵਕੀਲ ਦੇ ਤੌਰ 'ਤੇ ਵਾਲੰਟੀਅਰ ਸੇਵਾਵਾਂ ਨਿਭਾਈਆਂ ਸਨ, ਜਿਸ ਕਾਰਨ 2014 ਵਿੱਚ ਮਰਹੂਮ ਮਨਮੀਤ ਭੁੱਲਰ ਦੇ ਯਤਨਾਂ ਸਦਕਾ ਪੰਜਾਬੀ ਭਾਈਚਾਰੇ ਨੇ ਪਾਰਟੀ ਲੀਡਰ ਰੇਸ ਦੌਰਾਨ ਉਨ੍ਹਾਂ ਦਾ ਡੱਟ ਕੇ ਸਾਥ ਦਿੱਤਾ ਸੀ। ਉਸ ਸਮੇਂ ਉਹ 77 ਪ੍ਰਤੀਸ਼ਤ ਵੋਟਾਂ ਲੈ ਕੇ ਜੇਤੂ ਰਹੇ ਸਨ।



ਉਨ੍ਹਾਂ ਨੇ 16 ਸਤੰਬਰ 2014 ਨੂੰ ਅਲਬਰਟਾ ਦੇ 16ਵੇਂ ਪ੍ਰੀਮੀਅਰ ਵੱਜੋਂ ਸਹੁੰ ਚੁੱਕੀ ਸੀ। ਮ੍ਰਿਤਕ ਜਿਮ ਆਪਣੇ ਪਿੱਛੇ ਪਤਨੀ ਵਾਈਟ ਕੇਰਨ ਅਤੇ ਤਿੰਨ ਬੇਟੀਆਂ ਛੱਡ ਗਏ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਨੁਸਾਰ ਕੈਨੇਡਾ ਕੋਲੋਂ ਗਰੇਟ ਕੈਨੇਡੀਅਨ ਖੁੱਸ ਗਿਆ ਹੈ। ਕੈਲਗਰੀ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਦਵਿੰਦਰ ਸ਼ੋਰੀ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ, "ਅਸੀਂ ਅੱਜ ਇੱਕ ਰੋਲ ਮਾਡਲ ਸਿਆਸਤਦਾਨ ਗੁਆ ਲਿਆ ਹੈ। ਪਾਰਲੀਮਾਨੀ ਪੱਧਰ ਅਤੇ ਅਲਬਰਟਾ ਦੇ ਪ੍ਰੀਮੀਅਰ ਵੱਜੋਂ ਉਨ੍ਹਾਂ ਦੇ ਨਿਭਾਏ ਰੋਲ ਨੂੰ ਕੈਨੇਡੀਅਨ ਕਦੇ ਨਹੀਂ ਭੁਲਾਉਣਗੇ।"

ਗੁਰਦੁਆਰਾ ਦਸਮੇਸ਼ ਕਲਚਰਲ ਸੈਂਟਰ ਕੈਲਗਰੀ ਦੇ ਸਾਬਕਾ ਪ੍ਰਧਾਨ ਰਣਬੀਰ ਸਿੰਘ ਪਰਮਾਰ, ਨਮਜੀਤ ਸਿੰਘ ਰੰਧਾਵਾ, ਹਰਮੀਤ ਸਿੰਘ ਖੁੱਡੀਆਂ, ਅਮਰਪ੍ਰੀਤ ਸਿੰਘ ਬੈਂਸ, ਅਵਤਾਰ ਸਿੰਘ ਕਲੇਰ, ਦਰਸ਼ਨ ਸਿੱਧੂ, ਰਿੱਕੀ ਕਲੇਰ, ਰੋਮੀ ਸਿੱਧੂ, ਜੱਗਾ ਰਾਊਕੇ, ਬੀਰ ਸਿੰਘ ਚੌਹਾਨ, ਵਾਈਲਡਰੋਜ਼ ਪਾਰਟੀ ਦੇ ਹੈਪੀ ਮਾਨ, ਪ੍ਰਭ ਗਿੱਲ ਐਮ ਐਲ ਏ ਅਤੇ ਮਰਹੂਮ ਮਨਮੀਤ ਸਿੰਘ ਭੁੱਲਰ ਦੇ ਪਿਤਾ ਸ. ਬਲਜਿੰਦਰ ਸਿੰਘ ਭੁੱਲਰ ਨੇ ਇਸ ਮੌਕੇ ਮਰਹੂਮ ਜਿਮ ਪ੍ਰੈਂਟਿਸ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਬਜ਼ੁਰਗਾਂ ਦੀ ਸੰਸਥਾ ਇੰਕਾ ਸੀਨੀਅਰਜ਼ ਸੋਸਾਇਟੀ ਕੈਲਗਰੀ ਵੱਲੋਂ ਵੀ ਸਮਾਗਮ ਦੌਰਾਨ ਸਾਬਕਾ ਐਮ ਪੀ ਦਵਿੰਦਰ ਸ਼ੋਰੀ ਦੀ ਮੌਜੂਦਗੀ ਵਿੱਚ ਇੱਕ ਮਿੰਟ ਦਾ ਮੋਨ ਧਾਰ ਕੇ ਜਿਮ ਪ੍ਰੈਂਟਿਸ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸਿਆਟਲ ਦੇ ਸਿੱਖ ਨੂੰ ਫੌਜ 'ਚ ਸਿੱਖੀ ਸਰੂਪ ਨਾਲ ਸੇਵਾ ਦੀ ਇਜਾਜ਼ਤ ਮਿਲਣ ਉੱਤੇ ਵਧਾਈਆਂ ਦਿੱਤੀਆਂ

**ਸਿਆਟਲ/ਬਿਊਰੋ ਨਿਊਜ਼:** ਅਮਰੀਕਾ ਦੇ ਇਤਿਹਾਸ ਵਿਚ ਸਿਆਟਲ ਦੇ ਹੋਣਹਾਰ ਨੌਜਵਾਨ ਕੈਪਟਨ ਸਿਮਰਤਪਾਲ ਸਿੰਘ ਨੂੰ ਅਮਰੀਕਾ ਦੀ ਫੌਜ ਵਿਚ ਪਹਿਲੀ ਵਾਰ ਸਿੱਖੀ ਸਰੂਪ ਨਾਲ ਨੌਕਰੀ ਦੌਰਾਨ ਸੇਵਾ ਕਰਨ ਦੀ ਇਜਾਜ਼ਤ ਮਿਲੀ ਹੈ । ਕੈਪਟਨ ਸਿਮਰਨਪਾਲ ਸਿੰਘ ਲੰਮੇ ਸਮੇਂ ਤੋਂ ਦਸਤਾਰ ਤੇ ਦਾੜ੍ਹੀ ਰੱਖ ਕੇ ਹਥਿਆਰਬੰਦ ਫੌਜ ਵਿਚ ਸੇਵਾ ਕਰਨ ਲਈ ਜੱਦੋ-ਜਹਿਦ ਕਰ ਰਹੇ ਸਨ, ਜਿਨ੍ਹਾਂ ਦੀ ਅਖੀਰ ਜਿੱਤ ਹੋਈ ਹੈ । ਸਿਆਟਲ ਦੇ ਪੰਜਾਬੀ ਭਾਈਚਾਰੇ ਨੇ ਸਿੱਖੀ ਸਰੂਪ ਵਿਚ ਰਹਿ ਕੇ ਅਮਰੀਕਾ ਦੀ ਫੌਜ ਵਿਚ ਕੰਮ ਕਰਨ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ।

ਹੀਰਾ ਸਿੰਘ ਭੁੱਲਰ, ਹਰਸ਼ਿੰਦਰ ਸਿੰਘ ਸੰਧੂ, ਰਾਜਬੀਰ ਸਿੰਘ ਸੰਧੂ ਅਤੇ ਕਰਨਲ ਹਰਦਿਆਲ ਸਿੰਘ ਵਿਰਕ ਨੇ ਇਸ ਫ਼ੈਸਲੇ ਦੀ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਸਿੱਖ ਕੌਮ ਦੀ ਬਹੁਤ ਵੱਡੀ ਪ੍ਰਾਪਤੀ ਹੈ, ਜਿਸ ਵਾਸਤੇ ਜੱਦੋ-ਜਹਿਦ ਕਰਨ ਵਾਲੇ ਸਿਆਟਲ ਦੇ ਕੈਪਟਨ ਸਿਮਰਤਪਾਲ ਸਿੰਘ ਨੂੰ ਵਧਾਈ ਦਿੱਤੀ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ ।


ਕੈਪਟਨ ਸਿਮਰਤਪਾਲ ਸਿੰਘ

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸਿੱਖ ਪੰਚਾਇਤ ਵਲੋਂ ਅਪੀਲ

Sikh Panchayat
BRINGING THE COMMUNITY TOGETHER

**ਸਿੱਖ ਪੰਚਾਇਤ 8 ਨਵੰਬਰ ਨੂੰ ਆ ਰਹੀਆਂ ਚੋਣਾਂ ਵਿਚ ਹੇਠ ਲਿਖੇ ਉਮੀਦਵਾਰਾਂ ਦੀ ਹਮਾਇਤ ਕਰਦੀ ਹੈ। ਅਸੀਂ ਸਿੱਖ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਉਹ ਵੋਟ ਪਾਉਣ ਦੇ ਅਪਣੇ ਹੱਕ ਦੀ ਜ਼ਰੂਰ ਵਰਤੋਂ ਕਰਨ।**

**Sikh Panchayat endorses the following Candidates for coming elections on Nov 8th, 2016. We request Sikh community to go & vote on Election Day.**

**President:** Hillary Clinton, **United State Senator:** Kamala D Harris, **Fremont Mayor :** Bill Harrison
**United States Representative (12th District):** Eric Swalwell, **United States Representative (17th District):** Mike Honda
**Member of State Assembly (20th District):** Bill Quirk, **New Haven School Dist. (Union City) :** Sharan Kaur
**Superior Court Judge(Alameda County):** Scott Jackson, **Union City Council :** Gary Singh, **Fremont City Council :** Raj Salwan
**Alameda County Water Dist. :** John Weed and Aziz Akbari, **Washington Healthcare Director :** William Nicholson


Hillary Clinton


Kamala D Harris


Bill Harrison


Eric Swalwell


Mike Honda


Bill Quirk


Sharan Kaur


Scott Jackson


Gary Singh


Raj Salwan


John Weed


Aziz Akbari


William Nicholson

**ਸਿੱਖ ਪੰਚਾਇਤ ਇਕ ਵਾਰ ਫੇਰ ਸਿੱਖ ਭਾਈਚਾਰੇ ਨੂੰ ਅਪੀਲ ਕਰਦੀ ਹੈ ਕਿ ਉਹ ਵੋਟਾਂ ਵਾਲੇ ਦਿਨ ਹੁੰਮ-ਹੁਮਾ ਕੇ ਪੁੱਜਣ ਅਤੇ ਦੇਸ਼ ਦੇ ਸਰਬ-ਪੱਖੀ ਵਿਕਾਸ ਲਈ ਉਪਰ ਦੱਸੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਜਿਤਾਉਣ।**

**ਬੇਨਤੀ ਕਰਤਾ : ਸਿੱਖ ਪੰਚਾਇਤ ਦੇ ਸਮੂਹ ਸੇਵਾਦਾਰ**

# “ਕਰਮ ਭੂਮੀ ਦੀਆਂ ਖੁਸ਼ਹਾਲੀਆਂ ਦੀ ਲਾਲੀ, ਕਿਤੇ ਜਨਮ ਭੂਮੀ ਦੇ ‘ਮਾਲੀ’ ਬਣਨਾ ਨਾ ਭੁਲਾ ਦੇਵੇ”

## ‘ਪੰਜਾਬੀ ਸੱਥ’ ਲਾਂਗੜਾ ਦੇ ਸੰਸਥਾਪਕ ਡਾ. ਨਿਰਮਲ ਸਿੰਘ ਲਾਂਬੜਾ ਦੀ ਪੰਜਾਬੀਆਂ ਨੂੰ ਪਿੱਛੇ ਛੱਡੇ ਪੰਜਾਬ ਦਾ ਫ਼ਿਕਰ ਰੱਖਣ ਦੀ ਤਾਕੀਦ ਤੇ ਅਪੀਲ





**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ:** “ਕਰਮ ਭੂਮੀ ਦੀਆਂ ਖੁਸ਼ਹਾਲੀਆਂ ਦੀ ਲਾਲੀ, ਕਿਤੇ ਜਨਮ ਭੂਮੀ ਦੇ ‘ਮਾਲੀ’ ਬਣਨਾ ਨਾ ਭੁਲਾ ਦੇਵੇ” ਪੰਜਾਬੀਆਂ ਨੂੰ ਪਿੱਛੇ ਛੱਡੇ ਪੰਜਾਬ ਦਾ ਫ਼ਿਕਰ ਰੱਖਣ ਦੀ ਇਹ ਭਾਵਪੂਰਤ ਤਾਕੀਦ ਤੇ ਅਪੀਲ ਪੰਜਾਬੀ ਸਭਿਆਚਾਰ ਦੇ ਬਹੁ ਪੱਖੀ ਪ੍ਰਚਾਰ ਪ੍ਰਸਾਰ ਵਿਚ ਸਰਗਰਮੀ ਨਾਲ ਜੁੱਟੀ ਹੋਈ ਸੰਸਥਾ “ਪੰਜਾਬੀ ਸੱਥ” ਦੇ ਰੂਹੇ ਰਵਾਂ ਡਾ. ਨਿਰਮਲ ਸਿੰਘ ਲਾਂਬੜਾ ਬੀਤੇ ਕੱਲ੍ਹ ਸੈਨਹੋਜ਼ੇ ਸ਼ਹਿਰ ਵਿਚ ਪ੍ਰਵਾਸੀ ਪੰਜਾਬੀਆਂ ਨਾਲ “ਰੂ ਬ ਰੂ” ਦੌਰਾਨ ਬੋਲਦਿਆਂ ਕੀਤੀ।

ਆਪਣੀ ਸੰਖੇਪ ਜਿਹੀ ਪ੍ਰਵਾਰਕ ਫੇਰੀ ‘ਤੇ ਆਏ ਹੋਏ ਡਾ. ਲਾਂਬੜਾ ਡਾਕਟਰ ਗੁਰਮੀਤ ਸਿੰਘ ਬਰਸਾਲ ਦੇ ਘਰ ਪਹੁੰਚੇ ਜਿੱਥੇ ਸਥਾਨਕ ਸਾਹਿਤ ਪ੍ਰੇਮੀਆਂ ਨਾਲ ਉਨ੍ਹਾਂ ਖੁੱਲ੍ਹਾ ਵਿਚਾਰ ਵਟਾਂਦਰਾ ਕੀਤਾ। ਪੰਜਾਬੀ ਸੱਥ ਦੀ ਸਥਾਪਨਾ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਕੀਤੀਆਂ ਪ੍ਰਾਪਤੀਆਂ ਬਾਰੇ ਡਾ. ਲਾਂਬੜਾ ਨੇ ਬੜੇ ਫ਼ਖ਼ਰ ਨਾਲ ਦਸਿਆ ਕਿ ਸੱਥ ਦੇ ਯਤਨਾਂ ਸਦਕਾ ਹੁਣ ਲਾਹੌਰ ਵਿਚ ਵੀ ਗੁਰਮੁਖੀ ਲਿੱਪੀ ਵਿਚ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ ਹਨ। ਤਕਰੀਬਨ ਦੁਨੀਆਂ ਦੇ ਹਰ ਕੋਨੇ ਵਿਚ ਸਥਾਪਤ ਹੋ ਚੁੱਕੀਆਂ ਸੱਥਾਂ ਦੇ ਸੰਚਾਲਕਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਇੰਗਲੈਂਡ ਨਿਵਾਸੀ ਮੋਤਾ ਸਿੰਘ ਸਰਾਏ ਦਾ ਉਚੇਚਾ ਜਿਕਰ ਕਰਦਿਆਂ ਆਖਿਆ ਕਿ ਭਾਰਤ ਦੇ ਨਾਲ ਨਾਲ ਵਿਦੇਸ਼ਾਂ ਵਿਚ ਸੱਥਾਂ ਦੀ ਕਾਰਗੁਜਾਰੀ ਵਿਚ ਉਸਦਾ ਵੱਡਾ ਯੋਗਦਾਨ ਹੁੰਦਾ ਹੈ। ਇਸੇ ਤਰ੍ਹਾਂ ਉਨ੍ਹਾਂ ਆਸਟਰੇਲੀਆ ਅਤੇ ਅਮਰੀਕਨ ਸੱਥਾਂ ਦਾ ਵੀ ਬੜੇ ਮਾਣ ਨਾਲ ਵੇਰਵਾ ਦਿੱਤਾ।

ਸਹਿਜ ਸਾਦਗੀ ਅਤੇ ਸੁਹਜ ਭਰਪੂਰ ਜੀਵਨ ਜਿਊਣ ਦੇ ਮੁਦੱਈ ਡਾ. ਲਾਂਬੜਾ ਨੇ ਆਪਣੀ ਜ਼ਿੰਦਗੀ ਦੇ ਖੱਟੇ ਮਿੱਠੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਦੀ ਅਜੋਕੀ ਦਰਦਨਾਕ ਦਸ਼ਾ ਕਦੇ ਅਜਿਹੀ ਨਾ ਹੁੰਦੀ ਜੇ ਇਥੇ ਸੌੜੀਆਂ ਸਿਆਸਤਾਂ ਨਾ ਖੇਡੀਆਂ ਗਈਆਂ ਹੁੰਦੀਆਂ। ਪੰਜਾਬ ‘ਚੋਂ ਲਗਾਤਾਰ ਵਿਦੇਸ਼ਾਂ ਨੂੰ ਹੋ ਰਹੇ ਪਲਾਇਨ ਬਾਰੇ ਉਨ੍ਹਾਂ ਬੜੇ ਕਰੁਣਾਮਈ ਸ਼ਬਦਾਂ ਵਿਚ ਆਖਿਆ ਕਿ ਵਰਤਮਾਨ ਦੌਰ ਵਾਂਗ ਪੰਜਾਬੀ ਕਦੇ ਭਾਂਜ-ਵਾਦੀ ਨਹੀਂ ਬਣੇ ਸਗੋਂ ਸਿਰੜ ਤੇ ਸਿਦਕ ਨਾਲ ਪੰਜਾਬ ਲਈ ਮਰ ਮਿਟਣਾ ਸਾਡਾ ਇਤਿਹਾਸ ਰਿਹਾ ਹੈ। ਪਰ ਹੁਣ ਅਸੀਂ ਜੰਮਣ ਭੂਮੀ ਤੋਂ ਨਿਰਮੋਹੇ ਹੋ ਕੇ ਵਿਦੇਸ਼ਾਂ ਨੂੰ ਦੌੜੇ ਜਾ ਰਹੇ ਹਾਂ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੀ ਸਦਕੇ ਵਿਦੇਸ਼ਾਂ ਵਿਚ ਕਾਰੋਬਾਰ ਵਧਾਉ ਕਮਾਈ ਕਰੋ, ਪਰ ਤਰਾਸਦੀਆਂ ਮਾਰੇ ਪੰਜਾਬ ਦੇ ਉਜੜ ਰਹੇ ਬਾਗਾਂ ਦੇ ਮਾਲੀ ਬਣਨਾ ਵੀ ਨਾ ਭੁਲਾ ਦਿਉ। ਉਨ੍ਹਾਂ ਸੁਲਤਾਨਪੁਰ ਲੋਧੀ ਵਾਲੀ ਇਤਿਹਾਸਕ ਵੇਈਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜੇ ਬਦਬੂ ਮਾਰਦੀ ਵੇਈਂ ਨੂੰ ਬਾਬਾ ਬਲਬੀਰ ਸਿੰਘ ਸੀਂਚੇਵਾਲ ਦੀ ਪ੍ਰੇਰਨਾ ਸਦਕਾ ਹਿੰਮਤ ਅਤੇ ਲਗਨ ਨਾਲ ਸਾਫ਼ ਕਰਕੇ ਉਸ ਨੂੰ ਮੁੜ ਸਵੱਛ ਅਤੇ ਨਿਰਮਲ ਬਣਾਇਆ ਜਾ ਸਕਦਾ ਹੈ ਤਾਂ ਹੁਣ ਗੰਧਲੇ ਪੰਜਾਬ ਦੇ ਵਾਤਾਵਰਣ ਨੂੰ ਵੀ ਸੁਧਾਰਿਆ ਜਾ ਸਕਦਾ ਹੈ। ਡਾ. ਲਾਂਬੜਾ ਨੇ ਕਈ ਹੱਡ ਬੀਤੀਆਂ ਸੁਣਾਉਂਦਿਆਂ ਕਿਹਾ ਕਿ ਸਰਕਾਰਾਂ ਦੀ ਨੀਂਦ ਵੀ ਉਦੋਂ ਹੀ ਖੁੱਲ੍ਹਦੀ ਹੈ ਜਦੋਂ ਆਮ ਲੋਕ ਕਾਫ਼ਲੇ ਬੰਨ੍ਹ ਕੇ ਕਿਸੇ ਨੇਕ ਕਾਰਜ ਲਈ ਤੁਰ ਪੈਂਦੇ ਹਨ।

ਇਸ ਮੌਕੇ ਡਾ. ਲਾਂਬੜਾ ਨੇ ਚੋਣਵੇਂ ਲੇਖਕਾਂ ਨੂੰ ਸੱਥ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਵੀ ਭੇਂਟ ਕੀਤੀਆਂ। ਇਕ ਦੋ ਸ਼ਾਇਰਾਂ ਨੇ ਆਪਣੇ ਕਲਾਮ ਸੁਣਾ ਕੇ ਮਹਿਫਲ ਵਿਚ ਕਾਵਿਕ ਮਾਹੌਲ ਸਿਰਜਿਆ। ਇਸ ਇਕੱਠ ਵਿਚ ਬਜ਼ੁਰਗ ਸ਼ਾਇਰ ਅਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਚਰਨਜੀਤ ਸਿੰਘ ਪੰਨੂ, ਰੇਡੀਓ ਹੋਸਟ ਜਸਪਾਲ ਸਿੰਘ, ਰੁਪਿੰਦਰ ਕੌਰ, ਸੁਖਦੀਪ ਕੌਰ ਬਰਸਾਲ, ਰਾਜਵੀਰ ਕੌਰ ਢੀਂਡਸਾ, ਮਝੈਲ ਸਿੰਘ ਸਰਾਂ, ਅਵਤਾਰ ਸਿੰਘ ਮਿਸ਼ਨਰੀ, ਗੁਰਦਿਆਲ ਸਿੰਘ ਨੂਰਪੁਰੀ, ਤਰਨਜੀਤ ਸਿੰਘ ਟਿਵਾਣਾ, ਡਾ. ਗੁਰਮੀਤ ਸਿੰਘ ਬਰਸਾਲ ਅਤੇ ਨਰਿੰਦਰ ਸਿੰਘ ਬਰਸਾਲ ਸਮੇਤ ਹੋਰ ਸਾਹਿਤ ਪ੍ਰੇਮੀ ਸ਼ਾਮਲ ਹੋਏ। ਸਮਾਪਤੀ ਤੇ ਸਾਰਿਆਂ ਨੇ ਪ੍ਰੀਤੀ ਭੋਜ ਦਾ ਆਨੰਦ ਮਾਣਿਆ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

SFO/LAX to DELHI



FARE as LOW as
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC

- ਸਾਨੂੰ ਔਕਲੈਂਡ ਪੋਰਟ ’ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ ’ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ’ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901



ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

## ਰੰਧਾਵਾ ਬ੍ਰਦਰਜ਼ ਨੂੰ ਗਹਿਰਾ ਸਦਮਾ

### ਪਿਤਾ ਫੁੰਮਣ ਸਿੰਘ ਜੀ ਰੰਧਾਵਾ ਸੁਰਗਵਾਸ

**ਡੈਲਸ ਟੈਕਸਸ/ਹਰਜੀਤ ਸਿੰਘ ਢੇਸੀ:** ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਦੇ ਚੇਅਰਮੈਨ ਹਰਜੀਤ ਸਿੰਘ ਰੰਧਾਵਾ ਅਤੇ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ



ਦੇ ਬੋਰਡ ਆਫ਼ ਡਾਇਰੈਕਟਰ ਸ਼ੇਰੇ ਪੰਜਾਬ ਸਿੰਘ ਰੰਧਾਵਾ ਦੇ ਪਰਿਵਾਰ ਨੂੰ ਉਸ ਸਮੇਂ ਵੱਡਾ ਸਦਮਾ ਪੁਜਿਆ ਜਦੋਂ ਉਨ੍ਹਾਂ ਦੇ ਪਿਤਾ ਸਰਦਾਰ ਫੁੰਮਣ ਸਿੰਘ ਰੰਧਾਵਾ ਪਿਛਲੇ ਦਿਨੀਂ ਪੰਜਾਬ ਵਿਚ ਅਪਣੇ ਪਿੰਡ ਧੰਨੋਵਾਲੀ (ਜਲੰਧਰ) ਵਿਖੇ ਸਦਵੀਂ ਵਿਛੋੜਾ ਦੇ ਗਏ। ਉਨ੍ਹਾਂ ਲੰਮਾ ਸਮਾਂ ਪਿੰਡ ਧੰਨੋਵਾਲੀ ਵਿਖੇ ਗੁਜਾਰਿਆ। ਉਨ੍ਹਾਂ ਪਿੰਡ ਦੇ ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਵਿਚ ਨਿਸਕਾਮ ਸੇਵਾਵਾਂ ਨਿਭਾਈਆਂ ਅਤੇ ਹੋਰ ਵੀ ਸਾਂਝੇ ਕੰਮਾਂ ਵਿਚ ਅੱਗੇ ਹੋ ਕੇ ਕੰਮ ਕੀਤਾ। ਉਹ ਫੋਕੀ ਸੋ ਝੂਠੇ ਵਿਖਾਵੇ ਤੋਂ ਕੁਹਾ ਦੂਰ ਰਹਿਣ ਵਾਲੇ ਜ਼ਿੰਦਾ ਦਿਲੀ ਅਤੇ ਸੰਜੀਦਗੀ ਦਾ ਮੁਜੱਸਮਾ ਸਨ। ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਸਨ ਅਤੇ ਦੂਜੇ ਦਾ ਦੁੱਖ ਆਪਣਾ ਦੁੱਖ ਕਰਕੇ ਜਾਣਦੇ ਸਨ। ਪਿੰਡ ਵਿਚ ਉਨ੍ਹਾਂ ਦਾ ਬਹੁਤ ਸਤਿਕਾਰ ਸੀ। ਉਹ ਅਜੇ ਦੋ ਮਹੀਨੇ ਪਹਿਲਾਂ ਹੀ ਡੈਲਸ ਵਿਖੇ ਆਪਣੇ ਪਰਿਵਾਰ ਨਾਲ ਸਮਾਂ ਬਿਤਾ ਕੇ ਗਏ ਸਨ।

ਸਵਰਗੀ ਫੁੰਮਣ ਸਿੰਘ ਰੰਧਾਵਾ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਪਿੰਡ ਧੰਨੋਵਾਲ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਵੱਡੀ ਗਿਣਤੀ ਚ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਮਿੱਤਰ ਮੌਜੂਦ ਸਨ। ਬਾਅਦ ਵਿਚ ਸਵਰਗੀ ਰੰਧਾਵਾ ਨਮਿਤ ਪਾਠ ਦਾ ਭੋਗ ਪਿਆ। ਵੈਰਾਗਮਈ ਕੀਰਤਨ ਉਪਰੰਤ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਸ੍ਰੀ ਰੰਧਾਵਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਰੰਧਾਵਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਪਰਿਵਾਰ ਨਾਲ ਇੰਡੀਆ ਵਿੱਚ ਸ਼ੋਕ ਪ੍ਰਗਟ ਕਰਨ ਲਈ ਸੰਪਰਕ ਫੋਨ: ਸ਼ੇਰੇ ਪੰਜਾਬ ਸਿੰਘ ਰੰਧਾਵਾ- 9915266161

## ਮਾਨ ਸਿੰਘ ਖ਼ਾਲਸਾ 'ਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਨਫ਼ਰਤੀ ਅਪਰਾਧ ਦੇ ਦੋਸ਼ ਆਇਦ

**ਨਿਊਯਾਰਕ/ਬਿਊਰੋ ਨਿਊਜ਼ :**

ਪਿਛਲੇ ਦਿਨੀਂ 41 ਸਾਲਾ ਅਮਰੀਕੀ-ਸਿੱਖ ਉਤੇ ਹਮਲਾ ਕਰ ਕੇ ਉਸ ਦੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਨਫ਼ਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਗਏ ਹਨ।



ਕੈਲੀਫੋਰਨੀਆ ਵਿੱਚ ਆਈਟੀ ਮਾਹਰ ਮਾਨ ਸਿੰਘ ਖਾਲਸਾ ਨੇ ਕਿਹਾ ਕਿ ਉਸ 'ਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਦੋਸ਼ ਆਇਦ ਹੋਣੇ ਅਮਰੀਕਾ ਵਿੱਚ ਸਿੱਖ ਭਾਈਚਾਰੇ ਖ਼ਿਲਾਫ਼ ਹੋ ਰਹੀ ਹਿੰਸਾ ਵਿਰੁੱਧ ਪਹਿਲਾ ਕਦਮ ਹੈ। ਕੌਂਟਰਾ ਕੋਸਟਾ ਕਾਊਂਟੀ ਜ਼ਿਲ੍ਹਾ ਅਟਾਰਨੀ ਦਫ਼ਤਰ ਵੱਲੋਂ ਹਮਲਾਵਰਾਂ ਖ਼ਿਲਾਫ਼ ਨਫ਼ਰਤੀ ਅਪਰਾਧ ਤਹਿਤ ਦੋਸ਼ ਆਇਦ ਕੀਤੇ ਗਏ। 'ਦਿ ਸਿੱਖ ਕੁਲੀਸ਼ਨ' ਵੱਲੋਂ ਮਾਨ ਸਿੰਘ ਖਾਲਸਾ ਦੇ ਜਾਰੀ ਕੀਤੇ ਬਿਆਨ ਮੁਤਾਬਕ, 'ਹਮਲਾਵਰਾਂ ਨੇ ਹਿੰਸਕ ਢੰਗ ਨਾਲ ਮੇਰੇ ਸਿੱਖ ਅਕੀਦੇ ਨੂੰ ਨਿਸ਼ਾਨਾ ਬਣਾਇਆ ਹੈ। ਮੈਂ ਰਿਚਮੰਡ ਪੁਲੀਸ ਵਿਭਾਗ ਅਤੇ ਕੌਂਟਰਾ ਕੋਸਟਾ ਕਾਊਂਟੀ ਜ਼ਿਲ੍ਹਾ ਅਟਾਰਨੀ ਮਾਰਕ ਪੀਟਰਸਨ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਯਕੀਨੀ ਬਣਾਇਆ ਕਿ ਹਮਲਾਵਰਾਂ ਖ਼ਿਲਾਫ਼ ਨਫ਼ਰਤੀ ਅਪਰਾਧ ਦੇ ਦੋਸ਼ ਆਇਦ ਹੋਣ।' ਦੱਸਣਯੋਗ ਹੈ ਕਿ 25 ਸਤੰਬਰ ਦੀ ਰਾਤ ਨੂੰ ਖਾਲਸਾ ਘਰ ਨੂੰ ਜਾ ਰਿਹਾ ਸੀ ਜਦੋਂ ਕਾਰ ਸਵਾਰ ਵਿਅਕਤੀਆਂ ਨੇ ਉਸ ਦੀ ਕਾਰ ਉਤੇ ਬੀਅਰ ਦੀ ਬੋਤਲ ਸੁੱਟੀ। ਜਦੋਂ ਖ਼ਾਲਸਾ ਨੇ ਉਨ੍ਹਾਂ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਗਾਲੀ-ਗਲੋਚ ਸ਼ੁਰੂ ਕਰ ਦਿੱਤਾ। ਖਾਲਸਾ ਉਥੋਂ ਚਲਾ ਗਿਆ ਪਰ ਹਮਲਾਵਰਾਂ ਨੇ ਉਸ ਨੂੰ ਰਸਤੇ ਵਿੱਚ ਘੇਰ ਲਿਆ ਅਤੇ ਉਸ ਨਾਲ ਕੁੱਟਮਾਰ ਕਰਨ ਤੋਂ ਇਲਾਵਾ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਕੀਤੀ।

## ਜੀਤ ਜਗਜੀਤ ਦਾ ਪਹਿਲਾ ਮਿਊਜ਼ਿਕ ਕਨਸਰਟ 22 ਅਕਤਬੂਰ ਸ਼ਨੀਵਾਰ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼ :**

ਪੰਜਾਬੀ ਲੋਕ ਗਾਇਕ ਜੀਤ ਜਗਜੀਤ ਦਾ ਪਹਿਲਾ ਮਿਊਜ਼ਿਕ ਕਨਸਰਟ 22 ਅਕਤੂਬਰ, ਦਿਨ ਸ਼ਨੀਵਾਰ ਨੂੰ ਸ਼ਾਮ 6:00 ਵਜੇ ਇਥੋਂ ਦੇ Oak High School, 8350 Lots Pkwy, Elk Grove, CA 95757 ਵਿਚ ਹੋਵੇਗਾ। ਇਸ ਤੋਂ ਇਲਾਵਾ 12 ਨਵੰਬਰ ਨੂੰ ਉਨ੍ਹਾਂ ਦਾ ਦੂਸਰਾ ਮਿਊਜ਼ਿਕ ਕਨਸਰਟ ਫਰਿਜ਼ਨੋ ਵਿਚ ਸੈਂਟਰਲ ਹਾਈ ਸਕੂਲ ਈਸਟ ਕੈਂਪਸ, ਪੀ.ਏ. ਸੀ. ਹਾਲ ਵਿਖੇ ਸ਼ਾਮ 6: 00 ਵਜੇ ਹੋਵੇਗਾ, ਜੋ 3535 N. Cornelia Avenue, Fresno, CA 93722 ਵਿਚ ਸਥਿਤ ਹੈ। ਪ੍ਰੋਗਰਾਮ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸ. ਮਨਗੀਤ ਸਿੰਘ ਲੱਧੜ ਨਾਲ 559-770-7785 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਿੱਖ ਕਤਲੇਆਮ ਦੇ ਮੁਲਜ਼ਮ ਸੱਜਣ ਕੁਮਾਰ ਨੂੰ ਜੱਜ ਨੇ ਪਾਈ ਝਾੜ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਹ 'ਵਿਲੱਖਣ' ਦਿਨ ਹੋਵੇਗਾ ਜਦੋਂ ਪਟੀਸ਼ਨਰ ਫ਼ੈਸਲਾ ਲੈਣਗੇ ਕਿ ਉਨ੍ਹਾਂ ਦੇ ਕੇਸ ਉਤੇ ਕਿਹੜਾ ਜੱਜ ਸੁਣਵਾਈ ਕਰੇਗਾ। ਕਾਂਗਰਸੀ ਆਗੂ ਤੇ ਹੋਰਾਂ ਵੱਲੋਂ ਡਿਵੀਜ਼ਨ ਬੈਂਚ ਦੇ ਇਕ ਜੱਜ ਉਤੇ ਪੱਖਪਾਤੀ ਹੋਣ ਦੇ ਦੋਸ਼ ਲਗਾ ਕੇ 1984 ਦੇ ਸਿੱਖ ਕਤਲੇਆਮ ਸਬੰਧੀ ਕੇਸ ਨੂੰ ਤਬਦੀਲ ਕਰਨ ਲਈ ਪਾਈ ਅਪੀਲ ਉਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਗੱਲ ਕਹੀ। ਜਸਟਿਸ ਪੀ.ਐਸ. ਤੇਜੀ ਅਤੇ ਜਸਟਿਸ ਗੀਤਾ ਮਿੱਤਲ ਦੇ ਬੈਂਚ ਨੇ ਕਿਹਾ, 'ਉਹ ਇਤਿਹਾਸ ਵਿੱਚ ਨਿਰਾਲਾ ਦਿਨ ਹੋਵੇਗਾ ਜਦੋਂ ਕਿਸੇ ਕੇਸ ਨਾਲ ਸਬੰਧਤ ਧਿਰਾਂ ਫ਼ੈਸਲਾ ਕਰਨਗੀਆਂ ਕਿ ਕਿਹੜਾ ਜੱਜ ਉਨ੍ਹਾਂ ਦੇ ਕੇਸ ਉਤੇ ਸੁਣਵਾਈ ਕਰੇਗਾ।' ਬੈਂਚ ਨੇ ਕਿਹਾ ਕਿ ਉਹ 1984 ਦੇ ਕਤਲੇਆਮ ਤੋਂ ਵੀ ਪਹਿਲਾਂ ਦੇ ਕੇਸਾਂ ਉਤੇ ਸੁਣਵਾਈ ਕਰਨ ਲਈ ਸੰਘਰਸ਼ ਕਰ



ਰਹੇ ਹਨ ਤਾਂ ਜੋ ਇਨਸਾਫ਼ ਦੀ ਉਡੀਕ ਵਿੱਚ ਬੈਠੇ ਲੋਕਾਂ ਨੂੰ ਹੋਰ ਇੰਤਜ਼ਾਰ ਨਾ ਕਰਨਾ ਪਵੇ। ਇਸ ਬੈਂਚ ਵੱਲੋਂ 1987 ਹਾਸ਼ਿਮਪੁਰਾ ਕਤਲੇਆਮ ਉਤੇ ਵੀ ਸੁਣਵਾਈ ਕੀਤੀ ਜਾ ਰਹੀ ਹੈ। ਅਦਾਲਤ ਨੇ ਕਿਹਾ, 'ਅੱਜ ਕੱਲ੍ਹ ਹਰੇਕ ਮੁਸ਼ਕਲ ਕੇਸ ਵਿੱਚ ਅਜਿਹੀਆਂ ਅਰਜ਼ੀਆਂ ਦਾਖ਼ਲ ਕੀਤੀਆਂ ਜਾਂਦੀਆਂ ਹਨ ਪਰ ਪਟੀਸ਼ਨਰ ਇਸ ਗੱਲ ਨੂੰ ਨਹੀਂ ਸਮਝਦੇ ਕਿ ਅਜਿਹੀਆਂ ਕਾਰਵਾਈਆਂ ਨਾਲ ਅਦਾਲਤਾਂ ਦਾ ਕਿੰਨਾ ਸਮਾਂ ਖ਼ਰਾਬ ਹੁੰਦਾ ਹੈ।' ਸੱਜਣ ਕੁਮਾਰ ਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਵੱਲੋਂ ਜਸਟਿਸ ਪੀਐਸ ਤੇਜੀ ਉਤੇ ਪੱਖਪਾਤੀ ਹੋਣ ਦੇ ਦੋਸ਼ ਲਾਉਣ ਵਾਲੀ ਅਪੀਲ ਦਾ ਵਿਰੋਧ ਕਰਦਿਆਂ ਪੀੜਤ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਐਚ ਐਸ ਫੂਲਕਾ ਨੇ ਕਿਹਾ ਕਿ ਅਦਾਲਤ ਨੂੰ ਅਜਿਹੇ ਦੋਸ਼ਾਂ ਉਤੇ ਸੁਣਵਾਈ ਨਹੀਂ ਕਰਨੀ ਚਾਹੀਦੀ।

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'ਰੇਡੀਓ ਪੰਜਾਬ' ਬੁੱਧਵਾਰ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ
ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



PMZ
REAL ESTATE
SINCE 1957
MLS







ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ
ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635



ਰਾਜਿੰਦਰ ਸਿੰਘ
www.rsingh.pmz.com
3516 Deer Park Dr., Suit A
Stockton, CA 95219

Hassle Free Buying and Selling!
Real EstateWe can Help to Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



Kulwinder Kaur K.D.
Cell 916-212-0123
e-mail kdkaur9@yahoo.com

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਵਾਹ ਨੀਂ ਬਾਦਲ ਸਰਕਾਰੇ !!!

ਵਾਹ ਨੀਂ ਬਾਦਲ ਸਰਕਾਰੇ...'ਅਪਣਿਆਂ ਨੂੰ ਚੋਪੜੇ ਪਰੌਂਠੇ ਤੇ ਗ਼ਰੀਬਾਂ ਨੂੰ ਡੰਡੇ ਮਾਰੇ। ਵਿਰੋਧੀ ਧਿਰ ਕਾਂਗਰਸ ਤਾਂ ਭਲਾ ਕੁਰਸੀ ਦੀ ਲੜਾਈ ਲੜ ਰਹੀ ਐ...ਦਸ ਸਾਲ ਹੋ'ਗੇ...ਪਿਛਲੀ ਵਾਰ ਵੀ ਕੁਰਸੀ ਦੀਆਂ ਲੱਤਾਂ ਨੂੰ ਹੱਥ ਪਾਈ ਬੈਠੇ ਸੀ...ਬਹਿ ਫੇਰ ਬਾਦਲ ਸਾਹਿਬ ਗਏ...। ਇਸ ਵਾਰ ਤਾਂ ਪੂਰਾ ਟਿੱਲ ਲਾ ਰਹੀ ਐ...ਮੁੱਦਾ...ਮੁੱਦਿਆਂ ਦੀ ਤਾਂ ਜੀ ਕੋਈ ਕਮੀ ਨਹੀਂ...ਬਾਕੀ ਛੱਡੋ, ਆਹ ਚਿੱਟਾ ਈ ਬਥੇਰਾ ਪੜਥੂ ਪਾਈ ਜਾਂਦੈ...। ਲੁਧਿਆਣੇ 'ਚ ਕਾਂਗਰਸੀ ਬਹਿ ਗਏ ਚਿੱਟਾ ਰਾਵਣ ਫੂਕਣ...ਅਕਾਲੀਆਂ ਦੀ ਅਣਖ ਨੂੰ ਸਿੱਧਾ ਹੱਥ ਪਾ ਦਿੱਤਾ ਜੀ ਇਨਾਂ ਨੇ...ਲਓ ਹੋ ਗਿਆ ਘਮਸਾਨ ਯੁੱਧ... ਚੱਲਣ ਦੇ ਡਾਂਗਾ...ਜਿੱਥੇ ਪੈਂਦੀਆਂ ਪੈਣਦੇ...ਅੱਧੇ ਕਾਂਗਰਸ ਡੱਕਤੇ ਥਾਣੇ...ਡੱਕਣੇ ਹੀ ਸੀ...ਜਦ ਸਰਕਾਰ ਬਾਦਲ ਸਾਹਿਬ ਦੀ ਐ...। ਕਾਂਗਰਸੀਆਂ ਨੂੰ ਹੋਰ ਤੱਤਾ ਮੁੱਦਾ ਮਿਲ ਗਿਐ...ਬਾਦਲ ਦੇ ਘਰ ਮੂਹਰੇ ਜਾ ਡੇਰੇ ਲਾਏ...। ਬਾਦਲ ਸਾਹਿਬ ਨੇ ਵੀ ਪੂਰੀ ਮਹਿਮਾਨਨਵਾਜ਼ੀ ਕੀਤੀ...ਗਰਮਾ-ਗਰਮ ਪਰੌਂਠੇ...ਚਾਰ ਦਾ ਲੰਗਰ ਤਿਆਰ ਬਰ ਤਿਆਰ ਮਿਲਿਆ। ਨਾਲੇ ਬਾਦਲ ਸਾਹਿਬ ਹੱਥ ਜੋੜ ਕੇ ਖੜੇ-ਭਲੇਓ ਲੋਕੋ...ਤੁਸੀਂ ਮੇਰਾ ਪੁਤਲਾ ਫੂਕ ਲੋ...ਲੜਦੇ ਕਾਹਤੇ ਆਂ।

ਹੁਣ ਬਾਦਲ ਸਾਹਿਬ ਨੂੰ ਭਲਾ ਕੌਣ ਪੁੱਛੇ ਕਿ ਚਿੱਟੇ ਦਾ ਪੁਤਲਾ ਸਾੜਨ 'ਚ ਕਾਹਦੀ ਤਕਲੀਫ਼ ਸੀ...ਇਹ ਚਿੱਟਾ ਕੋਈ ਖ਼ਾਸ ਆ...ਜਿਹਦਾ ਅਪਮਾਨ ਸਹਿ ਨਹੀਂ ਹੋਇਆ। ਉਂਜ ਬਾਦਲ ਦੀ ਕੋਠੀ ਮੂਹਰੇ ਗ਼ਰੀਬੜਿਆਂ ਦੇ ਧਰਨੇ ਵੀ ਲੱਗੇ ਐ...ਉਨਾਂ ਲਈ ਤਾਂ ਚਾਹ-ਪਕੌੜੇ ਆਏ ਨਹੀਂ...। ਆਹ ਰੋਟੀ ਮੰਗਦੇ ਸੁਵਿਧਾ ਸੈਂਟਰ ਵਾਲਿਆਂ ਨੂੰ ਤਾਂ ਛੱਲੀਆਂ ਵਾਂਗ ਕੁੱਟ ਧਰਿਆ। ਇਥੋਂ ਪਤਾ ਲਗਦੈ ਆਪਣਾ ਕੌਣ, ਪਰਾਇਆ ਕੌਣ। ਖ਼ੈਰ! ਬਾਦਲ ਸਾਹਿਬ ਨੇ ਤਾਂ ਜੋ ਕੀਤੀ, ਸੋ ਕੀਤੀ। ਕਾਂਗਰਸੀਆਂ ਦੀ ਵੀ ਸੁਣ ਲਓ। ਦੋ ਦਿਨ ਧਰਨਾ ਦੇਣ ਦਾ ਡਰਾਮਾ ਕੀਤਾ, ਤੀਜੇ ਦਿਨ ਪੁਲੀਸ ਅਧਿਕਾਰੀ ਦੀ ਬਦਲੀ ਹੁੰਦਿਆਂ ਈ, ਧਰਨਾ ਖ਼ਤਮ। ਮੁੱਦਾ ਤਾਂ ਚਿੱਟੇ ਦਾ ਸੀ...ਅਧਿਕਾਰੀ ਦੀ ਬਦਲੀ ਨਾਲ ਈ ਰੋਸਾ ਖ਼ਤਮ। ਇਕ ਸੀਨੀਅਰ ਕਾਂਗਰਸੀ ਤਾਂ ਵਿਚਾਰਾ ਰੌਲਾ ਪਾਉਂਦਾ ਰਹਿ ਗਿਆ-ਪਤੰਦਰੋ, ਥੋਡੇ ਕਾਰਕੁਨਾਂ ਖ਼ਿਲਾਫ਼ ਤਾਂ ਸੰਗੀਨ ਧਾਰਾਵਾਂ ਵਾਲੇ ਪਰਚੇ ਹੋਏ ਨੇ...ਉਹ ਤਾਂ ਜੇਲਾਂ ਵਿਚ ਬੈਠੇ ਨੇ ਤੇ ਤੁਸੀਂ ਧਰਨਾ ਚੁੱਕੀ ਜਾਨੇ ਓਂ...ਓਹ ਕੁਸ਼ ਤਾਂ ਅਕਲ ਕਰੋ। ਹੁਣ ਇਸ ਆਗੂ ਨੂੰ ਕੀ ਦੱਸੀਏ, ਬਈ ਸਿਆਸਤ ਵਿਚ ਸਿਆਣਿਆਂ ਦੇ ਓਲੇ ਕੋਈ ਨਹੀਂ ਖਾਂਦਾ...ਕਿਉਂਕਿ ਵਿਰੋਧੀਆਂ ਦੇ ਮਲਾਈਦਾਰ ਤੱਤੇ ਤੱਤੇ ਪਰੌਂਠੇ ਲੋਕਾਂ ਨੂੰ ਬੁੱਧੂ ਬਣਾਉਣ ਦੇ ਕੰਮ ਆਉਂਦੇ ਆ!!



### ਮੈਂ ਤਾਂ ਹਿੰਦੂਆਂ ਦਾ ਫੈਨ ਆਂ : ਟਰੰਪ




## ਛਾਤੀ ਪਿੱਟਣ 'ਚ ਕਾਹਦੀ ਸੰਗ !!

ਸਰਜੀਕਲ ਸਟਰਾਈਕ ਮੋਦੀ ਸਰਕਾਰ ਦਾ ਅਜਿਹਾ ਜਿੰਨ ਹੈ ਜੋ ਆਪਣੇ ਆਕਾ ਮੁਤਾਬਕ ਸ਼ਕਲੋ-ਸੂਰਤ ਬਦਲ ਰਿਹੈ ਪਰ ਤੁਹਾਨੂੰ ਗੁੱਸਾ ਕਿਉਂ ਆ ਰਿਹੈ। ਅਗਲੇ ਦਾ ਜਿੰਨ ਐ...ਜੋ ਮਰਜ਼ੀ ਕਰੇ। ਜੇ ਤੁਸੀਂ ਕੁਝ ਬੋਲੇ ਤਾਂ ਖ਼ਬਰਦਾਰ ...ਇਹ ਸਾਡੀ ਫ਼ੌਜ ਦਾ ਅਪਮਾਨ ਹੋਵੇਗਾ... ਭਾਰਤ ਦਾ ਅਪਮਾਨ ਹੋਵੇਗਾ...ਰਾਸ਼ਟਰ ਵਿਰੋਧੀ ਗੱਲਾਂ ਨਾ ਕਰੋ ਤੁਸੀਂ...ਤੁਹਾਨੂੰ ਬੋਲਣ ਦਾ ਹੱਕ ਭਲਾ ਕਿਹਨੇ ਦਿੱਤਾ। ਇਕ 'ਜਿੰਨ' ਮਨੋਹਰ ਪਰੀਕਰ ਨਿਤ ਮੋਦੀ ਸਰਕਾਰ ਦਾ ਗੁਣਗਾਣ ਕਰ ਰਿਹੈ, ਅਖੇ-ਸਰਜੀਕਲ ਸਟਰਾਈਕ ਕਰਨ ਲਈ ਮੋਦੀ ਵਰਗੀ ਚੋੜੀ ਛਾਤੀ ਚਾਹੀਦੀ ਐ...ਇਹ ਤਾਂ ਮੋਦੀ ਜੀ ਹੀ ਸਨ ਜਿਨਾਂ ਨੇ ਏਡਾ ਵੱਡਾ ਫ਼ੈਸਲਾ ਲਿਆ...ਨਾਲੇ ਇਹਦੇ ਪਿਛੇ ਸੰਘ ਪਰਿਵਾਰ ਸ਼ਾਮਲ ਦੀ ਸਿੱਖਿਆ ਐ ਜੀ...ਜੇ ਉਹ ਨਾ ਉਕਸਾਉਂਦੀ ਤਾਂ ਮੋਦੀ ਜੀ ਨੇ ਵੀ 'ਕੱਲਿਆਂ ਏਨੀ ਹਿੰਮਤ ਕਿਵੇਂ ਕਰਨੀ ਸੀ...। ਭਾਈ ਗੱਲ ਤਾਂ ਥੋਡੀ ਠੀਕ ਆ ਪਰ ਲਗਦੈ ਭਾਰਤੀ ਫ਼ੌਜ ਤਾਂ ਛੁਣਛੁਣਾ ਲੈ ਕੇ ਬੈਠੀ ਐ...ਬਈ ਜਦੋਂ ਮੋਦੀ ਜੀ ਦਾ ਤੇ ਸੰਘ ਪਰਿਵਾਰ ਦਾ ਹੁਕਮ ਹੋਊ ਤਾਂ ਸਰਹੱਦ ਪਾਰ ਕਰਕੇ ਹਮਲਾ ਕਰ ਆਵਾਂਗੇ...ਸਾਡੇ ਵਿਚ ਏਨਾ ਦਮ ਕਿੱਥੇ ?!!




ਨਈਂ...ਨਈਂ...ਤੁਸੀਂ ਗ਼ਲਤ ਸੁਣਦੇ ਓ, ਗ਼ਲਤ ਬੋਲਦੇ, ਗ਼ਲਤ ਸਮਝਦੇ ਓ...ਜੇ ਮੋਦੀ ਤੇ ਸੰਘ ਆਪਣੀ ਛਾਤੀ ਠੋਕਦੇ ਆ ਤਾਂ ਉਹ ਫ਼ੌਜ ਦਾ ਅਪਮਾਨ ਨਹੀਂ ਕਰਦੇ, ਇਹ ਤਾਂ ਵਿਰੋਧੀਆਂ ਨੂੰ ਐਵੇਂ ਬੋਲਣ ਦੀ ਆਦਤ ਐ...ਕਿ ਸਰਜੀਕਲ ਸਟਰਾਈਕ ਹੋਇਆ ਈ ਨਹੀਂ...। ਜ਼ਰਾ ਪਰੀਕਰ ਸਾਹਿਬ ਨੂੰ ਪੁਛ ਕੇ ਦੇਖੋ! ਇੰਜ ਰੋਜ਼ ਉੱਚੀ ਉੱਚੀ ਸੰਘ ਪਾੜ ਕੇ ਦੱਸ ਰਹੇ ਨੇ ਜਿਵੇਂ ਫ਼ੌਜ ਨਹੀਂ...ਉਹੀ ਸਰਹੱਦ ਪਾਰ ਕਰਕੇ ਸਰਜੀਕਲ ਹਮਲੇ ਕਰਕੇ ਆਏ ਹੋਣ। ਮੋਦੀ, ਪਰੀਕਰ, ਸੰਘ ਸਾਰੇ 'ਸੰਗ-ਸੰਗ' ਫੇਰ ਭਲਾ ਛਾਤੀ ਪਿੱਟਣ ਵਿਚ ਕਾਹਦੀ 'ਸੰਗ'!!!

## ਪਤੰਜਲੀ ਪਟਾਕੇ !!!



ਖ਼ਬਰਦਾਰ ਜੇ ਤੁਸੀਂ ਚੀਨੀ ਪਟਾਕਿਆਂ ਦਾ ਨਾਂ ਵੀ ਲਿਆ। ਤੁਸੀਂ ਸ਼ੁੱਧ ਭਾਰਤੀ ਹੋ...ਚੀਨੀ ਪਟਾਕੇ ਵਜਾ ਕੇ ਦੇਸ਼ ਨਾਲ ਗ਼ੱਦਾਰੀ ਕਰਦੇ ਹੋ...ਸ਼ਰਮ ਕਰੋ...। ਖਾਓ ਕਸਮ ਕਿ ਤੁਸੀਂ ਇਸ ਵਾਰ ਸਿਰਫ਼ ਦੇਸ਼ ਵਿਚ ਬਣੇ ਪਟਾਕੇ ਹੀ ਵਜਾਓਗੇ...ਚੀਨ ਨੂੰ ਠੁੱਸ ਕਰੋਗੇ...।

"ਇਹੋ ਜਿਹਾ ਕੀ ਹੋ ਗਿਆ ਜਨਾਬ ?"

ਲਓ! ਥੋਨੂੰ ਨਹੀਂ ਪਤਾ...ਆਹ ਚੀਨ ਸਾਡੇ 'ਦੁਸ਼ਮਣ ਗਵਾਂਢੀ' ਪਾਕਿਸਤਾਨ ਨਾਲ ਜਾ ਕੇ ਰਲ਼ ਗਿਐ... ਬਾਈਕਾਟ ਕਰੋ ਇਹਦਾ।

"ਜੀ, ਚੀਨ ਦੇ ਪਟਾਕੇ ਸਸਤੇ ਆ...ਆਹ ਭਾਰਤ ਦੇ ਮਹਿੰਗੇ..."

ਸਸਤੇ-ਸੁਸਤੇ ਨੂੰ ਮਾਰੋ ਗੋਲੀ...ਤੁਸੀਂ ਦੇਸ਼ ਨਾਲ ਗ਼ੱਦਾਰੀ ਨਹੀਂ ਕਰ ਸਕਦੇ। ਮੋਦੀ ਜੀ ਨੇ ਆਪਣੀ ਜਾਨ ਜੋਖ਼ਮ 'ਚ ਪਾ ਕੇ ਸਰਜੀਕਲ ਸਟਰਾਈਕ ਕੀਤੇ ਆ, ਤੁਸੀਂ ਦੁਸ਼ਮਣ ਦੇ ਸਾਥੀ ਦਾ ਸਾਥ ਦਿਓਂਗੇ... ਸ਼ਰਮ ਨਹੀਂ ਆਉਂਦੀ ਤੁਹਾਨੂੰ ਭਲਾ ?

"ਪਰ ਜਨਾਬ...ਆਹ ਗੁਜਰਾਤ ਵਿਚ ਮੋਦੀ ਜੀ ਜਿਹੜਾ ਸਰਦਾਰ ਪਟੇਲ ਦਾ ਉੱਚਾ ਲੰਬਾ ਲੱਖਾਂ ਰੁਪਏ ਦਾ ਬੁੱਤ ਬਣਾ ਰਹੇ ਨੇ, ਉਹ ਵੀ ਤਾਂ ਚੀਨ ਤਿਆਰ ਕਰ ਰਿਹੈ...ਨਾਲੇ ਚੀਨ ਨਾਲ ਪੂਰਾ ਇੰਪੋਰਟ-ਐਕਸਪੋਰਟ ਦਾ ਕਾਰੋਬਾਰ ਹੋ ਰਿਹੈ...ਸਰਕਾਰ ਦੀ ਮਨਜ਼ੂਰੀ ਨਾਲ ਈ ਮਾਲ ਭਾਰਤ ਪੁੱਜਦਾ ਐ... ਸਿੱਧਾ ਇਹੀ ਬੰਦ ਕਰ ਦਿਓ...। ਵੱਡੇ ਕਾਰੋਬਾਰੀਆਂ ਨੇ ਚੀਨ ਦਾ ਮਾਲ ਚੁੱਕ ਕੇ ਮੇਰੇ ਵਰਗੇ ਮਾਤੜ ਦੁਕਾਨਦਾਰਾਂ ਕੋਲ ਸੁੱਟ ਦਿੱਤਾ, ਜਿਨਾਂ ਮਾੜਾ-ਮੋਟਾ ਤਿਓਹਾਰਾਂ ਦਾ ਖੱਟਣਾ ਸੀ...। ਹੁਣ ਉਹ ਵਿਚਾਰੇ ਕਿੱਥੇ ਜਾਣ ?"

ਨਾ...ਨਾ...ਇਹ ਹੁਕਮ ਸਿਰਫ਼ ਥੋਡੇ ਲਈ ਐ...ਜੇ ਤੁਸੀਂ ਦੇਸ਼ ਦਾ ਬਣਿਆ ਮਾਲ ਨਹੀਂ ਖਰੀਦੋਗੇ ਤਾਂ ਇਨਾਂ ਦੇਸੀ ਬਾਬਿਆਂ ਦੇ ਅਰਬਾਂ-ਖਰਬਾਂ ਰੁਪਏ ਦੇ ਵਪਾਰ ਦਾ ਕੀ ਬਣੂ ? ਉਹ ਵਿਚਾਰੇ ਲੁੱਟੇ ਜਾਣਗੇ!! ਤੁਸੀਂ ਜ਼ਰਾ ਰਾਸ਼ਟਰਵਾਦ, ਰਾਸ਼ਟਰਵਾਦ ਦਾ ਨਾਅਰਾ ਮਾਰੋ...ਮੈਂ ਬਾਬਾ ਰਾਮਦੇਵ ਨੂੰ ਸਲਾਹ ਦੇ ਆਵਾਂ-ਬਈ ਮੰਡੀ 'ਚ ਥਾਂ ਖਾਲੀ ਐ...ਜ਼ਰਾ ਪਤੰਜਲੀ ਪਟਾਕਾ ਛੱਡ ਦੇ...ਤੇਰੇ ਵਾਰੇ-ਨਿਆਰੇ!!!

## ਡੰਡਿਆਂ ਦੀ ਸੇਵਾ ਦਾ ਸਨਮਾਨ !!




ਲਓ ਅਕਾਲੀ-ਕਾਂਗਰਸੀਆਂ ਦੀ ਲੜਾਈ ਦਾ ਇਕ ਹੋਰ ਕਿੱਸਾ ਵੀ ਸੁਣਦੇ ਜਾਓ। ਜਦੋਂ ਆ ਲੜਾਈ ਚੱਲ ਰਹੀ ਸੀ ਤੇ ਪੁਲੀਸ ਨੇ ਕਾਂਗਰਸੀਆਂ ਨੂੰ ਥਾਣੇ ਡੱਕ ਦਿੱਤਾ ਤਾਂ ਰਵਣੀਤ ਬਿੱਟੂ ਪਹੁੰਚ ਗਏ ਥਾਣੇ ਤੇ ਬੋਰਡ 'ਤੇ 'ਪਰਾਊਡ ਟੂ ਬੀ ਅਕਾਲੀ' ਦਾ ਸਟਿੱਕਰ ਲਾ ਦਿੱਤਾ। ਹਾਸਾ ਤਾਂ ਉਦੋਂ ਪਿਆ ਜਦੋਂ ਕਾਂਗਰਸੀਆਂ ਨੇ ਦਾਖਾ ਦੇ ਡੀ.ਐਸ.ਪੀ. ਅਜੈਰਾਜ ਸਿੰਘ ਨੂੰ ਹੀ ਲਪੇਟੇ ਵਿਚ ਲੈ ਲਿਆ। ਹੋਇਆ ਇੰਜ ਕਿ ਕਾਂਗਰਸੀਆਂ ਨੇ ਅਜੈਰਾਜ ਸਿੰਘ ਨੂੰ ਠੁੰਮਣਾ ਦਿੱਤਾ-ਜੀ ਥੋਡਾ ਸਨਮਾਨ ਕਰਨੈ। ਅਜੈਰਾਜ ਸਿੰਘ ਖ਼ੁਸ਼ ਹੋ ਗਿਆ-ਬਈ ਸਾਡਾ ਵੀ ਸਨਮਾਨ ਹੋਣ ਲੱਗੈ...। ਕਾਂਗਰਸੀਆਂ ਨੇ ਲੋਈ ਕੱਢ ਕੇ ਅਜੈਰਾਜ ਸਿੰਘ ਦੇ ਗਲ਼ ਪਾ ਦਿੱਤੀ...ਫ਼ੋਟੋਆਂ ਲਹਾਈਆਂ...ਅਜੈਰਾਜ ਸਿੰਘ ਬਾਗੋ-ਬਾਗ। ਸੋਸ਼ਲ ਮੀਡੀਏ 'ਤੇ ਫੋਟੋਆਂ ਪੈ ਗਈਆਂ..."ਓ ਤੇਰੀ ਦੀ ਆਹ ਕੀ ਹੋ ਗਿਆ!!!" ਅਜੈਰਾਜ ਸਿੰਘ ਹੱਕਾ ਬੱਕਾ...ਗਲ਼ ਜਿਹੜੀ ਲੋਈ ਪਾਈ ਸੀ, ਉਹਤੇ 'ਪਰਾਊਡ ਟੂ ਬੀ ਅਕਾਲੀ' ਦੇ ਸਟਿੱਕਰ। ਚਾਰੇ ਪਾਸੇ ਮੌਜੂ ਬਣ ਗਿਆ। ਵਿਚਾਰਾ ਮੱਥਾ ਫੜ ਕੇ ਪਿੱਟੇ...। ਆਪਣੇ ਅਫ਼ਸਰਾਂ ਕੋਲ ਸ਼ਿਕਾਇਤਾਂ ਕਰੇ...ਹੁਣ ਕੀ ਹੋ ਸਕਦਾ ਸੀ...ਬਾਦਲਾਂ ਦੀ 'ਰਾਜ ਨਹੀਂ ਡੰਡਿਆਂ ਵਾਲੀ ਸੇਵਾ' ਦਾ ਸਨਮਾਨ ਹੋ ਚੁੱਕਾ ਸੀ।

# ਹੁਣ ਕਿਤਾਬਾਂ ਰਾਹੀਂ ਬਾਦਲ ਸਰਕਾਰ ਦੀਆਂ ਪ੍ਰਾਪਤੀਆਂ ਦਾ ਹੋਵੇਗਾ ਪ੍ਰਚਾਰ, ਵਿਰੋਧੀ ਧਿਰਾਂ ਵਲੋਂ ਫੰਡਾਂ ਦੀ ਦੁਰਵਰਤੋਂ ਦਾ ਦੋਸ਼

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਪੰਜਾਬ ਵਿੱਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ 107 ਪੰਨਿਆਂ ਦੀ ਪ੍ਰਚਾਰ ਪੁਸਤਕ ਛਪਵਾ ਕੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੰਡਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹੁਕਮਰਾਨਾਂ ਨੇ ਰਾਜ ਦੇ ਸਮੂਹ ਸ਼ਹਿਰਾਂ ਅਤੇ ਛੋਟੇ ਕਸਬਿਆਂ ਵਿੱਚ ਹਰੇਕ ਮਿਊਂਸਿਪਲ ਕੌਂਸਲਰ ਨੂੰ ਆਪਣੇ ਵਾਰਡਾਂ ਵਿੱਚ ਵੰਡਣ ਲਈ 500-500 ਕਿਤਾਬਾਂ ਦਿੱਤੀਆਂ ਹਨ। ਇੰਝ ਹੀ ਪਿੰਡਾਂ ਵਿੱਚ ਅਕਾਲੀ ਪੱਖੀ ਸਰਪੰਚਾਂ ਅਤੇ ਵਰਕਰਾਂ ਨੂੰ ਹਰੇਕ ਘਰ ਵਿੱਚ ਕਿਤਾਬ ਪੁੱਜਦੀ ਕਰਨ ਲਈ ਆਖਿਆ ਗਿਆ ਹੈ। ਅਕਾਲੀ-ਭਾਜਪਾ ਸਰਕਾਰ ਦੇ '9 ਸਾਲ ਪੰਜਾਬ ਵਿਚ ਵਿਕਾਸ ਦੇ' ਟਾਈਟਲ ਨਾਲ ਪ੍ਰਕਾਸ਼ਤ ਇਸ ਕਿਤਾਬ ਦੇ ਮੁੱਖ ਪੰਨੇ 'ਤੇ ਹੇਠਲੇ ਪਾਸੇ ਇੱਕ ਕੋਨੇ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਫੋਟੋਆਂ ਛਾਪੀਆਂ ਗਈਆਂ ਹਨ ਅਤੇ ਅਖੀਰਲੇ ਪੰਨੇ 'ਤੇ ਵੀ ਮੁੱਖ ਮੰਤਰੀ ਦੀ ਸੰਗਤ ਦਰਸ਼ਨ ਪ੍ਰੋਗਰਾਮ ਦੀ ਗਰੁੱਪ ਫੋਟੋ ਛਾਪੀ ਗਈ ਹੈ ਜਦੋਂਕਿ ਭਾਈਵਾਲ ਪਾਰਟੀ ਭਾਜਪਾ ਨੂੰ ਅਣਡਿੱਠ ਕੀਤਾ ਗਿਆ ਹੈ। ਹਾਲਾਂਕਿ ਕਿਤਾਬ ਦੇ ਕੁਝ ਅੰਦਰਲੇ ਪੰਨਿਆਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਈ ਹੋਰ ਆਗੂਆਂ ਦੇ ਕਿਤੇ-ਕਿਤੇ ਚਿਹਰੇ ਜ਼ਰੂਰ ਦਿਖਾਏ ਗਏ ਹਨ ਪ੍ਰੰਤੂ ਜ਼ਿਆਦਾਤਰ ਪ੍ਰਚਾਰ ਅਕਾਲੀ ਦਲ ਦੇ ਹੀ ਹੱਕ ਵਿੱਚ ਹੈ। ਇਸ ਮਾਮਲੇ ਵਿੱਚ ਪੰਜਾਬ ਕਾਂਗਰਸ ਅਤੇ 'ਆਪ' ਨੇ ਸੂਬੇ ਦੀ ਅਕਾਲੀ-ਭਾਜਪਾ ਸਰਕਾਰ 'ਤੇ ਵਰ੍ਹਦਿਆਂ ਸਰਕਾਰੀ ਫੰਡਾਂ ਅਤੇ ਮਸ਼ੀਨਰੀ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ ਹੈ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਚਰਨਜੀਤ ਸਿੰਘ ਚੰਨੀ, ਮੁਹਾਲੀ ਤੋਂ ਕਾਂਗਰਸ ਵਿਧਾਇਕ ਬਲਬੀਰ ਸਿੰਘ ਸਿੱਧੂ, ਖਰੜ ਦੇ ਵਿਧਾਇਕ ਜਗਮੋਹਨ ਸਿੰਘ ਕੰਗ ਅਤੇ ਪ੍ਰਦੇਸ਼ ਕਾਂਗਰਸ ਦੀ ਜਨਰਲ ਸਕੱਤਰ ਬੀਬੀ ਲਖਵਿੰਦਰ ਕੌਰ ਗਰਚਾ ਨੇ ਹੁਕਮਰਾਨਾਂ ਵੱਲੋਂ ਪ੍ਰਚਾਰ ਕਰਨ ਲਈ ਨਿਰਾਸ਼ਾਪੂਰਨ ਤੇ ਘਟੀਆ ਤਰੀਕੇ ਅਪਣਾਏ ਜਾਣ ਦੀ ਨਿੰਦਾ ਕੀਤੀ ਹੈ। 'ਆਪ' ਦੇ ਜ਼ੋਨਲ ਕਨਵੀਨਰ ਦਰਸ਼ਨ ਸਿੰਘ ਧਾਲੀਵਾਲ, ਸੀਨੀਅਰ ਆਗੂ ਹਰਮਿੰਦਰ ਸਿੰਘ ਮਾਵੀ ਅਤੇ ਯੂਥ ਵਿੰਗ ਦੇ ਬਲਾਕ ਪ੍ਰਧਾਨ ਜਗਦੇਵ ਸਿੰਘ ਮਲੋਆ ਨੇ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਸਪਸ਼ਟ ਕਰਦੀਆਂ ਹਨ ਕਿ ਅਕਾਲੀ ਦਲ ਦੁਬਾਰਾ ਸੱਤਾ ਵਿੱਚ ਆਉਣ ਦੀ ਆਖ਼ਰੀ ਉਮੀਦ ਵੀ ਗੁਆ ਚੁੱਕਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਪਬਲੀਸਿਟੀ ਕਿਤਾਬਾਂ ਵੰਡਣ ਲਈ ਸਕੂਲਾਂ ਦੇ ਅਧਿਆਪਕਾਂ ਦੀ ਡਿਊਟੀ ਲਗਾ ਦਿੱਤੀ ਹੈ, ਜਿਸ ਕਾਰਨ ਸਕੂਲਾਂ ਵਿੱਚ ਪੜ੍ਹਾਈ ਪ੍ਰਭਾਵਤ ਹੋ ਰਹੀ ਹੈ।

# ਕੈਪਟਨ ਦੀ ਕਿਸਾਨ ਯਾਤਰਾ

## ਪੰਜਾਬ ਚੋਣਾਂ ਦੌਰਾਨ ਇਸ ਵਾਰ ਹੋਵੇਗੀ ਹਿੰਸਾ : ਅਮਰਿੰਦਰ ਸਿੰਘ




**ਜ਼ੀ-ਪਲੱਸ ਸੁਰੱਖਿਆ ਵਾਲੀ ਖ਼ਾਸ ਤੌਰ 'ਤੇ ਤਿਆਰ ਕੀਤੀ ਗਈ 7 ਸੀਟਾਂ ਵਾਲੀ ਕਿਸਾਨ ਬੱਸ, ਹਾਈਡਰੋਲਿਕ ਪਲੇਟਫਾਰਮ ਜਿਸ 'ਤੇ ਖੜ੍ਹੇ ਹੋ ਕੇ ਕੈਪਟਨ ਅਮਰਿੰਦਰ ਸਿੰਘ ਲੋਕਾਂ ਨੂੰ ਸੰਬੋਧਨ ਕਰਦੇ ਹਨ। ਇਹ ਬੱਸ ਕਿਸਾਨੀ ਮਸਲਿਆਂ ਨੂੰ ਲੈ ਕੇ ਚੰਡੀਗੜ੍ਹ ਤੋਂ ਪੰਜਾਬ ਦੌਰੇ 'ਤੇ ਰਵਾਨਾ ਹੋਈ ਹੈ। ਇਸ ਬੱਸ ਨੂੰ ਖ਼ੁਦਕੁਸ਼ੀ ਕਰ ਗਏ 9 ਕਿਸਾਨਾਂ ਦੀਆਂ ਵਿਧਵਾਵਾਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਹੈ। ਇਹ ਠੀਕ ਉਸੇ ਤਰਜ਼ 'ਤੇ ਕੀਤੀ ਜਾ ਰਹੀ ਹੈ, ਜਿਸ ਤਹਿਤ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਉਤਰ ਪ੍ਰਦੇਸ਼ ਵਿਚ ਕਿਸਾਨ ਯਾਤਰਾ ਕੀਤੀ ਸੀ। ਕੈਪਟਨ ਮੰਡੀਆਂ ਦਾ ਦੌਰਾ ਕਰ ਰਹੇ ਹਨ ਤੇ ਬਿਨਾਂ ਸ਼ਰਤ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਤੇ ਲੋੜਵੰਦ ਪਰਿਵਾਰਾਂ ਨੂੰ ਨੌਕਰੀਆਂ ਦੇਣ ਦਾ ਵਾਅਦਾ ਕਰ ਰਹੇ ਹਨ। 'ਹਿੰਦੁਸਤਨ ਟਾਈਮਜ਼' ਦੀ ਸੀਨੀਅਰ ਰਿਪੋਰਟਰ ਸੁਖਦੀਪ ਕੌਰ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਵਰਕਰਾਂ ਦਾ ਹੌਸਲਾ ਬੁਲੰਦ ਹੈ ਤੇ ਉਨ੍ਹਾਂ ਨੂੰ ਕੋਈ ਮਾਤ ਨਹੀਂ ਦੇ ਸਕਦਾ।**

**ਸਵਾਲ- ਤੁਸੀਂ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਆਪਣਾ ਰੋਡ ਸ਼ੋਅ ਸ਼ੁਰੂ ਕਰ ਦਿੱਤਾ ਹੈ। ਕੀ ਇਹ ਬਹੁਤ ਜਲਦੀ ਨਹੀਂ ?**

ਕੈਪਟਨ- ਜਦੋਂ ਮੈਂ ਮੁੱਖ ਮੰਤਰੀ ਸੀ ਤਾਂ ਕਿਹਾ ਗਿਆ ਕਿ ਇਹ ਸਿਰਫ਼ ਹੈਲੀਕਾਪਟਰ ਦੀ ਹੀ ਵਰਤੋਂ ਕਰਦਾ ਹੈ। ਇਸ ਦਾ ਕਾਰਨ ਇਹੀ ਸੀ ਕਿ ਮੈਂ ਸਮੇਂ ਦੀ ਬੱਚਤ ਕਰਨ ਲਈ ਹਵਾਈ ਸਫ਼ਰ ਕਰਦਾ ਸੀ। ਹੁਣ ਮੈਂ ਸੜਕ ਰਾਹੀਂ ਪੂਰੇ ਪੰਜਾਬ ਦਾ ਦੌਰਾ ਕਰ ਰਿਹਾ ਹਾਂ। ਚੋਣ ਮੁਹਿੰਮ ਹੁਣ ਤੋਂ ਹੀ ਸ਼ੁਰੂ ਕਰ ਦਿੱਤੀ ਗਈ ਹੈ ਪਰ ਅਸੀਂ ਜਨਵਰੀ ਵਿਚ ਸਹੀ ਸਮੇਂ 'ਤੇ ਠੀਕ ਸਿਖ਼ਰ 'ਤੇ ਪਹੁੰਚ ਜਾਵਾਂਗੇ। ਇਹ ਰੋਡ ਸ਼ੋਅ ਕਿਸਾਨਾਂ ਲਈ ਸਾਡੇ ਪ੍ਰੋਗਰਾਮ 'ਕਰਜ਼ਾ-ਕੁਰਕੀ ਖਤਮ, ਫਸਲ ਦੀ ਪੂਰੀ ਰਕਮ' ਦਾ ਹਿੱਸਾ ਹੈ। ਸਰਹੱਦੀ ਖੇਤਰਾਂ ਦੇ ਦੌਰੇ ਦੌਰਾਨ ਮੈਂ ਦੇਖਿਆ ਕਿ ਫਸਲਾਂ ਦਾ ਵਾਜਬ ਮੁੱਲ ਨਹੀਂ ਦਿੱਤਾ ਜਾ ਰਿਹਾ। ਇਸ ਸਰਕਾਰ ਦੀ ਹਕੂਮਤ ਦੌਰਾਨ ਕਿਸਾਨ ਹਰ ਫ਼ਸਲ ਦੀ ਵੇਚ ਵੇਲੇ ਮੰਡੀਆਂ ਵਿਚ ਰੁਲਦੇ ਰਹੇ ਹਨ। ਜਦੋਂ ਮੈਂ ਮੁੱਖ ਮੰਤਰੀ ਸੀ ਤਾਂ ਅਜਿਹਾ ਕਦੇ ਨਹੀਂ ਹੋਇਆ।

**ਸਵਾਲ-ਜਨਆਧਾਰ ਮਾਮਲੇ ਵਿਚ ਤੁਸੀਂ ਬਾਦਲਾਂ ਅਤੇ ਆਮ ਆਦਮੀ ਪਾਰਟੀ ਦਾ ਪੂਰਾ ਮੁਕਾਬਲਾ ਕਰ ਰਹੇ ਹੋ। ਸੂਬੇ ਦੀ ਵਿੱਤੀ ਹਾਲਤ ਅਤੇ ਅਦਾਲਤੀ ਫ਼ੈਸਲਿਆਂ ਬਾਰੇ ਤੁਹਾਡਾ ਕੀ ਕਹਿਣਾ ਹੈ ?**

ਕੈਪਟਨ : ਅਸੀਂ ਹਰ ਵਾਅਦੇ ਦੇ ਖ਼ਰਚ ਦਾ ਪੂਰਾ ਅੰਦਾਜ਼ਾ ਲਾ ਰਹੇ ਹਾਂ। ਇਹ ਸਭ ਕੁਝ ਚੋਣ ਮੈਨੀਫੈਸਟੋ ਵਿਚ ਸ਼ਾਮਲ ਹੋਵੇਗਾ। ਪੰਜਾਬ ਦੇ ਕਿਸਾਨਾਂ ਸਿਰ 37000 ਕਰੋੜ ਦਾ ਕਰਜ਼ਾ ਹੈ, ਜਿਸ ਨੂੰ ਅਸੀਂ ਖ਼ਤਮ ਕਰਨ ਦਾ ਵਾਅਦਾ ਕੀਤਾ ਹੈ। ਜੇਕਰ ਕਿਸਾਨ ਮਰ ਰਿਹਾ ਹੈ, ਤਾਂ ਉਹ ਮਜ਼ਦੂਰਾਂ ਨੂੰ ਕਿੱਥੋਂ ਦਏਗਾ ? ਇਹ ਕੌੜੀ ਸਚਾਈ ਹੈ। ਜਿਥੋਂ ਤਕ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦੇਣ ਦਾ ਵਾਅਦਾ ਹੈ, ਪੰਜਾਬ ਦੇ 55 ਲੱਖ ਪਰਿਵਾਰਾਂ ਨੂੰ ਨੌਕਰੀਆਂ ਦੀ ਲੋੜ ਨਹੀਂ। ਅਸੀਂ ਤਰਜੀਹ ਦੇ ਆਧਾਰ 'ਤੇ ਨੌਕਰੀਆਂ ਯਕੀਨੀ ਬਣਾਵਾਂਗੇ। ਅਤੇ ਮੈਂ ਆਮ ਵਰਗ ਦੇ ਅੰਦਰ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਕੋਟੇ ਦੀ ਗੱਲ ਕਰਦਾ ਹਾਂ। ਅਦਾਲਤਾਂ ਸਾਨੂੰ ਕੋਟਾ ਪੈਦਾ ਕਰਨ ਤੋਂ ਨਹੀਂ ਰੋਕ ਸਕਦੀਆਂ।



**ਸਵਾਲ-'ਆਪ' ਨੂੰ ਮਾਤ ਦੇਣ ਲਈ ਵਧੇਰੇ ਆਕਰਮਕ ਹੋਣ ਦੀ ਕੋਸ਼ਿਸ਼ ਵਿਚ ਕੀ ਤੁਸੀਂ ਆਪਣੀ 'ਖੁੰਡਾ' ਸਿਆਸਤ ਵੱਲ ਪਰਤ ਰਹੇ ਹੋ ?**

ਕੈਪਟਨ-ਤੁਸੀਂ ਦੇਖੋ ਅੱਜ ਪੰਜਾਬ ਵਿਚ ਕੀ ਹੋ ਰਿਹਾ ਹੈ। ਨੌਜਵਾਨਾਂ ਕੋਲ ਰੁਜ਼ਗਾਰ ਨਹੀਂ, ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਅਤੇ ਹਰ ਵਪਾਰ ਵਿਚ ਮਾਫ਼ੀਆ ਦੀ ਹਕੂਮਤ ਚੱਲ ਰਹੀ ਹੈ। ਜਦੋਂ ਮੈਂ ਸੂਬੇ ਵਿਚ ਇਸ ਵਰਤਾਰੇ ਤੋਂ ਦੁਖੀ ਹਾਂ ਤਾਂ ਕੀ ਮੈਨੂੰ ਆਕਰਮਕ ਨਹੀਂ ਹੋਣਾ ਚਾਹੀਦਾ ? ਮੈਂ 'ਆਪ' ਪ੍ਰਤੀ ਵੀ ਆਕਰਮਕ ਹਾਂ ਕਿਉਂਕਿ ਉਹ ਔਰਤਾਂ ਦਾ ਸ਼ੋਸ਼ਣ ਕਰ ਰਹੀ ਹੈ ਤੇ ਪੰਜਾਬ ਦੇ ਲੋਕਾਂ ਨੂੰ ਮੂਰਖ਼ ਬਣਾ ਰਹੀ ਹੈ। ਮੈਂ ਇਸ ਵਾਰ ਕੋਈ ਖੁੰਡਾ ਨਹੀਂ ਚੁੱਕਿਆ ਪਰ ਮੈਂ ਕਹਿ ਉਹੀ ਕੁਝ ਰਿਹਾ ਹਾਂ।

**ਸਵਾਲ-ਇਥੇ ਇਕ ਧਾਰਨਾ ਬਣਦੀ ਜਾ ਰਹੀ ਹੈ ਕਿ 'ਆਪ' ਨਾਲੋਂ ਕਾਂਗਰਸ ਦੀ ਜਿੱਤ ਅਕਾਲੀ-ਭਾਜਪਾ ਨੂੰ ਜ਼ਿਆਦਾ ਮਾਫ਼ਕ ਬੈਠਦੀ ਹੈ। ਤੁਸੀਂ ਇਸ ਪ੍ਰਚਾਰ ਕਿ ਤੁਸੀਂ ਤੇ ਬਾਦਲ ਇਕੱਠੇ ਹੋ, ਨਾਲ ਕਿਵੇਂ ਨਜਿੱਠੋਗੇ ?**

ਕੈਪਟਨ- ਮੈਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦਾ ਹਾਂ। ਤੁਸੀਂ ਗੌਰ ਨਾਲ ਦੇਖੋ ਕਿ ਮੈਂ ਉਨ੍ਹਾਂ ਨਾਲ ਕਿਵੇਂ ਵਿਹਾਰ ਕਰ ਰਿਹਾ ਹਾਂ ਤੇ ਉਹ ਮੇਰੇ ਨਾਲ ਕਿਵੇਂ ਦਾ ਵਤੀਰਾ ਰੱਖਦੇ ਹਨ। ਸਿਰਫ਼ ਇਸ ਲਈ ਕਿ ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਕੇਸ ਵਿਚ ਮੇਰੀ ਕੇਸ ਫਾਈਲ ਬੰਦ ਕਰ ਦਿੱਤੀ ਤਾਂ ਅਸੀਂ ਇਕ ਹੋ ਗਏ ? ਲੁਧਿਆਣਾ ਸਿਟੀ ਸੈਂਟਰ ਕੇਸ ਵਿਚ ਸਾਬਕਾ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਇਕੋ ਇਕ ਅਜਿਹਾ ਵਿਅਕਤੀ ਸੀ ਜਿਸ ਨੇ ਮੇਰੇ 'ਤੇ ਦੋਸ਼ ਲਾਏ ਕਿਉਂਕਿ ਮੈਂ ਕਦੇ ਵੀ ਉਸ ਨੂੰ ਨੰਬਰ ਇਕ ਦਾ ਅਧਿਕਾਰੀ ਨਹੀਂ ਬਣਾਇਆ। ਮੈਂ ਜਾਂਚ ਮਗਰੋਂ ਬਾਦਲਾਂ ਨੂੰ ਜੇਲ੍ਹ ਵਿਚ ਸੁੱਟਿਆ ਸੀ। ਮੈਂ ਵਿਚ ਕੀ ਕਰ ਸਕਦਾ ਹਾਂ ਜੇ ਸਾਰੇ ਗਵਾਹ ਮੁੱਕਰ ਗਏ। ਮੈਂ ਫੇਰ ਬਾਦਲਾਂ ਨੂੰ ਜੇਲ੍ਹ ਵਿਚ ਸੁੱਟਾਂਗਾ, ਕਿਉਂਕਿ ਸੂਬੇ ਵਿਚ ਹਰ ਤਰ੍ਹਾਂ ਦੇ ਮਾਫ਼ੀਏ ਨੂੰ ਉਨ੍ਹਾਂ ਦੀ ਸ਼ਹਿ ਮਿਲੀ ਹੋਈ ਹੈ।

**ਸਵਾਲ-ਤੁਹਾਨੂੰ ਕੀ ਲਗਦਾ ਹੈ ਕਿ ਇਸ ਵਾਰ ਚੋਣਾਂ ਦੌਰਾਨ ਹਿੰਸਾ ਹੋਵੇਗੀ ?**

ਕੈਪਟਨ- ਪੰਜਾਬ ਦੀਆਂ ਚੋਣਾਂ ਵਿਚ ਇਸ ਵਾਰ ਹਿੰਸਾ ਹੋਵੇਗੀ। ਜਦੋਂ ਵੀ ਅਕਾਲੀਆਂ ਦਾ ਸਮਾਂ ਪਤਨ ਵੱਲ ਜਾਂਦਾ ਹੈ, ਤਾਂ ਉਹ ਸੰਕਟ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਹ ਲੋਕਾਂ ਨੂੰ ਡਰਾ-ਧਮਕਾ ਰਹੇ ਹਨ ਤੇ ਧਰੁਵੀਕਰਨ ਦੀ ਸਿਆਸਤ ਕਰ ਰਹੇ ਹਨ। ਇਸੇ ਕਰਕੇ ਉਨ੍ਹਾਂ ਦੇ 52 ਗੈਂਗ ਹਨ। ਉਨ੍ਹਾਂ ਦੇ ਆਪਣੇ ਡੀ.ਜੀ.ਪੀ. ਸੁਰੇਸ਼ ਅਰੋੜ ਦਾ ਕਹਿਣਾ ਹੈ ਕਿ ਪੰਜਾਬ ਵਿਚ ਵੱਡੀ ਗਿਣਤੀ ਵਿਚ ਗੈਂਗ ਹਨ। ਉਨ੍ਹਾਂ ਨੂੰ ਜੇਲ੍ਹ ਵਿਚ ਕਿਉਂ ਨਹੀਂ ਸੁੱਟਿਆ ਜਾਂਦਾ ? ਅਸੀਂ ਚੋਣ ਕਮਿਸ਼ਨ ਤੋਂ ਚਾਹੁੰਦੇ ਹਾਂ ਕਿ ਸੂਬੇ ਵਿਚ ਵਧੇਰੇ ਕੇਂਦਰੀ ਬਲ ਤਾਇਨਾਤ ਕੀਤੇ ਜਾਣ। ਸਟੂਡੈਂਟਸ ਆਰਗੇਨਾਈਜੇਸ਼ਨ ਆਫ਼ ਇੰਡੀਆ (ਸੋਈ) ਅਤੇ ਯੂਥ ਅਕਾਲੀ ਦਲ ਦੇ ਕਾਰਕੁਨਾਂ ਨੂੰ ਪੋਲਿੰਗ ਬੂਥਾਂ 'ਤੇ ਛੱਡਿਆ ਜਾਵੇਗਾ। ਲੁਧਿਆਣਾ ਵਿਚ 'ਚਿੱਟਾ ਰਾਵਣ' ਫੂਕੇ ਜਾਣ 'ਤੇ ਕਾਂਗਰਸੀ ਵਰਕਰਾਂ ਨੂੰ ਕੁੱਟਣ ਦਾ ਉਨ੍ਹਾਂ ਦਾ ਕੀ ਮਤਲਬ ? ਪੁਲੀਸ ਪੱਖਪਾਤ ਕਰ ਰਹੀ ਹੈ ਕਿਉਂਕਿ ਹਰ ਥਾਣਾ ਸਿੱਧਾ ਅਕਾਲੀ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਨੂੰ ਰਿਪੋਰਟ ਕਰਦਾ ਹੈ। ਅਸੀਂ ਪੁਰਾਣੇ ਸਿਸਟਮ ਨੂੰ ਖ਼ਤਮ ਕਰਾਂਗੇ। ਕਾਂਗਰਸੀ ਵਰਕਰ ਪੂਰੇ ਹੌਸਲੇ ਵਿਚ ਹਨ। ਜੇਕਰ ਅਕਾਲੀ ਸੋਚਦੇ ਹਨ ਕਿ ਉਹ ਸਾਨੂੰ ਹਰਾ ਦੇਣਗੇ ਤਾਂ ਇਹ ਉਨ੍ਹਾਂ ਦੀ ਬਹੁਤ ਵੱਡੀ ਗ਼ਲਤੀ ਹੈ।

**ਸਵਾਲ-ਤੁਸੀਂ ਇਸ ਗੱਲੋਂ ਨਿਰਾਸ਼ ਨਹੀਂ ਹੁੰਦੇ ਕਿ ਤੁਸੀਂ ਏਨਾ ਕੰਮ ਕਰ ਰਹੇ ਹੋ ਤੇ ਪਾਰਟੀ ਨੇ ਹਾਲੇ ਤਕ ਤੁਹਾਨੂੰ ਮੁੱਖ ਮੰਤਰੀ ਦਾ ਦਾਅਵੇਦਾਰ ਨਹੀਂ ਐਲਾਨਿਆ ?**

ਕੈਪਟਨ-ਇਸ ਤੋਂ ਜ਼ਿਆਦਾ ਹੋਰ ਮੈਂ ਕੀ ਕਹਾਂ ? ਉਨ੍ਹਾਂ ਨੇ ਮੈਨੂੰ ਪਾਰਟੀ ਦਾ ਮੁਖੀ ਥਾਪ ਦਿੱਤਾ, ਸਾਰੀ ਚੋਣ ਮੁਹਿੰਮ ਮੇਰੇ ਆਲੇ-ਦੁਆਲੇ ਚੱਲ ਰਹੀ ਹੈ, ਸੂਬੇ ਵਿਚ ਬੋਰਡਾਂ 'ਤੇ ਮੇਰੀਆਂ ਤਸਵੀਰਾਂ ਲੱਗੀਆਂ ਹਨ, ਇਥੋਂ ਤਕ ਕਿ ਜਿੱਥੇ ਬੀ.ਐਸ.ਐਫ. ਤਾਇਨਾਤ ਹੈ, ਉਥੇ ਵੀ ਸਰਹੱਦੀ ਖੇਤਰਾਂ ਵਿਚ ਮੇਰੀਆਂ ਤਸਵੀਰਾਂ ਲੱਗੀਆਂ ਹਨ।

**ਸਵਾਲ-ਸਾਬਕਾ ਭਾਜਪਾ ਐਮ.ਪੀ. ਨਵਜੋਤ ਸਿੰਘ ਸਿੱਧੂ ਬਾਰੇ ਹਾਲੇ ਤਕ ਕੋਈ ਐਲਾਨ ਨਾ ਕਰਨ ਦਾ ਕੀ ਕਾਰਨ ਇਹ ਹੈ ਕਿ ਉਹ ਪਾਰਟੀ ਵਿਚ ਉਦੋਂ ਹੀ ਸ਼ਾਮਲ ਹੋਵੇਗਾ ਜਦੋਂ ਤੁਸੀਂ ਇਸ ਦੀ ਅਗਵਾਈ ਨਾ ਕਰੋ ?**

ਕੈਪਟਨ-ਇਹ ਮੀਡੀਆ ਹੀ ਹੈ ਜਿਸ ਨੇ ਸਿੱਧੂ ਨੂੰ ਇਕ ਅਵਤਾਰ ਵਾਂਗ ਪੇਸ਼ ਕੀਤਾ ਹੈ। ਉਹ ਗੁਰਪ੍ਰੀਤ ਘੁੱਗੀ ਤੇ ਭਗਵੰਤ ਮਾਨ ਵਾਂਗ ਹੀ ਇਕ ਕਾਮੇਡੀਅਨ ਹੈ। ਇਨ੍ਹਾਂ ਦੀ ਕੋਈ ਹੈਸੀਅਤ ਨਹੀਂ ਹੈ। ਕੀ ਜਦੋਂ ਕਾਂਗਰਸ ਪ੍ਰਧਾਨ ਤੇ ਮੀਤ ਪ੍ਰਧਾਨ ਸਿੱਧੂ ਨਾਲ ਗੱਲ ਕਰਨਗੇ ਤਾਂ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ ਇਸ ਬਾਰੇ ਦੱਸਣਗੇ ਹੀ ਨਹੀਂ ? ਸਿੱਧੂ, ਬੈਂਸ ਭਰਾ ਤੇ ਹਾਕੀ ਖਿਡਾਰੀ ਪਰਗਟ ਸਿੰਘ ਕੌਣ ਹੁੰਦੇ ਹਨ ਕਾਂਗਰਸ ਵਰਗੀ ਪਾਰਟੀ ਅੱਗੇ ਸ਼ਰਤਾਂ ਰੱਖਣ ਵਾਲੇ ? ਇਨ੍ਹਾਂ ਚਾਰਾਂ ਦੇ ਗਰੁੱਪ ਨਾਲ ਕੋਈ ਸਮਝ ਨਹੀਂ ਬਣੇਗੀ। ਉਹ ਬਿਨਾਂ ਸ਼ਰਤ ਹੀ ਕਾਂਗਰਸ ਵਿਚ ਸ਼ਾਮਲ ਹੋ ਸਕਦੇ ਹਨ। 'ਆਪ' ਵਿਚ ਪਹਿਲਾਂ ਹੀ ਦੋ ਜੋਕਰ ਹਨ। ਘੁੱਗੀ ਦਾ ਦਿਮਾਗ਼ ਘੁੱਗੀ (ਪੰਛੀ) ਵਰਗਾ ਹੀ ਹੈ ਤੇ ਮਾਨ ਨਸ਼ੇੜੀ ਹੈ।

**ਸਵਾਲ-ਜੇ ਆਵਾਜ਼-ਏ-ਪੰਜਾਬ ਗਰੁੱਪ ਕਾਂਗਰਸ ਵਿਚ ਸ਼ਾਮਲ ਹੁੰਦਾ ਹੈ ਤਾਂ ਕੀ ਤੁਸੀਂ ਬੈਂਸ ਭਰਾਵਾਂ ਲਈ 'ਇਕ ਪਰਿਵਾਰ-ਇਕ ਟਿਕਟ' ਨਿਯਮ ਲਾਗੂ ਕਰੋਗੇ ? ਹੋਰਾਂ ਬਾਰੇ ਤੁਹਾਡਾ ਕੀ ਵਿਚਾਰ ਹੈ ?**

ਕੈਪਟਨ-ਬੈਂਸ ਭਰਾਵਾਂ 'ਤੇ ਇਹ ਨਿਯਮ ਲਾਗੂ ਨਹੀਂ ਹੁੰਦਾ ਕਿਉਂਕਿ ਉਹ ਦੋਵੇਂ ਵਿਧਾਇਕ ਹਨ। ਹੋਰਨਾਂ ਵਿਧਾਇਕਾਂ ਦੇ ਮਾਮਲੇ ਵਿਚ ਉਹ ਉਨ੍ਹਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਨੂੰ ਚਾਹੁੰਦੇ ਹਨ। ਉਦਾਹਰਣ ਵਜੋਂ ਕਾਦੀਆਂ ਵਿਚ ਬਾਜਵਾ ਪਰਿਵਾਰ ਨੇ ਫੈਸਲਾ ਕਰਨਾ ਹੈ ਕਿ ਉਹ ਫਤਿਹ ਜੰਗ ਬਾਜਵਾ ਦੇ ਕਾਗਜ਼ ਭਰਨਾ ਚਾਹੁੰਦਾ ਹੈ ਜਾਂ ਚਰਨਜੀਤ ਬਾਜਵਾ ਦੇ। ਇਸੇ ਤਰ੍ਹਾਂ ਲਾਲ ਸਿੰਘ ਦੇ ਮਾਮਲੇ ਵਿਚ ਲਾਗੂ ਹੁੰਦਾ ਹੈ-ਜਾਂ ਉਹ ਖ਼ੁਦ ਚੋਣ ਲੜ ਲੈਣ ਜਾਂ ਆਪਣੇ ਪੁੱਤਰ ਨੂੰ ਟਿਕਟ ਦਵਾ ਦੇਣ।

# ਕੈਪਟਨ ਦੀ ਪ੍ਰਚਾਰ ਗੱਡੀ ਨੂੰ ਕਿਸਾਨਾਂ ਦੀਆਂ ਵਿਧਵਾਵਾਂ ਨੇ ਦਿਖਾਈ ਹਰੀ ਝੰਡੀ

## *ਤਿੰਨ ਮਹੀਨਿਆਂ ਅੰਦਰ ਹੀ ਖ਼ਤਮ ਕਰ ਦਿਆਂਗੇ ਕਿਸਾਨਾਂ ਦਾ ਕਰਜ਼ਾ : ਕੈਪਟਨ ਅਮਰਿੰਦਰ ਸਿੰਘ*

**ਚੰਡੀਗੜ੍ਹ/ਬਿਊਰੋ ਨਿਊਜ਼ :**

ਕਰਜ਼ਿਆਂ ਕਾਰਨ ਖ਼ੁਦਕੁਸ਼ੀਆਂ ਕਰ ਗਏ 9 ਕਿਸਾਨਾਂ ਦੀਆਂ ਵਿਧਵਾਵਾਂ ਨੇ ਪੰਜਾਬ ਕਾਂਗਰਸ ਦੀ ਕਿਸਾਨ ਯਾਤਰਾ (ਰੋਡ ਸ਼ੋਅ) ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਇਨ੍ਹਾਂ ਵਿੱਚ 22 ਦਿਨ ਪਹਿਲਾਂ ਚਾਰ ਲੱਖ ਰੁਪਏ ਦੇ ਕਰਜ਼ੇ ਕਾਰਨ ਖ਼ੁਦਕੁਸ਼ੀ ਕਰਨ ਵਾਲੇ ਰਾਜੋਮਾਜਰਾ ਦੇ ਕਿਸਾਨ ਦੀ ਵਿਧਵਾ ਹਰਬੰਸ ਕੌਰ ਵੀ ਸ਼ਾਮਲ ਸੀ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ। ਵਿਧਵਾ ਹਰਬੰਸ ਕੌਰ ਨੇ ਦੱਸਿਆ ਕਿ ਬਾਦਲ ਸਰਕਾਰ ਨੇ ਉਸ ਦੀਆਂ ਮੁਸ਼ਕਲਾਂ ਦੂਰ ਕਰਨ ਦੀ ਥਾਂ ਉਨ੍ਹਾਂ ਵਿੱਚ ਵਾਧਾ ਕੀਤਾ ਹੈ। ਉਨ੍ਹਾਂ ਦੀ ਤਿੰਨ ਵਿੱਘੇ ਜ਼ਮੀਨ ਵਿਚ ਬਿਜਲੀ ਦਾ ਟਾਵਰ ਲਾ ਕਾ ਉਨ੍ਹਾਂ ਨੂੰ ਜ਼ਮੀਨ ਵਰਤਣ ਤੋਂ ਵੀ ਵਾਂਝੇ ਕਰ ਦਿੱਤਾ ਹੈ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਵੱਲ ਧੱਕਣ ਵਾਲੇ ਬਾਦਲਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ ਪੰਜਾਬ ਦੇ ਲੋਕਾਂ ਦੀ ਕਮਾਈ ਨਾਲ ਆਪਣੀਆਂ ਜੇਬਾਂ ਭਰੀਆਂ ਹਨ। ਕੈਪਟਨ ਦੇ ਰੋਡ ਸ਼ੋਅ ਲਈ ਇੱਕ ਬੱਸ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਹੈ। ਬੱਸ ਵਿੱਚ ਇੱਕ ਹਾਈਡਰੌਲਿਕ ਮੰਚ ਹੈ, ਜਿਥੇ ਖੜ੍ਹੇ ਹੋ ਕੇ ਕੈਪਟਨ ਰਾਹ ਵਿੱਚ ਵੱਖ-



ਵੱਖ ਕਿਸਾਨ ਮੀਟਿੰਗਾਂ ਨੂੰ ਸੰਬੋਧਨ ਕਰਨਗੇ। 'ਕਰਜ਼ਾ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ' ਨਾਅਰੇ ਨੂੰ ਪ੍ਰਗਟਾਉਂਦੀ ਹਾਈਟੈੱਕ ਬੱਸ ਨੂੰ ਵਿਲੱਖਣ ਦਿੱਖ ਦਿੱਤੀ ਗਈ ਹੈ। ਇਸ 500 ਕਿਲੋਮੀਟਰ ਤੋਂ ਵੱਧ ਦੀ ਯਾਤਰਾ ਦੌਰਾਨ ਫ਼ਰੀਦਕੋਟ, ਲੁਧਿਆਣਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਜਲਾਲਾਬਾਦ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਕਿਸਾਨਾਂ ਨਾਲ ਰਾਬਤਾ ਕੀਤਾ ਜਾਵੇਗਾ। ਰੋਡ ਸ਼ੋਅ ਤੋਂ ਇਲਾਵਾ ਕਿਸਾਨ ਸਭਾਵਾਂ ਅਤੇ ਮੰਡੀਆਂ ਵਿੱਚ ਵੀ ਮੀਟਿੰਗਾਂ ਕੀਤੀਆਂ ਜਾਣਗੀਆਂ। ਕੈਪਟਨ ਦੀ ਯਾਤਰਾ ਵਾਲੀ ਬੱਸ ਨੂੰ ਝੰਡੀ ਦਿਖਾਉਣ ਵਾਲਿਆਂ ਵਿੱਚ ਸ਼ਾਮਲ ਘਨੌਰ ਖੁਰਦ ਦੇ ਖ਼ੁਦਕੁਸ਼ੀ ਕਰ ਗਏ ਜਗਦੇਵ ਸਿੰਘ ਦੀ ਪਤਨੀ ਮਨਜੀਤ ਕੌਰ, ਚੰਗਾਲੀ ਦੇ ਕਿਸਾਨ ਹਰਜਿੰਦਰ ਸਿੰਘ ਦੀ ਵਿਧਵਾ ਗੁਰਮੀਤ ਕੌਰ, ਘਨੌਰ ਖੁਰਦ ਦੇ ਕਿਸਾਨ

ਬਾਕੀ ਸਫ਼ਾ 32 'ਤੇ

# ਸ਼ਰਾਬ ਮਾਫ਼ੀਏ ਦਾ ਆਤੰਕ ਤੇ ਦਲਿਤਾਂ ’ਤੇ ਵੱਧ ਰਿਹਾ ਜ਼ੁਲਮ

**ਭਾਰਤ ਦਾ ਕੋਈ ਵੀ ਹਿੱਸਾ ਦਲਿਤਾਂ ਲਈ ਕਦੇ ਸੁਰੱਖਿਅਤ ਨਹੀਂ ਰਿਹਾ। ਬੇਸ਼ੱਕ ਦਲਿਤਾਂ ਦੀ ਸੰਖਿਆ ਜ਼ਿਆਦਾ ਹੈ ਪਰ ਉਨ੍ਹਾਂ ਦੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਮੁਸ਼ਕਲਾਂ ਦਾ ਕਦੇ ਅੰਤ ਨਹੀਂ ਹੋਇਆ। ‘ਖ਼ੁਸ਼ਹਾਲ’ ਪੰਜਾਬ ਵੀ ਕਦੇ ਦਲਿਤਾਂ ਦਾ ਮਿਤ ਨਹੀਂ ਬਣ ਸਕਿਆ। ਖ਼ਾਸ ਤੌਰ ’ਤੇ ਇਨ੍ਹੀਂ ਦਿਨੀਂ ਸ਼ਰਾਬ ਮਾਫ਼ੀਏ ਦੀ ਦਲਿਤਾਂ ’ਤੇ ਦਰਿੰਦਗੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਨਾਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਜਾਂ ਇਸ ਧੰਦੇ ਨੂੰ ਅਲਵਿਦਾ ਕਹਿਣ ਵਾਲਿਆਂ ਨੂੰ ਮਾਫ਼ੀਏ ਵਲੋਂ ਕੋਹ ਕੋਹ ਕੇ ਮਾਰਨ ਦੀ ਸਜ਼ਾ ਆਮ ਹੋ ਗਈ ਹੈ। ਇਸ ਸਬੰਧ ਵਿਚ ਸੀਨੀਅਰ ਪੱਤਰਕਾਰਾਂ ਦਵਿੰਦਰ ਪਾਲ, ਰਮੇਸ਼ ਭਾਰਦਵਾਜ ਅਤੇ ਗੁਰਸੇਵਕ ਸਿੰਘ ਪ੍ਰੀਤ ਨੇ ਵਿਸ਼ੇਸ਼ ਤੌਰ ’ਤੇ ਅੰਕੜੇ ਇਕੱਠੇ ਕੀਤੇ ਹਨ ਕਿ ਕਿਵੇਂ ਅੱਜ ਦਾ ਮਾਹੌਲ ਦਲਿਤਾਂ ਲਈ ਅਸੁਖਾਵਾਂ ਬਣ ਗਿਆ ਹੈ। ਇਸ ਸਬੰਧ ਵਿਚ ਪੇਸ਼ ਹੈ ਵਿਸ਼ੇਸ਼ ਰਿਪੋਰਟ।**



## ਦਲਿਤਾਂ ਖ਼ਿਲਾਫ਼ ਜ਼ੁਲਮਾਂ ਦੀ ਲੰਬੀ ਦਾਸਤਾਨ

### ਪੰਜਾਬ ਵਿਚ 2007 ਤੋਂ ਹੁਣ ਤੱਕ 8058 ਮਾਮਲੇ ਸਾਹਮਣੇ ਆਏ

ਚੰਡੀਗੜ੍ਹ : ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਦਲਿਤਾਂ ’ਤੇ ਅੱਤਿਆਚਾਰ ਵਧਣ ਦੀ ਗਵਾਹੀ ਸਰਕਾਰੀ ਰਿਕਾਰਡ ਵੀ ਭਰਦਾ ਹੈ। ਬਾਦਲ ਸਰਕਾਰ ਦੇ ਕਾਰਜਕਾਲ ਸਾਲ 2007 ਤੋਂ 2016 ਦੇ ਅੱਧ ਤੱਕ ਦਲਿਤਾਂ ’ਤੇ ਅੱਤਿਆਚਾਰ ਦੇ 8058 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਸੰਗੀਨ ਅਪਰਾਧ ਦੀ ਸ਼ਾਮਲ ਹਨ। ਇਹ ਤੱਥ ਪੰਜਾਬ ਦੇ ਐਸ.ਸੀ. ਕਮਿਸ਼ਨ ਦੇ ਰਿਕਾਰਡ ਵਿੱਚ ਦਰਜ ਹਨ। ਦਲਿਤਾਂ ਨਾਲ ਵਿਤਕਰਾ ਜਾਂ ਹੋਰ ਜ਼ਿਆਦਤੀਆਂ ਹੋਣ ਦੀਆਂ ਹੋਰ 5 ਹਜ਼ਾਰ ਤੋਂ ਵੱਧ ਘਟਨਾਵਾਂ ਨੂੰ ਵੱਖਰੇ ਤੌਰ ’ਤੇ ਦਰਜ ਕੀਤਾ ਗਿਆ ਹੈ। ਇਨ੍ਹਾਂ ਘਟਨਾਵਾਂ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ।

ਕਮਿਸ਼ਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਦਲਿਤਾਂ ਖ਼ਿਲਾਫ਼ ਅੱਤਿਆਚਾਰਾਂ ਦੀਆਂ ਘਟਨਾਵਾਂ ਦੇ ਜੋ ਵੇਰਵੇ ਕਮਿਸ਼ਨ ਕੋਲ ਦਰਜ ਹਨ, ਉਨ੍ਹਾਂ ਨੂੰ ਅੱਧੇ ਹੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਮਾਮਲੇ ਉਹ ਹਨ, ਜਿਨ੍ਹਾਂ ਸਬੰਧੀ ਲੋਕਾਂ ਨੇ ਕਮਿਸ਼ਨ ਤੱਕ ਪਹੁੰਚ ਕਰ ਲਈ ਜਾਂ ਫਿਰ ਮੀਡੀਆ ਰਿਪੋਰਟ ਦੇ ਆਧਾਰ ’ਤੇ ਕਮਿਸ਼ਨ ਨੇ ਨੋਟਿਸ ਲੈ ਲਿਆ। ਅਬੋਹਰ ਵਿਚ ਭੀਮ ਟਾਂਕ ਹੱਤਿਆ ਕਾਂਡ ਤੋਂ ਬਾਅਦ ਦਲਿਤਾਂ ਵਿਰੁੱਧ ਅਪਰਾਧ ਦੇ ਨਵੇਂ ਸਫ਼ੇ ਭਰੇ ਜਾਣ ਲੱਗੇ ਹਨ। ਭੀਮ ਟਾਂਕ ਕਤਲ ਕਾਂਡ ਦੇ ਦੋਸ਼ੀਆਂ ਉੱਤੇ ਕਥਿਤ ਤੌਰ ’ਤੇ ਹਾਕਮਾਂ ਦੀ ਛਤਰਛਾਇਆ ਪ੍ਰਾਪਤ ਹੋਣ ਕਾਰਨ ਅਪਰਾਧੀਆਂ ਦੇ ਹੌਸਲੇ ਏਨੇ ਜ਼ਿਆਦਾ ਵਧ ਗਏ ਕਿ ਕੁਝ ਦਿਨ ਪਹਿਲਾਂ ਮੁਕਤਸਰ ਵਿੱਚ ਇੱਕ ਦਲਿਤ ਨੌਜਵਾਨ ਨੂੰ ਕੋਹ-ਕੋਹ ਕੇ ਮਾਰਿਆ ਗਿਆ।

ਉਸ ਤੋਂ ਬਾਅਦ ਹਾਲ ਵਿੱਚ ਵਾਧਾ ਹੀ ਮਾਨਸਾ ਜ਼ਿਲ੍ਹੇ ਦੇ ਪਿੰਡ ਘਰਾਂਗਣਾ ਵਿੱਚ ਵੀ ਇੱਕ ਦਲਿਤ ਨੌਜਵਾਨ ਦੀ ਵੱਢ-ਟੁੱਕ ਕੀਤੀ ਗਈ।

ਐਸ.ਸੀ. ਕਮਿਸ਼ਨ ਮੁਤਾਬਕ ਸਾਲ 2007 ਵਿਚ ਦਲਿਤਾਂ ’ਤੇ ਅੱਤਿਆਚਾਰ ਦੀਆਂ 473 ਘਟਨਾਵਾਂ ਵਾਪਰੀਆਂ। ਇਸ ਤੋਂ ਅਗਲੇ ਸਾਲ 2008 ਵਿੱਚ 322, ਸਾਲ 2009 ਵਿੱਚ 517, 2010 ਵਿੱਚ 788, 2011 ਵਿੱਚ 745, 2012 ਤੋਂ ਦਲਿਤਾਂ ਵਿਰੁੱਧ ਅਪਰਾਧਾਂ ਵਿਚ ਇੱਕ ਦਮ ਵਾਧਾ ਹੋਣ ਲੱਗਿਆ। ਸਾਲ 2012 ਵਿੱਚ 1055, 2013 ਵਿੱਚ 1299, 2014 ਵਿੱਚ 1232 ਤੇ ਸਾਲ 2015 ਵਿੱਚ 1278 ਘਟਨਾਵਾਂ ਵਾਪਰੀਆਂ। ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਲ 2016 ਵਿਚ ਵਾਪਰੀਆਂ ਘਟਨਾਵਾਂ ਦੇ ਅੰਕੜੇ ਫਿਲਹਾਲ ਇਕੱਤਰ ਕਰਨੇ ਬਾਕੀ ਹਨ ਤੇ ਕਮਿਸ਼ਨ ਕੋਲ ਦਲਿਤਾਂ ’ਤੇ ਅੱਤਿਆਚਾਰ ਦੀਆਂ ਹੁਣ ਤੱਕ 349 ਘਟਨਾਵਾਂ ਦਰਜ ਹੋਈਆਂ ਹਨ।

ਕਮਿਸ਼ਨ ਦੇ ਅੰਕੜਿਆਂ ਮੁਤਾਬਕ ਅਕਾਲੀ ਦਲ-ਭਾਜਪਾ ਗੱਠਜੋੜ ਦੇ 2007 ਵਿੱਚ ਸੱਤਾ ਵਿਚ ਆਉਣ ਤੋਂ ਪਹਿਲਾਂ ਸਾਲ 2004 ਵਿੱਚ ਦਲਿਤਾਂ ’ਤੇ ਅੱਤਿਅਚਾਰ ਦੇ 236, ਸਾਲ 2005 ਵਿੱਚ 329 ਅਤੇ ਸਾਲ 2006 ਵਿੱਚ 573 ਮਾਮਲੇ ਸਾਹਮਣੇ ਆਏ ਸਨ। ਕਮਿਸ਼ਨ ਮੁਤਾਬਕ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ 5 ਹਜ਼ਾਰ ਤੋਂ ਵੱਧ ਮਾਮਲੇ ਅਜਿਹੇ ਹਨ, ਜਿਨ੍ਹਾਂ ਵਿੱਚ ਦਲਿਤਾਂ ਉੱਤੇ ਅੱਤਿਆਚਾਰ ਤੋਂ ਇਲਾਵਾ ਜਾਤ-ਪਾਤ ਦੇ ਆਧਾਰ ’ਤੇ ਵਿਤਕਰੇ ਦੀਆਂ ਘਟਨਾਵਾਂ ਵਾਪਰੀਆਂ।

ਕਮਿਸ਼ਨ ਦਾ ਇਹ ਵੀ ਦਾਅਵਾ ਹੈ ਕਿ ਜ਼ਿਆਦਤੀਆਂ ਦਾ ਸ਼ਿਕਾਰ ਵੱਡੀ ਗਿਣਤੀ ਲੋਕ ਪੁਲੀਸ ਜਾਂ ਆਰਥਿਕ ਪੱਖੋਂ ਮਜ਼ਬੂਤ ਬੰਦਿਆਂ ਦੇ ਦਬਾਅ ਕਾਰਨ ਕਮਿਸ਼ਨ ਤੱਕ ਪਹੁੰਚ ਨਹੀਂ ਕਰ ਸਕਦੇ ਤੇ ਅਜਿਹੀਆਂ ਘਟਨਾਵਾਂ ਕਿਸੇ ਵੀ ਰਿਕਾਰਡ ’ਤੇ ਨਹੀਂ ਆਉਂਦੀਆਂ। ਅਹਿਮ ਤੱਥ ਇਹ ਵੀ ਹੈ ਕਿ ਪੰਜਾਬ ਵਿੱਚ ਦਲਿਤਾਂ ਦੀ ਆਬਾਦੀ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। ਐਸਸੀ ਕਮਿਸ਼ਨ ਵੱਲੋਂ ਦਲਿਤ ਅੱਤਿਆਚਾਰ ਦੀ ਘਟਨਾ ’ਤੇ ਪੁਲੀਸ ਜਾਂ ਸਿਵਲ ਪ੍ਰਸ਼ਾਸਨ ਨੂੰ ਨੋਟਿਸ ਤਾਂ ਭੇਜਿਆ ਜਾਂਦਾ ਹੈ ਪਰ ਇਹ ਮਹਿਜ਼ ਰਸਮੀ ਕਾਰਵਾਈ ਹੀ ਬਣ ਕੇ ਰਹਿ ਗਈ ਹੈ।

ਐਸ.ਸੀ. ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ ਦਾ ਦਾਅਵਾ ਹੈ ਕਿ ਕਮਿਸ਼ਨ ਦੇ ਦਖ਼ਲ ਕਾਰਨ ਦਲਿਤਾਂ ’ਤੇ ਹੁੰਦੇ ਅੱਤਿਆਚਾਰ ਦੇ ਮਾਮਲਿਆਂ ’ਤੇ ਕਾਰਵਾਈ ਹੁੰਦੀ ਹੈ। ਉਨ੍ਹਾਂ ਮੰਨਿਆ ਕਿ ਰਾਜ ਵਿੱਚ ਦਲਿਤਾਂ ’ਤੇ ਅੱਤਿਆਚਾਰ ਦੀਆਂ ਘਟਨਾਵਾਂ ਵਧ ਰਹੀਆਂ ਹਨ। ਸ੍ਰੀ ਬਾਘਾ ਨੇ ਕਿਹਾ ਕਿ ਸਰਕਾਰ ਨੂੰ ਦਲਿਤਾਂ ਵਿਰੁੱਧ ਹੁੰਦੇ ਅਪਰਾਧ ਰੋਕਣ ਲਈ ਸਖ਼ਤੀ ਕਰਨੀ ਚਾਹੀਦੀ ਹੈ ਤੇ ਗੁੰਡਿਆਂ ਨੂੰ ਨੱਥ ਪਾਉਣ ਦੀ ਲੋੜ ਹੈ।

## ਪਿੰਡ ਜਲੂਰ ਵਿੱਚ ਪ੍ਰਸ਼ਾਸਨਿਕ ਅਣਗਹਿਲੀਆਂ ਕਾਰਨ ਵਧਿਆ ਟਕਰਾਅ

**ਲਹਿਰਾਗਾਗਾ** : ਪਿੰਡ ਜਲੂਰ ਵਿੱਚ ਪੁਲੀਸ ਪ੍ਰਸ਼ਾਸਨ ਨੇ ਕਿਸਾਨਾਂ ਅਤੇ ਦਲਿਤਾਂ ਦੇ ਟਕਰਾਅ ਨੂੰ ਦਲਿਤਾਂ ਦੇ ਦੋ ਹਿੱਸਿਆਂ ਵਿੱਚ ਹੋਏ ਟਕਰਾਅ ਵਜੋਂ ਪੇਸ਼ ਕੀਤਾ ਹੈ ਪਰ ਹਕੀਕਤ ਕੁਝ ਹੋਰ ਹੈ, ਜਿਸ ਕਰ ਕੇ ਪ੍ਰਸਾਸ਼ਨ ਦੇ ਰੋਲ ’ਤੇ ਸਵਾਲ ਖੜ੍ਹੇ ਹੋਣੇ ਸੁਭਾਵਕ ਹਨ। ਕਿਸਾਨ ਧਿਰ ਨੇ ਦਲਿਤ ਸਰਪੰਚ ਸਣੇ ਕੁਝ ਦਲਿਤਾਂ ਨੂੰ ਆਪਣੇ ਨਾਲ ਰਲਾ ਕੇ ਜ਼ਮੀਨ ਦੀ ਬੋਲੀ ਕਰਵਾਈ। ਸੂਤਰਾਂ ਅਨੁਸਾਰ ਦਰਅਸਲ ਇਸ ਟਕਰਾਅ ਦਾ ਮੁੱਢ 10 ਮਈ 2016 ਨੂੰ ਪਿੰਡ ਵਿੱਚ ਬੀ.ਡੀ.ਪੀ.ਓ. ਵੱਲੋਂ ਪੁਲੀਸ ਸੁਰੱਖਿਆ ਵਿੱਚ ਦਲਿਤਾਂ ਲਈ ਰਾਖਵੀਂ ਜ਼ਮੀਨ ਦੀ ਬੋਲੀ ਕਰਵਾਉਣ ਤੋਂ ਬੱਝਾ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਇਲਾਕੇ ਅੰਦਰ ਕਈ ਪਿੰਡਾਂ ਵਿੱਚ ਰਾਖਵੀਂ ਜ਼ਮੀਨ ਸਿਰਫ਼ ਦਲਿਤਾਂ ਨੂੰ ਹੀ ਸਸਤੇ ਭਾਅ ’ਤੇ ਦੇਣ ਲਈ ਮਾਰਚ ਮਹੀਨੇ ਤੋਂ ਹੀ ਸੰਘਰਸ਼ ਕਰ ਰਹੀ ਸੀ। ਇਸ 12 ਮਈ ਨੂੰ ਬੋਲੀ ਵਾਲੇ ਦਿਨ ਸੰਘਰਸ਼ ਕਮੇਟੀ ਨੇ ਪਿੰਡ ਜਲੂਰ ਦੀ ਬੋਲੀ ਨੂੰ ਡਮੀ ਦੱਸਦੇ ਹੋਏ ਬਾਕਾਇਦਾ ਲਹਿਰਾਗਾਗਾ-ਪਾਤੜਾਂ ਸੜਕ ਜਾਮ ਕੀਤੀ ਅਤੇ ਐਲਾਨ ਕੀਤਾ ਕਿ ਇਹ ਜ਼ਮੀਨ ਇੱਕ ਦਲਿਤ ਵਿਅਕਤੀ ਦੇ ਨਾਂ ’ਤੇ ਇੱਕ ਕਿਸਾਨ ਨੇ ਲਈ ਹੈ। ਉਨ੍ਹਾਂ ਨੇ ਸਖ਼ਤ ਰੋਸ ਪ੍ਰਗਟ ਕੀਤਾ ਪਰ ਪ੍ਰਸ਼ਾਸਨ ਨੇ ਗੰਭੀਰਤਾ ਨਾਲ ਨਹੀਂ ਲਿਆ। ਇਸ ਮਗਰੋਂ ਸੰਘਰਸ਼ ਕਮੇਟੀ ਦੇ ਕਾਰਕੁਨਾਂ ਨੇ 26/27 ਮਈ ਨੂੰ ਪੰਚਾਇਤੀ ਜ਼ਮੀਨ ’ਤੇ ਬਾਕਾਇਦਾ ਆਪਣਾ ਕਬਜ਼ਾ ਕਰ ਲਿਆ ਅਤੇ ਸੈਂਕੜੇ ਦਲਿਤਾਂ ਨੇ ਕਰੀਬ 15 ਦਿਨ ਖੇਤ ਵਿਚ ਹੀ ਡੇਰੇ ਲਾਏ।



ਪਿੰਡ ਜਲੂਰ ਵਿੱਚ ਦਲਿਤਾਂ ਤੇ ਕਿਸਾਨਾਂ ਦੇ ਟਕਰਾਅ ਕਾਰਨ ਇੱਕ ਘਰ ਵਿੱਚ ਖਿੱਲਰਿਆ ਸਾਮਾਨ ਤੇ ਉਥੇ ਤਾਇਨਾਤ ਪੁਲੀਸ ਮੁਲਾਜ਼ਮਾਂ

ਪੁਲੀਸ ਮਜ਼ਦੂਰਾਂ ਤੋਂ ਕਬਜ਼ਾ ਛੁਡਵਾਉਣ ਵੀ ਗਈ ਪਰ ਸਫ਼ਲ ਨਹੀਂ ਹੋਈ। ਦਲਿਤਾਂ ਨੇ ਜ਼ਮੀਨ ਵਿਚ ਬਾਜਰਾ ਬੀਜ ਦਿੱਤਾ ਸੀ। ਸੰਘਰਸ਼ ਕਮੇਟੀ ਨੇ ਬੋਲੀ ਰੱਦ ਕਰਵਾਉਣ ਲਈ ਬੀਡੀਪੀਓ, ਐਸਡੀਐਮ ਅਤੇ ਡੀਸੀ ਸੰਗਰੂਰ ਅੱਗੇ ਕਈ ਵਾਰ ਪ੍ਰਦਰਸ਼ਨ ਕੀਤੇ। ਆਖਰ 10 ਜੂਨ ਨੂੰ ਪ੍ਰਸ਼ਾਸਨ ਨੇ ਪੁਲੀਸ ਮਦਦ ਨਾਲ ਖੇਤ ਵਿਚ ਬੈਠੇ ਦਲਿਤਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਅਤੇ ਉਸ ਜ਼ਮੀਨ ਦਾ ਕਬਜ਼ਾ ਦਲਿਤ ਵਿਅਕਤੀ ਨੂੰ ਕਰਵਾ ਦਿੱਤਾ ਅਤੇ ਜ਼ਮੀਨ ਵਿੱਚ ਬਿਜਾਈ ਇੱਕ ਕਿਸਾਨ ਨੇ ਕੀਤੀ। ਇਸ ਨੂੰ ਲੈ ਕੇ 3 ਜੁਲਾਈ ਨੂੰ ਸੰਘਰਸ਼ ਕਰ ਰਹੀ ਕਮੇਟੀ ਅਤੇ ਕਿਸਾਨ ਸਮਰਥਕ ਦਲਿਤ ਮਹਿਲਾ ਸਰਪੰਚ ਵਿਚਕਾਰ ਸਿੱਧੀ ਲੜਾਈ ਵੀ ਹੋਈ ਅਤੇ ਦੋਹੇ ਧਿਰਾਂ ਹਸਪਤਾਲ ਵਿੱਚ ਦਾਖ਼ਲ ਹੋਈਆਂ।

ਬਾਕੀ ਸਫ਼ਾ 32 ’ਤੇ

## ਸ਼ਰਾਬ ਮਾਫ਼ੀਆ ਨੇ ਪੰਜਾਬ ਤਬਾਹ ਕੀਤਾ : ਜਾਖੜ

**ਜਲੰਧਰ** : ਸ਼ਰਾਬ ਮਾਫ਼ੀਆ ਵੱਲੋਂ ਕਤਲ ਕੀਤੇ ਗਏ ਮੁਨੀਸ਼ ਲੂਥਰਾ ਦੇ ਘਰ ਦੁੱਖ ਪ੍ਰਗਟਾਉਣ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਅਕਾਲੀਆਂ ਦੀ ਕਥਿਤ ਸ਼ਹਿ ਨਾਲ ਸ਼ਰਾਬ ਮਾਫ਼ੀਆ ਵੱਲੋਂ ਕੀਤੇ ਜਾ ਰਹੇ ਕਤਲਾਂ ਕਰ ਕੇ ਪੰਜਾਬ ‘ਬੁੱਚੜਖਾਨਾ’ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਤਲਾਂ ਦੇ ਮਾਮਲਿਆਂ ਸਬੰਧੀ ਢਿੱਲੀ ਕਾਰਵਾਈ ਲਈ ਸਬੰਧਤ ਥਾਣੇਦਾਰਾਂ ਵਿਰੁੱਧ ਕੇਸ ਦਰਜ ਕੀਤੇ ਜਾਣੇ ਚਾਹੀਦੇ ਹਨ ਤੇ ਕਤਲਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜਲੰਧਰ, ਮਾਨਸਾ, ਮੁਕਤਸਰ ਤੇ ਅਬੋਹਰ ਵਿੱਚ ਸ਼ਰਾਬ ਮਾਫ਼ੀਆ ਵੱਲੋਂ ਕੀਤੇ ਗਏ ਕਤਲਾਂ ਸਬੰਧੀ ਕਾਰਵਾਈ ਲਈ ਪੁਲੀਸ ਦੇਰ ਨਾਲ ਪੁੱਜੀ ਜਾਂ ਫਿਰ ਐਫ.ਆਈ.ਆਰ ਨਾਲ ਕਥਿਤ ਤੌਰ ’ਤੇ ਛੇੜਛਾੜ ਕੀਤੀ ਗਈ। ਸ੍ਰੀ ਜਾਖੜ ਨੇ ਕਿਹਾ ਕਿ ਸ਼ਰਾਬ ਮਾਫ਼ੀਆ ਵੱਲੋਂ ਪੈਦਾ ਕੀਤੀ ਜਾ ਰਹੀ ਦਹਿਸ਼ਤ ਵਿੱਚ ਭਾਜਪਾ ਨੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਦੀ ਥਾਂ ਚੁੱਪ ਵੱਟੀ ਹੋਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੱਤਾ ਵਿੱਚ ਅਕਾਲੀਆਂ ਨਾਲ ਭਾਈਵਾਲ ਹੈ ਤੇ ਨਾ ਬੋਲਣ ਕਾਰਨ ਅਕਾਲੀਆਂ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਵਿੱਚ ਭਾਜਪਾ ਵੀ ਸ਼ਾਮਲ ਹੈ।

ਪ੍ਰਧਾਨ ਮੰਤਰੀ ਦੀ ਲੁਧਿਆਣਾ ਫੇਰੀ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਚਿੱਟਾ ਰਾਵਣ ਫੂਕਿਆ ਜਾਵੇਗਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸ਼ਰਾਬ ਮਾਫ਼ੀਆਂ ਹੱਥੋਂ ਮਾਰੇ ਗਏ ਪੁੱਤਾਂ ਦੀਆਂ ਮਾਂਵਾਂ ਦੀ ‘ਮਨ ਕੀ ਬਾਤ’ ਸੁਣ ਲੈਣ। ਸ੍ਰੀ ਜਾਖੜ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੀੜਤ ਪਰਿਵਾਰਾਂ ਦੇ ਘਰਾਂ ਨਾ ਮੁੱਖ ਮੰਤਰੀ ਗਏ ਹਨ ਤੇ ਨਾ ਹੀ ਉਪ ਮੁੱਖ ਮੰਤਰੀ। ਇਸ ਮੌਕੇ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜਗਬੀਰ ਸਿੰਘ ਬਰਾੜ ਤੇ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ ਵੀ ਉਨ੍ਹਾਂ ਨਾਲ ਸਨ।

## ਪੰਜਾਬ ਵਿਚ ਸ਼ਰਾਬ ਮਾਫ਼ੀਏ ਦਾ ਰਾਜ : ਭਗਵੰਤ ਮਾਨ

ਸੰਗਰੂਰ : ਆਮ ਆਦਮੀ ਪਾਰਟੀ ਦੇ ਬੁਲਾਰੇ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਇਥੇ ਰੈਸਟ ਹਾਊਸ ਵਿੱਚ ਕਿਹਾ ਕਿ ਪੰਜਾਬ ਵਿੱਚ ਦਲਿਤਾਂ ’ਤੇ ਹੋ ਰਹੇ ਅੱਤਿਆਚ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਜੰਗਲ ਅਤੇ ਸ਼ਰਾਬ ਮਾਫ਼ੀਆ ਦਾ ਰਾਜ ਹੈ। ਨਫ਼ਰਤ ਦੀ ਰਾਜਨੀਤੀ

ਬਾਕੀ ਸਫ਼ਾ 32 ’ਤੇ

# ਜਲੰਧਰ 'ਚ ਸ਼ਰਾਬ ਮਾਫ਼ੀਏ ਨੇ ਨੌਜਵਾਨ ਨੂੰ ਦੌੜਾ ਦੌੜਾ ਕੇ ਮਾਰਿਆ

**ਜਲੰਧਰ/ਬਿਊਰੋ ਨਿਊਜ਼** : ਪੰਜਾਬ ਵਿਚ ਸ਼ਰਾਬ ਮਾਫ਼ੀਆ ਬੇਖੌਫ਼ ਕਤਲ ਕਰ ਰਿਹਾ ਹੈ ਤੇ ਪੰਜਾਬ ਸਰਕਾਰ ਚੁੱਪ ਬੈਠੀ ਹੈ। ਕੁਝ ਦਿਨ ਪਹਿਲਾਂ ਮਾਨਸਾ ਵਿਚ ਸ਼ਰਾਬ ਮਾਫ਼ੀਆ ਨੌਜਵਾਨ ਸੁਖਚੈਨ ਸਿੰਘ ਉਰਫ਼ ਪਾਲੀ ਦੀ ਲੱਤ ਵੱਢ ਕੇ ਨਾਲ ਲੈ ਗਿਆ ਤੇ ਪੁਲੀਸ ਚੁੱਪ ਰਹੀ। ਹੁਣ ਜਲੰਧਰ ਵਿਚ ਬੁੱਧਵਾਰ ਦੇਰ ਰਾਤ ਇਕ ਵਾਰ ਫਿਰ ਸ਼ਰਾਬ ਮਾਫ਼ੀਆ ਨੇ 30 ਸਾਲ ਦੇ ਨੌਜਵਾਨ ਨੂੰ ਦੌੜਾ ਦੌੜਾ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਮਾਰ ਦਿੱਤਾ। ਨੌਜਵਾਨ ਦਾ ਦੋਸ਼ ਸਿਰਫ਼ ਏਨਾ ਸੀ ਕਿ ਉਹ ਮੁਲਜ਼ਮਾਂ ਨੂੰ ਮੁਹੱਲੇ ਦੀਆਂ ਕੁੜੀਆਂ ਛੇੜਨ ਤੇ ਸ਼ਰਾਬ ਵੇਚਣ ਤੋਂ ਰੋਕਦਾ ਸੀ। ਵੀਰਵਾਰ ਤੜਕੇ ਹਸਪਤਾਲ ਵਿਚ ਉਸ ਨੇ ਦਮ ਤੋੜ ਦਿੱਤਾ।



ਪ੍ਰਾਪਤ ਜਾਣਕਾਰੀ ਮੁਤਾਬਕ ਮ੍ਰਿਤਕ ਮਨੀਸ਼ ਕੁਮਾਰ ਉਰਫ਼ ਨਿਹਾਲਾ (30) ਜਲੰਧਰ ਦੇ ਬਸਤੀ ਸ਼ੇਖ ਨੇੜੇ ਜਨਕ ਨਗਰ ਵਿਚ ਰਹਿੰਦਾ ਸੀ। ਮਨੀਸ਼ ਪ੍ਰਾਪਰਟੀ ਡੀਲਰ ਸੀ ਤੇ ਉਹ ਕਾਫੀ ਦਿਨਾਂ ਤੋਂ ਸ਼ਰਾਬ ਮਾਫ਼ੀਆ ਦੀਆਂ ਹਰਕਤਾਂ ਤੋਂ ਪ੍ਰੇਸ਼ਾਨ ਸੀ। ਮਨੀਸ਼ ਦੇ ਪਿਤਾ ਰਾਜਕੁਮਾਰ ਤੇ ਦੋਸਤ ਤਰਸੇਨ ਥਾਪਰ ਨੇ ਦੱਸਿਆ ਕਿ ਮੁਹੱਲੇ ਵਿਚ ਇਕ ਸ਼ਰਾਬ ਦੀ ਦੁਕਾਨ ਹੈ। ਇਥੋਂ ਦੇ ਸ਼ਰਾਬ ਮਾਫੀਏ ਨਾਲ ਮਨੀਸ਼ ਦੀ ਰੰਜਿਸ਼ ਚੱਲ ਰਹੀ ਸੀ। ਦੋਸਤ ਨੇ ਦੱਸਿਆ ਕਿ ਸ਼ਰਾਬ ਮਾਫ਼ੀਆ ਅਤੇ ਉਨ੍ਹਾਂ ਦੇ ਲੋਕ ਮੁਹੱਲੇ ਦੀਆਂ ਕੁੜੀਆਂ 'ਤੇ ਭੱਦੀਆਂ ਟਿੱਪਣੀਆਂ ਕਰਦੇ ਸਨ। ਇਸੇ ਗੱਲ ਨੂੰ ਲੈ ਕੇ ਮਨੀਸ਼ ਨੇ ਮੁਲਜ਼ਮ ਸ਼ਰਾਬ ਵੇਚਣ ਵਾਲੇ ਜਾਗਰ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਉਸ ਨੇ ਸ਼ਰਾਬ ਦੀ ਦੁਕਾਨ ਬੰਦ ਨਾ ਕੀਤੀ ਤਾਂ ਉਹ ਪੁਲੀਸ ਨੂੰ ਸ਼ਿਕਾਇਤ ਕਰ ਦੇਵੇਗਾ। ਪਰਿਵਾਰ ਮੁਤਾਬਕ ਇਸ ਮਗਰੋਂ ਸ਼ਰਾਬ ਮਾਫ਼ੀਆ ਮਨੀਸ਼ ਨਾਲ ਰੰਜਿਸ਼ ਰੱਖਣ ਲੱਗਾ ਤੇ ਬੁੱਧਵਾਰ ਦੇਰ ਰਾਤ ਮੁਹੱਲੇ ਵਿਚ ਸਥਿਤ ਰਘੁਨਾਥ ਮੰਦਿਰ ਕੋਲ ਮਨੀਸ਼ ਨੂੰ ਇਕੱਲਿਆ ਦੇਖ ਕੇ 8-10 ਲੋਕਾਂ ਨੇ ਮਨੀਸ਼ 'ਤੇ ਤੇਜ਼ਧਾਰ ਹਥਿਆਰਾਂ ਨਾਲ ਕਈ ਵਾਰ ਕੀਤੇ ਤੇ ਉਸ ਨੂੰ ਦੌੜਾ ਦੌੜਾ ਕੇ ਮਾਰ ਦਿੱਤਾ। ਇਸ ਮਗਰੋਂ ਜਿਵੇਂ ਹੀ ਪਰਿਵਾਰ ਉਥੇ ਪਹੁੰਚਿਆ ਤਾਂ ਮੁਲਜ਼ਮ ਫਰਾਰ ਹੋ ਗਏ। ਜ਼ਖ਼ਮੀ ਹਾਲਤ ਵਿਚ ਮਨੀਸ਼ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪਿਤਾ ਨੇ ਮੁਲਜ਼ਮ ਜਾਗਰ ਉਸ ਦੇ ਬੇਟੇ ਗੌਰਵ, ਸਾਲਾ ਪਵਨ ਤੇ 7-8 ਅਣਪਛਾਤੇ ਲੋਕਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਵਾਇਆ ਹੈ।

# ਭੀਮ ਟਾਂਕ ਦੇ ਮਾਪਿਆਂ ਨੂੰ ਹਾਲੇ ਤਕ ਨਹੀਂ ਮਿਲਿਆ ਇਨਸਾਫ਼

**ਸ੍ਰੀ ਮੁਕਤਸਰ ਸਾਹਿਬ/ਅਬੋਹਰ** : ਅਬੋਹਰ ਦਾ ਦਲਿਤ ਨੌਜਵਾਨ ਜਿਸ ਨੂੰ ਪਿਛਲੇ ਸਾਲ 11 ਦਸੰਬਰ ਨੂੰ ਵੱਢ-ਟੁਕ ਕੇ ਕਤਲ ਕਰ ਦਿੱਤਾ ਗਿਆ ਸੀ, ਦੇ ਪਿਤਾ ਕਪੂਰ ਚੰਦ ਤੇ ਮਾਤਾ ਕੌਸ਼ਲਿਆ ਦੇਵੀ ਨੇ ਦੱਸਿਆ ਕਿ ਉਨ੍ਹਾਂ ਦਾ ਦੁੱਖ ਵੰਡਾਉਣ ਲਈ ਵੱਡੀ ਗਿਣਤੀ ਲੋਕ ਉਨ੍ਹਾਂ ਦੇ ਘਰ ਆਏ, ਪਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਹਾਲੇ ਤੱਕ ਉਨ੍ਹਾਂ ਦੇ ਘਰ ਨਹੀਂ ਆਏ ਤੇ ਨਾ ਹੀ ਫੋਨ 'ਤੇ ਉਨ੍ਹਾਂ ਨਾਲ ਕੋਈ ਹਮਦਰਦੀ ਪ੍ਰਗਟਾਈ।

ਕਪੂਰ ਚੰਦ ਨੇ ਦੱਸਿਆ ਕਿ 10 ਮਾਰਚ ਤੇ 22 ਅਗਸਤ ਨੂੰ ਉਹ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ ਤਾਂ ਸ੍ਰੀ ਬਾਦਲ ਨੇ ਕਿਹਾ, 'ਬਹੁਤ ਕੁਝ ਕਰਤਾ ਹੁਣ ਹੋਰ ਕੀ ਕਰੀਏ, ਮੇਰੇ ਤਾਂ ਹੱਥ ਖੜ੍ਹੇ ਨੇ।' ਇਸ ਤੋਂ ਸਪਸ਼ਟ ਜ਼ਾਹਰ ਹੈ ਕਿ ਬਾਦਲ ਪਰਿਵਾਰ ਨੂੰ ਉਨ੍ਹਾਂ ਦੇ ਕੋਹ-ਕੋਹ ਕੇ ਮਾਰੇ ਪੁੱਤ ਦੀ ਮੌਤ ਦਾ ਕੋਈ ਅਫਸੋਸ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਅਫ਼ਸਰਸ਼ਾਹੀ ਦੋਸ਼ੀਆਂ ਦੀ ਮਦਦ ਕਰ ਰਹੀ ਹੈ। ਭੀਮ ਕਤਲ ਕਾਂਡ ਦਾ ਮੁਲਜ਼ਮ ਸ਼ਿਵ ਲਾਲ ਡੋਡਾ ਤੇ ਉਸ ਦਾ ਭਤੀਜਾ ਅਮਿਤ ਡੋਡਾ ਫਾਜ਼ਿਲਕਾ ਦੀ ਸਬ ਜੇਲ੍ਹ ਵਿਚ ਬੰਦ ਹਨ, ਜਿਥੇ ਉਨ੍ਹਾਂ ਨੂੰ ਹਰ 'ਸਹੂਲਤ' ਦਿੱਤੀ ਜਾ ਰਹੀ ਹੈ ਤੇ ਉਹ ਆਪਣਾ ਕਾਰੋਬਾਰ ਵੀ ਚਲਾ ਰਹੇ ਹਨ। ਜਦਕਿ ਕਾਨੂੰਨ ਅਨੁਸਾਰ ਇਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਬੰਦ ਹੋਣੇ ਚਾਹੀਦੇ ਸਨ। ਭੀਮ ਦੀ ਮਾਤਾ ਨੇ ਕਿਹਾ ਕਿ ਜੇਕਰ ਸ਼ਿਵ ਲਾਲ ਡੋਡਾ ਤੇ ਅਮਿਤ ਡੋਡਾ ਨੂੰ ਫਾਜ਼ਿਲਕਾ ਤੋਂ ਫਿਰੋਜ਼ਪੁਰ ਜੇਲ੍ਹ ਵਿਚ ਨਾ ਬਦਲਿਆ ਗਿਆ ਤਾਂ ਉਹ 17 ਅਕਤੂਬਰ ਤੋਂ ਫਾਜ਼ਿਲਕਾ ਜੇਲ੍ਹ ਦੇ ਬਾਹਰ ਮਰਨ ਵਰਤ 'ਤੇ ਬੈਠੇਗੀ।

'ਭੀਮ ਕਤਲ ਕਾਂਡ ਸੰਘਰਸ਼ ਕਮੇਟੀ' ਦੇ ਕਨਵੀਨਵਰ ਇੰਜਨੀਅਰ ਗੋਪੀ ਚੰਦ ਸਾਂਦੜ ਨੇ ਦੱਸਿਆ ਕਿ ਜੇਕਰ ਲੋਕਾਂ ਦਾ ਸਾਥ ਨਾ ਮਿਲਦਾ ਤਾਂ ਇਸ ਕਤਲ ਕਾਂਡ ਨੂੰ ਪੁਲੀਸ ਨੇ ਖੁਰਦ-ਬੁਰਦ ਹੀ ਕਰ ਦੇਣਾ ਸੀ। ਹੁਣ ਵੀ ਦੋਸ਼ੀ ਉਨ੍ਹਾਂ ਨੂੰ ਅਤੇ ਗਵਾਹ ਅਜੈ ਕੁਮਾਰ ਅਤੇ ਜਸਪਾਲ ਸਿੰਘ ਭੋਲਾ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ ਤੇ ਪੁਲੀਸ ਮੂਕ ਦਰਸ਼ਕ ਬਣੀ ਬੈਠੀ ਹੈ। ਉਨ੍ਹਾਂ ਦੱਸਿਆ ਕਿ ਇਸ ਕਤਲ ਕਾਂਡ ਵਿਚ 26 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਹੈ ਜਿਸ ਵਿਚੋਂ 2 ਜ਼ਮਾਨਤ 'ਤੇ ਹਨ ਤੇ 22 ਫਿਰੋਜ਼ਪੁਰ ਜੇਲ੍ਹ ਵਿਚ ਬੰਦ ਹਨ। ਮੁੱਖ ਮੁਲਜ਼ਮ ਸ਼ਿਵ ਲਾਲ ਡੋਡਾ ਤੇ ਅਮਿਤ ਡੋਡਾ ਫਾਜ਼ਿਲਕਾ ਜੇਲ੍ਹ ਵਿਚ ਬੰਦ ਹਨ। ਜ਼ਿਕਰਯੋਗ ਹੈ ਕਿ ਅਬੋਹਰ ਬੱਸ ਅੱਡੇ ਸਾਹਮਣੇ ਆਪਣੇ ਜੱਦੀ ਘਰ ਨੇੜੇ 1987 ਤੱਕ ਬਰਫ਼ ਦਾ ਅੱਡਾ ਲਾਉਣ ਵਾਲਾ ਸ਼ੁਰਲੀ, ਇੱਕ ਵਾਰਦਾਤ ਤੋਂ ਬਾਅਦ ਦਿੱਲੀ ਰਹਿੰਦੇ ਆਪਣੇ ਮਾਸੀ-ਮਾਸੜ ਕੋਲ ਚਲਾ ਗਿਆ ਸੀ। ਕਰੀਬ 25 ਸਾਲ ਉਥੇ ਰਹਿਣ ਤੋਂ ਬਾਅਦ ਜਦੋਂ ਉਹ ਅਬੋਹਰ ਵਾਪਸ ਆਇਆ ਤਾਂ ਸ਼ੁਰਲੀ ਤੋਂ ਸੇਠ ਸ਼ਿਵ ਲਾਲ ਡੋਡਾ ਬਣ ਚੁੱਕਿਆ ਸੀ। ਹੁਣ ਉਹ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਵਿਚ ਸੈਂਕੜੇ ਸ਼ਰਾਬ ਦੇ ਠੇਕਿਆਂ ਸਣੇ ਹੋਰ ਕਈ ਕਾਰੋਬਾਰ

ਬਾਕੀ ਸਫ਼ਾ 32 'ਤੇ



ਭੀਮ ਟਾਂਕ ਦੇ ਮਾਤਾ ਪਿਤਾ ਆਪਣਾ ਦੁੱਖ ਜ਼ਾਹਿਰ ਕਰਦੇ ਹੋਏ।

### ਪੀੜਤਾਂ ਲਈ ਇਨਸਾਫ਼ ਦੀ ਆਸ ਮੁੱਕੀ

ਤਰਨ ਤਾਰਨ : ਦਲਿਤਾਂ ਨਾਲ ਹੋਏ ਅਤਿਆਚਾਰਾਂ ਕਰ ਕੇ ਜਿਥੇ ਪੁਲੀਸ ਸਮੇਤ ਸਮੁੱਚਾ ਪ੍ਰਸ਼ਾਸਨ ਨਮੋਸ਼ੀ ਦਾ ਸਾਹਮਣਾ ਕਰ ਰਿਹਾ ਹੈ, ਉਥੇ ਅਜਿਹੇ ਮਾਮਲਿਆਂ ਸਬੰਧੀ ਹਾਕਮ ਧਿਰ ਦੀ ਭੂਮਿਕਾ ਸਦਾ ਹੀ ਸ਼ੱਕੀ ਦਿਖਾਈ ਦਿੱਤੀ ਹੈ। ਪ੍ਰਸ਼ਾਸਨ ਵੱਲੋਂ ਜਦੋਂ ਅਜਿਹੇ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਸੀ ਤਾਂ ਰਾਜਸੀ ਦਖ਼ਲਅੰਦਾਜ਼ੀ ਕਾਰਨ ਇਨ੍ਹਾਂ ਦੀ ਰੂਪ ਰੇਖਾ ਅਜਿਹੀ ਵਿਗੜੀ ਕਿ ਪੀੜਤਾਂ ਲਈ ਇਨਸਾਫ਼ ਦੀ ਆਸ ਹੀ ਮੁੱਕ ਗਈ।

ਪੀੜਤ ਧਿਰ ਦੀ ਤਸੱਲੀ ਲਈ ਜੇ ਕੇਸ ਦਰਜ ਕਰ ਲਿਆ ਜਾਂਦਾ ਹੈ ਤਾਂ ਸਮੇਂ ਦੇ ਫੇਰ ਨਾਲ ਉਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਜਾਂ ਫਿਰ ਇਸ ਮਾਮਲੇ ਨੂੰ ਕੋਈ ਹੋਰ ਰੰਗਤ ਦੇ ਦਿੱਤੀ ਜਾਂਦੀ ਹੈ। ਬਹੁਤੀ ਵਾਰ ਅਜਿਹੇ ਮਾਮਲਿਆਂ ਸਬੰਧੀ ਪੁਲੀਸ ਕਾਰਵਾਈ ਕਰਾਉਣ ਵਾਸਤੇ ਦਲਿਤ ਜਥੇਬੰਦੀਆਂ ਨੂੰ ਧਰਨੇ ਮੁਜ਼ਾਹਰਿਆਂ ਦਾ ਰਾਹ ਅਪਨਾਉਣਾ ਪਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਤਰਨ ਤਾਰਨ ਜ਼ਿਲ੍ਹੇ ਵਿੱਚ ਪਿਛਲੇ ਤਿੰਨ ਸਾਲ ਦੌਰਾਨ ਅਨੁਸੂਚਿਤ ਜਾਤੀਆਂ ਨਾਲ ਅਤਿਆਚਾਰਾਂ ਦੇ 20 ਕੇਸ ਦਰਜ ਕੀਤੇ ਗਏ। ਇਨ੍ਹਾਂ ਵਿੱਚੋਂ 12 ਪੁਲੀਸ ਨੇ ਖ਼ੁਦ ਕੀਤੀ ਜਾਂਚ ਉਪਰੰਤ ਰੱਦ ਕਰ ਦਿੱਤੇ ਤੇ ਸੱਤ ਦੀ ਜਾਂਚ ਚੱਲ ਰਹੀ ਹੈ। ਕੇਵਲ ਇਕ ਮਾਮਲੇ ਦਾ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਨੋਡਲ ਅਧਿਕਾਰੀ ਐਸ. ਪੀ. (ਇਨਵੈਸਟੀਗੇਸ਼) ਜਗਮੋਹਨ ਸਿੰਘ ਨੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਵੀ ਕੀਤੀ ਹੈ। ਇਲਾਕੇ ਵਿੱਚ ਸਾਢੇ ਤਿੰਨ ਸਾਲ ਪਹਿਲਾਂ ਵਾਪਰੇ ਉਸਮਾਂ ਕਾਂਡ ਦੀ ਗੂੰਜ ਦੇਸ਼ ਦੀ ਸੁਪਰੀਮ ਕੋਰਟ ਤੱਕ ਗਈ ਸੀ। ਸੁਪਰੀਮ ਕੋਰਟ ਨੇ

ਬਾਕੀ ਸਫ਼ਾ 32 'ਤੇ

# ਨਾਜਾਇਜ਼ ਸ਼ਰਾਬ ਨਾ ਵੇਚਣ 'ਤੇ ਅੱਖਾਂ ਕੱਢੀਆਂ, ਕੰਨ ਵੱਢ ਕੇ ਕਤਲ ਕੀਤਾ

**ਮੁਕਤਸਰ/ਬਿਊਰੋ ਨਿਊਜ਼** : ਸ਼ਰਾਬ ਵੇਚਣ ਤੋਂ ਮਨ੍ਹਾ ਕਰਨ 'ਤੇ ਗਾਂਧੀਨਗਰ ਦੇ 18 ਸਾਲ ਦੇ ਦਲਿਤ ਨੌਜਵਾਨ ਅਜੈ ਕੁਮਾਰ ਦੀਆਂ ਅੱਖਾਂ ਕੱਢਣ ਅਤੇ ਕੰਨ ਵੱਢ ਕੇ ਕਤਲ ਕਰਨ ਦੇ ਮਾਮਲੇ ਵਿਚ ਐਸ.ਸੀ. ਕਮਿਸ਼ਨ ਦੇ ਉਪ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਜਾਂਚ ਲਈ ਮੁਕਤਸਰ ਪਹੁੰਚੇ। ਉਨ੍ਹਾਂ ਨੇ ਐਸ.ਡੀ.ਐਮ. ਰਾਮ ਸਿੰਘ ਨੂੰ ਮ੍ਰਿਤਕ ਦੇ ਪਰਿਵਾਰ ਦੇ ਬਿਆਨ ਦਰਜ ਕਰਨ ਦੇ ਹੁਕਮ ਦਿੱਤੇ ਹਨ। ਨਾਲ ਹੀ ਪੀੜਤ ਪਰਿਵਾਰ ਨੂੰ 8 ਲੱਖ ਮੁਆਵਜ਼ਾ ਦੇਣ ਲਈ ਕਿਹਾ ਹੈ। ਉਨ੍ਹਾਂ ਨੇ ਐਸ.ਪੀ. (ਡੀ) ਬਲਜੀਤ ਸਿੰਘ ਤੋਂ ਕੇਸ ਦੀ ਜਾਣਕਾਰੀ ਲਈ। ਐਸ.ਪੀ. ਨੇ ਦੱਸਿਆ ਕਿ ਹੱਤਿਆ ਦੇ ਮੁਲਜ਼ਮ ਸਾਗਰ ਉਰਫ਼ ਪਾਂਗਾ, ਰੋਹਿਤ ਉਰਫ਼ ਮਾਂਡਾ, ਮਨਦੀਪ, ਸੰਦੀਪ ਤੇ ਦੀਪਾ ਨੂੰ ਗ੍ਰਿਫ਼ਤਾਰ ਕਰਕੇ ਰਿਮਾਂਡ 'ਤੇ ਲਿਆ ਹੈ। ਜ਼ਿਕਰਯੋਗ ਹੈ ਕਿ 7 ਅਕਤੂਬਰ ਨੂੰ ਅਜੈ ਕੁਮਾਰ ਦਾ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਕੁਝ ਨੌਜਵਾਨਾਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਪੀੜਤ ਪਰਿਵਾਰ ਦਾ ਦੋਸ਼ ਸੀ ਕਿ ਮੁਲਜ਼ਮਾਂ ਵਿਚੋਂ ਦੋ ਦਾ ਰਿਸ਼ਤੇਦਾਰ ਸ਼੍ਰੋਮਣੀ ਅਕਾਲੀ ਦਲ ਦਾ ਕੌਂਸਲਰ ਹੈ, ਇਸ ਲਈ ਪੁਲੀਸ ਕਾਰਵਾਈ ਨਹੀਂ ਕਰ ਰਹੀ। ਪਰਿਵਾਰ ਵਾਲਿਆਂ ਨੇ ਪੁਲੀਸ ਖ਼ਿਲਾਫ਼ ਧਰਨਾ ਵੀ ਦਿੱਤਾ ਸੀ। ਇਸ ਤੋਂ ਬਾਅਦ ਪੁਲੀਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।



# ਅਜੈ ਕੁਮਾਰ ਦੇ ਕਾਤਲਾਂ ਨੂੰ ਹਾਲੇ ਤਕ ਨਹੀਂ ਮਿਲੀ ਸਜ਼ਾ

**ਸ੍ਰੀ ਮੁਕਤਸਰ ਸਾਹਿਬ** : ਮੁਕਤਸਰ ਵਿੱਚ 7 ਅਕਤੂਬਰ ਨੂੰ ਕਤਲ ਕੀਤੇ 17 ਸਾਲਾ ਨੌਜਵਾਨ ਅਜੈ ਕੁਮਾਰ ਦੇ ਸ਼ਰਧਾਂਜਲੀ ਸਮਾਗਮ ਵਿਚ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ, ਸਮਾਜ ਸੇਵਕਾਂ ਤੇ ਬੁੱਧੀਜੀਵੀਆਂ ਨੇ ਇਕ ਮੱਤ ਹੋ ਕੇ ਦੋਸ਼ੀਆਂ ਲਈ ਫਾਂਸੀ ਦੀ ਸਜ਼ਾ ਦੀ ਮੰਗ ਕਰਦਿਆਂ ਸਮਾਜ ਨੂੰ ਸੁਧਾਰਨ ਲਈ ਲੋਕ ਪੱਖੀ ਨੀਤੀਆਂ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। 'ਅਜੈ ਕਤਲ ਕਾਂਡ ਸੰਘਰਸ਼ ਕਮੇਟੀ' ਦੇ ਕਨਵੀਨਰ ਅਸ਼ੋਕ ਚੁੱਘ ਨੇ ਦੱਸਿਆ ਕਿ ਅਜੈ ਦੇ 17ਵੇਂ ਜਨਮ ਦਿਨ 'ਤੇ ਬੇਕਿਰਕੀ ਨਾਲ ਉਸ ਦਾ ਸਿਰਫ਼ ਇਸ ਕਰ ਕੇ ਸ਼ਰਾਬ ਦੇ ਤਸਕਰਾਂ ਨੇ ਕਤਲ ਕਰ ਦਿੱਤਾ ਕਿ ਅਜੈ ਉਨ੍ਹਾਂ ਲਈ ਸ਼ਰਾਬ ਦੀ ਤਸਕਰੀ ਨਹੀਂ ਕਰਦਾ ਸੀ। ਅਕਾਲੀ ਦਲ ਦੇ ਹਲਕਾ ਮੁਕਤਸਰ ਦੇ ਇੰਚਾਰਜ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਕਿਹਾ ਕਿ ਅਜੈ ਦੇ ਕਤਲ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਦੁੱਖ ਹੈ ਤੇ ਛੇਤੀ ਹੀ ਉਹ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਉਣਗੇ। ਉਨ੍ਹਾਂ ਨੇ ਸਰਕਾਰ ਵੱਲੋਂ ਦੋ ਲੱਖ ਰੁਪਏ ਦਾ ਚੈੱਕ ਤੇ ਇੱਕ ਲੱਖ ਰੁਪਏ ਆਪਣੇ ਕੋਲੋਂ ਪੀੜਤ ਪਰਿਵਾਰ ਨੂੰ ਦਿੱਤੇ ਤੇ ਵਾਅਦਾ ਕੀਤਾ ਕਿ ਉਹ ਇਸ ਪਰਿਵਾਰ ਦੇ ਇੱਕ ਜੀਅ ਦੀ ਨੌਕਰੀ ਵਾਸਤੇ ਵੀ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਅਜਿਹੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਅਜੈ ਦੇ ਪਿਤਾ ਜੱਜ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਤਾਂ ਵਾਪਸ ਨਹੀਂ ਆ ਸਕਦਾ ਪਰ ਜੇ ਦੋਸ਼ੀਆਂ ਨੂੰ ਸਜ਼ਾ ਮਿਲ ਜਾਵੇ ਤਾਂ ਉਨ੍ਹਾਂ ਦਾ ਕਾਨੂੰਨ ਵਿੱਚ ਭਰੋਸਾ ਬਣਿਆ ਰਹੇਗਾ। ਇਸ ਮੌਕੇ ਵਿਧਾਇਕਾ ਕਰਨ ਕੌਰ ਬਰਾੜ, ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ, ਸੁਖਦਰਸ਼ਨ ਸਿੰਘ ਮਰਾੜ੍ਹ, ਜਗਜੀਤ ਸਿੰਘ ਹਨੀ ਫੱਤਣਵਾਲਾ, 'ਆਪ' ਉਮੀਦਵਾਰ ਜਗਦੀਪ ਸਿੰਘ ਕਾਕਾ, ਲੋਕ ਜਨ ਸ਼ਕਤੀ ਪਾਰਟੀ ਦੇ ਬਲਦੇਵ ਸਿੰਘ ਅਤੇ ਕਾਂਗਰਸ ਦੇ ਐਸ. ਸੀ. ਵਿੰਗ ਦੇ ਚੇਅਰਮੈਨ ਚੌਧਰੀ ਰਵਿੰਦਰ ਕੁਮਾਰ ਰੋਜ਼ੀ ਨੇ ਪੁਲੀਸ ਪ੍ਰਸ਼ਾਸਨ ਦੀ ਢਿੱਲੀ ਕਾਰਵਾਈ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਲਈ ਸਖ਼ਤ ਸਜ਼ਾ ਦੀ ਮੰਗ ਕੀਤੀ। ਸੰਘਰਸ਼ ਕਮੇਟੀ ਦੇ ਬੁਲਾਰੇ ਹਰਦੀਪ ਸਿੰਘ ਬੀਤਾ ਨੇ ਦੱਸਿਆ ਕਿ ਕੇਸ ਦਰਜ ਕਰਾਉਣ ਤੋਂ ਲੈ ਕੇ ਸ਼ਰਧਾਂਜਲੀ ਸਮਾਰੋਹ ਤੱਕ ਸਾਰਾ ਖਰਚਾ ਲੋਕਾਂ ਦੀ ਮਦਦ ਨਾਲ ਹੋਇਆ ਹੈ।

# ਸ਼ਰਾਬ ਠੇਕੇਦਾਰ ਦੇ ਕਰਿੰਦਿਆਂ ਵਲੋਂ ਦਲਿਤ ਨੌਜਵਾਨ ਦੀ ਕੁੱਟਮਾਰ, ਗੰਭੀਰ ਜ਼ਖ਼ਮੀ

ਸੰਗਰੂਰ : ਇੱਥੇ ਸ਼ਰਾਬ ਠੇਕੇਦਾਰਾਂ ਦੇ ਕਰਿੰਦਿਆਂ ਨੇ ਇੱਕ ਦਲਿਤ ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਹੈ। ਜ਼ਖ਼ਮੀ ਨੌਜਵਾਨ ਨੂੰ ਇੱਥੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਪਟਿਆਲਾ ਰੈਫਰ ਕਰ ਦਿੱਤਾ। ਇੱਥੇ ਸਿਵਲ ਹਸਪਤਾਲ ਵਿੱਚ ਪੀੜਤ ਦੇ ਭਰਾ ਪ੍ਰਦੀਪ ਕੁਮਾਰ ਵਾਸੀ ਡਾ. ਅੰਬੇਦਕਰ ਨਗਰ ਸੰਗਰੂਰ ਨੇ ਦੱਸਿਆ ਕਿ ਉਸ ਦਾ ਭਰਾ ਬਿੱਟੂ ਸਕੂਟਰ 'ਤੇ ਘਰ ਆ ਰਿਹਾ ਸੀ। ਉਹ ਜਦੋਂ ਉਪਲੀ ਰੋਡ 'ਤੇ ਮੈਗਨਮ ਪੈਲੇਸ ਨੇੜੇ ਪੁੱਜਿਆ ਤਾਂ ਇੱਕ ਗੱਡੀ ਵਿੱਚ ਸਵਾਰ ਸ਼ਰਾਬ ਠੇਕੇਦਾਰਾਂ ਦੇ ਚਾਰ ਕਰਿੰਦਿਆਂ ਨੇ ਸਕੂਟਰ ਨੂੰ ਫੇਟ ਮਾਰ ਕੇ ਬਿੱਟੂ ਨੂੰ ਹੇਠਾਂ ਸੁੱਟ ਦਿੱਤਾ। ਉਨ੍ਹਾਂ ਬਿੱਟੂ 'ਤੇ ਸ਼ਰਾਬ ਤਸਕਰੀ ਦੇ ਦੋਸ਼ ਲਾਉਂਦਿਆਂ ਸਕੂਟਰ ਦੀ ਤਲਾਸ਼ੀ ਲਈ। ਜਦੋਂ ਸਕੂਟਰ ਵਿੱਚੋਂ ਕੁੱਝ ਨਾ ਮਿਲਿਆ ਤਾਂ ਕਰਿੰਦਿਆਂ ਨੇ ਬਿੱਟੂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਹਮਲਾਵਰ ਬਿੱਟੂ ਨੂੰ ਜ਼ਖ਼ਮੀ ਹਾਲਤ ਵਿੱਚ ਚੁੱਕ ਕੇ ਲੈ ਗਏ ਅਤੇ ਸ਼ਹਿਰ ਵਿੱਚ ਮਦਨਜੀਤ ਦੀ ਕੋਠੀ ਨਜ਼ਦੀਕ ਸੁੱਟ ਦਿੱਤਾ। ਲਹੂ-ਲੁਹਾਣ ਹੋਏ ਬਿੱਟੂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਪ੍ਰਦੀਪ ਕੁਮਾਰ ਨੇ ਦੱਸਿਆ ਕਿ ਸ਼ਰਾਬ ਠੇਕੇਦਾਰਾਂ ਦੇ ਕਰਿੰਦੇ ਪਿਛਲੇ ਕਈ ਦਿਨਾਂ ਤੋਂ ਬਿੱਟੂ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਸਨ ਅਤੇ ਘਰ ਵਿੱਚ ਜਬਰੀ ਦਾਖ਼ਲ ਹੋ ਕੇ ਤਲਾਸ਼ੀ ਵੀ ਲੈ ਚੁੱਕੇ ਹਨ ਪਰ ਬਿੱਟੂ ਦੇ ਘਰੋਂ ਸ਼ਰਾਬ ਬਰਾਮਦ ਨਹੀਂ ਹੋਈ। ਇਸ ਦੇ ਬਾਵਜੂਦ ਕਰਿੰਦਿਆਂ ਨੇ ਬਿੱਟੂ ਦਾ ਪਿੱਛਾ ਨਹੀਂ ਛੱਡਿਆ। ਇਸ ਸਬੰਧੀ ਥਾਣਾ ਸਿਟੀ ਪੁਲੀਸ ਦੇ ਇੰਚਾਰਜ ਹਰਿੰਦਰ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਬਿੱਟੂ ਦੇ ਬਿਆਨ ਦਰਜ ਕਰਨ ਲਈ ਪੁਲੀਸ ਪਾਰਟੀ ਹਸਪਤਾਲ ਗਈ ਸੀ ਪਰ ਡਾਕਟਰਾਂ ਨੇ ਅਜੇ ਉਸ ਨੂੰ ਬਿਆਨ ਦੇਣ ਯੋਗ ਨਾ ਦੱਸਦਿਆਂ ਉਸ ਨੂੰ ਪਟਿਆਲਾ ਰੈਫਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬਿਆਨ ਦਰਜ ਕਰਨ ਤੋਂ ਬਾਅਦ ਹਮਲਾਵਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।



ਅੰਮ੍ਰਿਤਸਰ ਟਾਈਮਜ਼
AMRITSAR TIMES
19 ਅਕਤੂਬਰ 2016 ਤੋਂ 25 ਅਕਤੂਬਰ 2016

# ਸਿੱਖਾਂ ਦੀ ਪਛਾਣ ਬਾਰੇ ਬੇਸਮਝੀ

## *ਮੁਸ਼ਕਲਾਂ ਵਧਾ ਸਕਦੈ ਟਰੰਪ ਦੀ ਪ੍ਰਚਾਰ ਟੀਮ ਦਾ ਟਪਲਾ*

ਅਮਰੀਕਾ ਦੀ ਪ੍ਰਧਾਨਗੀ ਲਈ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਹੋਣ ਵਾਲੀ ਚੋਣ ਲਈ ਅਖ਼ਾੜਾ ਦਿਨੋਂ-ਦਿਨ ਮਘਣ ਦੌਰਾਨ ਸਿੱਖ ਪਛਾਣ ਬਾਰੇ ਅਮਰੀਕੀਆਂ ਦੀ ਅਣਜਾਣਤਾ ਦਾ ਮਸਲਾ ਇੱਕ ਵਾਰ ਫਿਰ ਬੜੇ ਹੀ ਸਪਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਇਆ ਹੈ।

ਚਿੰਤਾ ਵਾਲੀ ਗੱਲ ਇਹ ਹੈ ਕਿ ਸਿੱਖ ਪਛਾਣ ਬਾਰੇ ਬੇਸਮਝੀ ਅਤੇ ਸਿੱਖਾਂ ਨੂੰ ਮੁਸਲਮਾਨ ਸਮਝਣ ਦੀ ਇਹ ਗੰਭੀਰ ਗਲਤੀ ਕਿਸੇ ਆਮ ਅਮਰੀਕੀ ਨੇ ਨਹੀਂ ਬਲਕਿ ਪ੍ਰਧਾਨਗੀ ਦੇ ਅਹੁਦੇ ਲਈ ਦੇਸ਼ ਦੀ ਮੁੱਖ ਵਿਰੋਧੀ ਰਿਪਬਲਿਕਨ ਪਾਰਟੀ ਦੇ ਬਹੁਤ ਚਰਚਿਤ ਉਮੀਦਵਾਰ ਡੋਨਾਲਡ ਟਰੰਪ ਨੇ ਕੀਤੀ ਹੈ। ਵੱਖ ਵੱਖ ਵਿਵਾਦਾਂ ਤੋਂ ਇਲਾਵਾ ਮੁਸਲਮਾਨਾਂ ਅਤੇ ਔਰਤਾਂ ਬਾਰੇ ਅਪਣੀਆਂ ਬੇਹੂਦਾ ਟਿੱਪਣੀਆਂ ਕਾਰਨ ਚਰਚਾ ਦਾ ਕੇਂਦਰ ਬਣੇ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਦੌਰਾਨ ਇਕ ਇਸ਼ਤਿਹਾਰ ਜਾਰੀ ਕੀਤਾ ਗਿਆ ਹੈ ਜਿਸ ਵਿਚ ਖੱਬੇ ਪਾਸੇ ਲੱਗੀ ਤਸਵੀਰ ਖ਼ਾਸ ਧਿਆਨ ਦੀ ਮੰਗ ਕਰਦੀ ਹੈ। ਇਹ ਤਸਵੀਰ ਲਾਲ, ਚਿੱਟੀ ਤੇ ਨੀਲੇ ਰੰਗ ਦੀਆਂ ਧਾਰੀਆਂ ਵਾਲੀ ਪੱਗ ਬੰਨ੍ਹੀ ਇਕ ਵਿਅਕਤੀ ਦੀ ਹੈ ਜਿਸ 'ਤੇ 'ਮੁਸਲਿਮ' ਸ਼ਬਦ ਲਿਖਿਆ ਹੈ। ਅਸਲੀਅਤ ਵਿੱਚ ਇਹ ਤਸਵੀਰ ਗੁਰਿੰਦਰ ਸਿੰਘ ਖ਼ਾਲਸਾ ਦੀ ਹੈ ਜੋ ਮੁਸਲਮਾਨ ਨਹੀਂ। ਨਾ ਹੀ ਉਹ ਟਰੰਪ ਦਾ ਸਮਰਥਕ ਹੈ। ਇਸ਼ਤਿਹਾਰ ਉਪਰ ਲਿਖਿਆ ਹੈ ਕਿ ਤਸਵੀਰਾਂ ਵਿਚ ਸ਼ਾਮਲ ਸਮੁੱਚਾ ਭਾਈਚਾਰਾ ਉਨ੍ਹਾਂ ਦੀ ਹਮਾਇਤ ਕਰਦਾ ਹੈ। ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਕਿ ਇੱਕ ਅੰਮ੍ਰਿਤਧਾਰੀ ਅਤੇ ਸਿੱਖੀ ਬਾਣੇ ਵਾਲੇ ਭਾਈ ਗੁਰਿੰਦਰ ਸਿੰਘ ਖ਼ਾਲਸਾ ਨੂੰ ਇਕ ਮੁਸਲਮਾਨ ਵਜੋਂ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਸਮਿਆਂ 'ਚ ਜਦੋਂ ਹਵਾਈ ਅੱਡਿਆਂ ਅਤੇ ਹੋਰਨਾਂ ਸਰਕਾਰੀ ਅਦਾਰਿਆਂ ਵਿੱਚ ਸਕਿਉਰਿਟੀ ਚੈੱਕ ਮੌਕੇ ਅਤੇ ਰੈਸਟੋਰੈਂਟਾਂ ਤੋਂ ਇਲਾਵਾ ਹੋਰਨਾਂ ਪਬਲਿਕ ਥਾਵਾਂ ਉੱਤੇ ਸਿੱਖਾਂ ਨੂੰ ਪ੍ਰੇਸ਼ਾਨ ਦੀਆਂ ਵਾਰਦਾਤਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ, ਟਰੰਪ ਦੀ ਚੋਣ ਟੀਮ ਦੀ ਇਹ ਕਾਰਵਾਈ ਬੇਹੱਦ ਅਹਿਮਕਾਨਾ ਅਤੇ ਨਿੰਦਣਯੋਗ ਹੈ।

ਇਸ ਸਾਰੇ ਵਰਤਾਰੇ ਦੇ ਪਿਛੋਕੜ ਵਲ ਨਜ਼ਰ ਮਾਰੀਏ ਤਾਂ ਸਾਫ਼ ਜ਼ਾਹਰ ਹੁੰਦਾ ਹੈ ਕਿ ਆਮ ਅਮਰੀਕੀ ਨਾਗਰਿਕਾਂ ਵਲੋਂ ਗਾਹੇ ਬਗਾਹੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨਫ਼ਰਤੀ ਨਿਗਾਹਾਂ ਨਾਲ ਵੇਖਣ ਅਤੇ ਕਈ ਵਾਰ ਬਿਨਾਂ ਵਜ੍ਹਾ ਭੜਕਾਹਟ ਵਿੱਚ ਆ ਕੇ ਹਿੰਸਕ ਹਮਲੇ ਕਰਨ ਦੀਆਂ ਵਾਰਦਾਤਾਂ ਕੋਈ ਨਵੀਂ ਗੱਲ ਨਹੀਂ। ਖ਼ਾਸ ਕਰ 9/11 ਬਾਅਦ ਸਿੱਖ ਲਗਾਤਾਰ ਨਸਲੀ ਹਿੰਸਾ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਕਈ ਮਾਮਲਿਆਂ ਵਿੱਚ ਸਿੱਖਾਂ ਉੱਤੇ ਕੀਤੇ ਅਜਿਹੇ ਹਮਲੇ ਜਾਨਲੇਵਾ ਸਾਬਤ ਹੋਏ ਹਨ। ਮੁਸਲਿਮ ਦਹਿਸ਼ਤਗਰਦਾਂ ਵਲੋਂ 9 ਸਤੰਬਰ 2001 ਵਾਲੇ ਦਿਨ ਨਿਊਯਾਰਕ ਵਿਚਲੇ ਅਮਰੀਕੀ ਟਰੇਡ ਟਾਵਰਾਂ ਸਮੇਤ ਕਈ ਥਾਵਾਂ ਉੱਤੇ ਕੀਤੇ ਹਮਲਿਆਂ ਬਾਅਦ ਮੁਸਲਮਾਨ ਸਮਝ ਕੇ ਨਸਲੀ ਹਿੰਸਾ ਦਾ ਪਹਿਲਾ ਸ਼ਿਕਾਰ ਅਰੀਜ਼ੋਨਾ ਸੂਬੇ ਵਿੱਚ ਗੈਸ ਸਟੇਸ਼ਨ ਮਾਲਕ ਸਿੱਖ ਬਲਬੀਰ ਸਿੰਘ ਸੋਢੀ ਸਨ। ਉਸ ਤੋਂ ਬਾਅਦ ਅਮਰੀਕਾ ਦੇ ਵੱਖ ਵੱਖ ਭਾਗਾਂ ਵਿੱਚ ਸਿੱਖਾਂ ਨੂੰ ਅਜਿਹੇ ਨਸਲੀ ਹਮਲਿਆਂ ਦੀ ਮਾਰ ਸਹਿਣੀ ਪੈਂਦੀ ਆ ਰਹੀ ਹੈ। ਸੋਢੀ ਪਰਿਵਾਰ ਲਈ ਇਸ ਤੋਂ ਵੱਡਾ ਦੁਖਾਂਤ ਕੁਝ ਮਹੀਨਿਆਂ ਬਾਅਦ ਉਸ ਦੇ ਭਰਾ ਸੁੱਖਪਾਲ ਸਿੰਘ ਸੋਢੀ ਦੀ ਸਾਨ ਫਰਾਂਸਿਸਕੋ, ਜਿੱਥੇ ਉਹ ਟੈਕਸੀ ਚਲਾਉਂਦਾ ਸੀ, ਵਿੱਚ ਗੋਲੀਆਂ ਮਾਰ ਕੇ ਹਤਿਆ ਕੀਤੇ ਜਾਣਾ ਸੀ। ਸੰਨ 2012 'ਚ ਬੰਦੂਕਧਾਰੀ ਨਸਲੀ ਗੋਰੇ ਵੇਡ ਮਾਈਕਲ ਪੇਜ ਵਲੋਂ ਵਿਸਕੌਂਸਿਨ ਸੂਬੇ ਦੇ ਓਕ ਕਰੀਕ ਗੁਰਦੁਆਰਾ ਸਾਹਿਬ 'ਚ ਦਾਖ਼ਲ ਹੋ ਕੇ ਕੀਤਾ ਕਾਤਲਾਨਾ ਹਮਲਾ, ਜਿਸ ਵਿੱਚ ਗੁਰੂ ਘਰ ਦੇ ਪ੍ਰਧਾਨ ਭਾਈ ਸਤਵੰਤ ਸਿੰਘ ਕਾਲੇਕਾ ਸਮੇਤ 6 ਸਿੱਖ ਮਾਰੇ ਗਏ ਸਨ, ਸਿੱਖਾਂ-ਮੁਸਲਮਾਨਾਂ ਪ੍ਰਤੀ ਇਸੇ ਫਿਰਕੂ ਨਫ਼ਰਤ ਦੀ ਬੜੀ ਨਿੰਦਣਯੋਗ ਹਰਕਤ ਸੀ।

ਬਹੁ ਧਰਮੀ ਅਤੇ ਵੱਖ ਵੱਖ ਸਭਿਆਚਾਰਾਂ ਵਾਲੇ ਸਮਾਜ ਵਿੱਚ ਹਰ ਭਾਈਚਾਰੇ ਦੇ ਲੋਕਾਂ ਨੂੰ ਹੋਰਨਾਂ ਧਰਮਾਂ ਅਤੇ ਫਿਰਕਿਆਂ ਬਾਰੇ ਲੋੜੀਂਦੀ ਜਾਣਕਾਰੀ ਅਤੇ ਸੂਝ ਬੂਝ ਦੀ ਬੜੀ ਜ਼ਰੂਰੀ ਲੋੜ ਹੁੰਦੀ ਹੈ। ਅਮਰੀਕੀ ਸਮਾਜ ਵਿੱਚ ਅਜਿਹੇ ਸੰਵੇਦਨਸ਼ੀਲ ਮਸਲਿਆਂ ਸਬੰਧੀ ਸਮਝ ਦੀ ਘਾਟ ਅਕਸਰ ਉੱਭਰ ਕੇ ਸਾਹਮਣੇ ਆਉਂਦੀ ਹੈ। ਵੈਸੇ ਤਾਂ ਬਹੁਤੇ ਸਮਾਜਾਂ ਦੇ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਤੱਕ ਦਾ ਸਫ਼ਰ ਕਰਨ ਵਾਲੇ ਆਮ ਲੋਕਾਂ ਕੋਲ ਅਪਣੇ ਘਰ, ਪਰਿਵਾਰ, ਸ਼ਹਿਰ, ਪਹਿਨਣ-ਪਚ੍ਰਨ ਅਤੇ ਖਾਣ ਪੀਣ ਵਿੱਚ ਰੁਝੇ ਰਹਿਣ ਤੋਂ ਇਲਾਵਾ ਬਾਕੀ ਦੀ ਦੁਨੀਆ ਨਾਲ ਵਾਹ ਵਾਸਤਾ ਰੱਖਣ ਦੀ ਫੁਰਸਤ ਹੀ ਕਿੱਥੇ ਮਿਲਦੀ ਹੈ। ਕੋਈ ਸਮੇਂ ਸਨ ਜਦੋਂ ਬਹੁਤੇ ਮੁਲਕਾਂ ਤੇ ਸਮਾਜਾਂ ਨੂੰ ਸਥਾਨਕਤਾ ਤੋਂ ਪਾਰ ਜਾਣ ਦੀ ਬਹੁਤੀ ਲੋੜ ਹੀ ਨਹੀਂ ਸੀ ਹੁੰਦੀ। ਨਾ ਹੀ ਹੋਰਨਾਂ ਸਮਾਜਾਂ ਤੇ ਭਾਈਚਾਰਿਆਂ ਬਾਰੇ ਸੂਝ ਬੂਝ ਦੀ ਅਣਹੋਂਦ ਬੇਲੋੜੇ ਬਖੇੜੇ ਖੜ੍ਹੀ ਕਰਦੀ ਸੀ। ਹੁਣ ਸਮੇਂ ਬਦਲ ਗਏ ਅਤੇ ਸਮਾਜ ਵੀ। ਇਸ ਲਈ ਧਾਰਮਿਕ ਅਤੇ ਸਭਿਆਚਾਰਕ ਪਛਾਣਾਂ ਤੋਂ ਵਿਰਵੇ ਹੋਣ ਵਾਲੇ ਸਮਾਜਾਂ ਦੇ ਮੈਂਬਰਾਂ ਨੂੰ ਹੋਰਨਾਂ ਲੋਕਾਂ ਦੇ ਧਾਰਮਿਕ ਅਕੀਦਿਆਂ, ਰਵਾਇਤਾਂ, ਸਭਿਆਚਾਰਕ ਪਛਾਣ ਚਿੰਨ੍ਹਾਂ ਅਤੇ ਇਸ ਤੋਂ ਵੀ ਵੱਧ ਪਹਿਰਾਵੇ ਜਿਹੇ ਨੁਕਤਿਆਂ ਬਾਰੇ ਜਾਗਰੂਕ ਹੋਣ ਅਤੇ ਕਰਨ ਦੀ ਲੋੜ ਹੈ। ਦੁਨੀਆ ਦੇ ਸਭ ਤੋਂ ਪੁਰਾਣੇ ਅਤੇ ਵੱਡੇ ਲੋਕ ਰਾਜ ਅਮਰੀਕਾ 'ਚ ਹੋਰਨਾਂ ਭਾਈਚਾਰਿਆਂ ਨਾਲ ਸਬੰਧ ਰੱਖਣ ਵਾਲੇ ਪ੍ਰਵਾਸੀਆਂ ਨੂੰ ਅਜਿਹੀ ਨਸਲੀ ਹਿੰਸਾ ਦਾ ਨਿਸ਼ਾਨਾ ਬਣਾਉਣਾ ਪ੍ਰਸ਼ਾਸਨ ਅਤੇ ਲੋਕਾਂ ਦੇ ਉੱਚੇਚੇ ਧਿਆਨ ਦੀ ਮੰਗ ਕਰਦਾ ਹੈ।

ਇਸ ਤੋਂ ਵੀ ਅਹਿਮ ਨੁਕਤਾ ਇਹ ਕਿ ਅੱਜ ਜਦੋਂ ਦੁਨੀਆ ਦੇ ਹਰ ਖਿੱਤੇ ਅਤੇ ਲੋਕਾਂ ਨੂੰ ਅੱਤਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਸੇ ਇੱਕ ਫਿਰਕੇ ਦੇ ਆਮ ਲੋਕਾਂ ਨੂੰ ਅੱਤਵਾਦੀ ਗਰਦਾਨਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਬੇਸ਼ੱਕ ਆਲਮੀ ਪੱਧਰ ਉੱਤੇ ਦਹਿਸ਼ਤਗਰਦੀ ਗਰੁੱਪਾਂ ਵਿੱਚ ਮੁਸਲਮਾਨ ਭਾਈਚਾਰੇ ਦੇ ਬੰਦੇ ਮੋਹਰੀ ਅਤੇ ਵੱਧ ਗਿਣਤੀ ਵਿੱਚ ਸ਼ਾਮਲ ਹਨ, ਉਸ ਦੇ ਬਾਵਜੂਦ ਹਰ ਮੁਸਲਮਾਨ ਨੂੰ ਮਹਿਜ਼ ਪਹਿਰਾਵੇ ਤੋਂ ਅੱਤਵਾਦੀ ਸਮਝ ਹਿੰਸਾ, ਨਫ਼ਰਤ ਅਤੇ ਪੱਖਪਾਤ ਦਾ ਨਿਸ਼ਾਨਾ ਬਣਾਉਣਾ ਗਲਤ, ਅਮਾਨਵੀ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਤਸੱਲੀ ਵਾਲੀ ਗੱਲ ਹੈ ਕਿ ਅਮਰੀਕੀ ਸਿੱਖ ਭਾਈਚਾਰਾ 'ਮੁਸਲਮਾਨ ਵਜੋਂ ਹਮਲਿਆਂ ਹੇਠ ਆਉਣ ਦੇ ਬਾਵਜੂਦ ਮੁਸਲਮਾਨ ਭਾਈਚਾਰੇ ਪ੍ਰਤੀ ਸਾਂਝ ਉੱਤੇ ਆਂਚ ਨਹੀਂ ਆਉਣ ਦੇ ਰਿਹਾ। ਇਹੋ ਸਿੱਖ ਗੁਰੂਆਂ ਦੀ ਬਾਣੀ ਵਿਚਲੇ ਸੁਨੇਹੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਧੁਰਾ ਹੈ।

ਬੇਧਿਆਨੀ ਵਿੱਚ ਹੀ ਸਹੀ ਟਰੰਪ ਦੇ ਇਸ ਪੋਸਟਰ ਵਿਚਲੀ ਗ਼ਲਤ ਜਾਣਕਾਰੀ ਪਹਿਲਾਂ ਤੋਂ ਹੀ ਨਸਲੀ ਮਾਰ ਝਲਦੇ ਆ ਰਹੇ ਅਮਰੀਕਾ ਵਿਚ ਰਹਿਣ ਵਾਲੇ ਸਿੱਖਾਂ ਲਈ ਨਵੀਆਂ ਮੁਸ਼ਕਲਾਂ ਲੈ ਕੇ ਆਵੇਗਾ। ਸਰਕਾਰ ਅਤੇ ਸੁਰੱਖਿਆ ਵਿਭਾਗਾਂ ਤੋਂ ਇਲਾਵਾ ਸਿੱਖਾਂ ਨੂੰ ਪਹਿਲਾਂ ਨਾਲੋਂ ਵੱਧ ਸੁਚੇਤ ਹੋ ਕੇ ਸਿੱਖ ਪਹਿਚਾਣ ਬਾਰੇ ਹੋਰਨਾਂ ਭਾਈਚਾਰਿਆਂ ਨੂੰ ਸੁਚੇਤ ਕਰਨ ਲਈ ਯਤਨ ਤੇਜ਼ ਕਰਨਗੇ ਪੈਣਗੇ।

# ਜੇਕਰ ਹਿਲੇਰੀ ਜਿੱਤ ਜਾਂਦੀ ਹੈ ਤਾਂ...



**ਇਹ ਮਤਭੇਦ ਕਾਫ਼ੀ ਸਮੇਂ ਤੋਂ ਚੱਲਿਆ ਆ ਰਿਹਾ ਹੈ। ਰਿਪਬਲਿਕਨਾਂ ਨੇ ਓਬਾਮਾ 'ਤੇ ਵਾਰ ਕਰਨ ਲਈ ਆਪਣਾ ਹਰ ਬਿਹਤਰੀਨ ਦਾਅ ਖੇਡਿਆ ਹੈ, ਸਿਰਫ਼ ਇਸ ਕਰਕੇ ਨਹੀਂ ਕਿ ਵਿਚਾਰਾਂ ਦਾ ਮਤਭੇਦ ਹੈ, ਸਗੋਂ ਇਸ ਲਈ ਕਿਉਂਕਿ ਉਨ੍ਹਾਂ ਦੀ ਸਫਲਤਾ ਉਨ੍ਹਾਂ ਨੂੰ ਜ਼ਿਆਦਾ ਪ੍ਰੇਸ਼ਾਨ ਕਰਦੀ ਹੈ। ਹਿਲੇਰੀ ਦੇ ਦੋਹਰੇ ਮਾਪਦੰਡਾਂ ਨੂੰ ਕਿੰਨੀ ਆਸਾਨੀ ਨਾਲ ਸਵੀਕਾਰਿਆ ਜਾਂਦਾ ਹੈ। ਵੱਡਾ ਸਵਾਲ ਇਹ ਹੈ ਕਿ ਜਿਸ ਕੇਂਦਰੀਕਰਨ 'ਤੇ ਉਹ ਡਟੀ ਹੈ, ਉਹ ਸੰਸਾਰੀਕਰਨ ਤੇ ਪਲੂਟੋਕਰੇਸੀ ਖ਼ਿਲਾਫ਼ ਵਿਦਰੋਹ ਕਰ ਰਹੇ ਲੋਕਾਂ ਦੀਆਂ ਚਿੰਤਾਵਾਂ ਨੂੰ ਸ਼ਾਂਤ ਕਰਨ ਲਈ ਕਾਫ਼ੀ ਹੈ ? ਇੱਥੇ ਇਹ ਕਹਿਣਾ ਵਾਜਬ ਹੋਵੇਗਾ ਕਿ ਉਪਰਲੀ ਹੇਠਲੀ ਹੋਣ ਦੀ ਸਥਿਤੀ ਸਾਫ਼ ਸਾਫ਼ ਦਿਖਾਈ ਦੇ ਰਹੀ ਹੈ। ਜਿਥੇ ਖੱਬੀਆਂ ਧਿਰਾਂ ਨੇ ਅਣਜਾਣੇ ਵਿਚ ਅਜਿਹੀ ਜ਼ਮੀਨ ਤਿਆਰ ਕਰ ਦਿੱਤੀ ਹੈ ਜਿਸ 'ਤੇ ਸੱਜਿਆਂ ਨੂੰ ਦੌੜਨ ਦਾ ਮੌਕਾ ਮਿਲ ਗਿਆ ਹੈ।**

## ਪ੍ਰਤਾਪ ਭਾਨੂ ਮਹਿਤਾ

ਹਿਲੇਰੀ ਕਲਿੰਟਨ ਲਗਾਤਾਰ ਡੋਨਾਲਡ ਟਰੰਪ ਨੂੰ ਪਛਾੜਦੀ ਜਾ ਰਹੀ ਹੈ। ਪਰ ਇਹ ਸਵਾਲ ਵਾਰ ਵਾਰ ਜ਼ਿਹਨ ਵਿਚ ਉਠਦਾ ਹੈ ਕਿ ਕੀ ਹਿਲੇਰੀ ਦੀ ਜਿੱਤ ਦੀ ਸੰਭਾਵਨਾ ਅਮਰੀਕੀ ਜਮਹੂਰੀਅਤ ਦੇ ਸੰਕਟ ਬਾਰੇ ਪੂਰੀ ਦੁਨੀਆ ਨੂੰ ਮੁੜ ਵਿਸ਼ਵਾਸ ਵਿਚ ਲੈ ਸਕੇਗੀ। ਇਹ ਚੋਣ ਪਲੈਟੋ ਦੇ ਗਣਰਾਜ ਵਿਚ ਬਿਆਨੀ ਜਮਹੂਰੀਅਤ ਦੇ ਡਰਾਉਣੇ ਪਤਨ ਵਿਚੋਂ ਬਾਹਰ ਨਿਕਲੇਗੀ। ਅਮਰੀਕੀ ਜਮਹੂਰੀਅਤ ਨੇ ਡੂੰਘੀ ਦਮਨਕਾਰੀ ਪ੍ਰਵਿਰਤੀ ਨਾਲ ਇਕ ਆਮ ਆਦਮੀ ਨੂੰ ਬੇਜੋੜ ਥਾਂ ਦਿੱਤੀ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਬੁਰਾਈ ਦੇ ਨਾਲ ਅਜਿਹਾ ਰੁਮਾਂਚ ਦਿੱਤਾ ਜਾ ਰਿਹਾ ਹੈ ਜੋ ਉਤੇਜਤ ਕਰਦਾ ਹੈ। ਇਹ ਭੇਦਭਾਵ ਤੇ ਨਿਆਂ ਦੀ ਸ਼ਕਤੀ ਨੂੰ ਨਿਸ਼ਕਿਰਿਆ ਕਰ ਰਹੀ ਹੈ। ਸੱਚ ਅਤੇ ਰਾਏ ਵਿਚਲੀ ਰੇਖਾ ਨੂੰ ਧੁੰਦਲਾ ਕੀਤਾ ਜਾ ਰਿਹਾ ਹੈ। ਔਰਤਾਂ ਪ੍ਰਤੀ ਭੱਦੀਆਂ ਟਿੱਪਣੀਆਂ ਨਾਲ ਸਾਰੀਆਂ ਮਰਿਆਦਾਵਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਪਾਰਟੀਆਂ ਅਤੇ ਮੀਡੀਆ ਵਰਗੀਆਂ ਸੰਸਥਾਵਾਂ ਇਨ੍ਹਾਂ 'ਤੇ ਕਿਸੇ ਤਰ੍ਹਾਂ ਦੀ ਕੋਈ ਰੋਕ ਲਾਉਣ ਦੀ ਬਜਾਏ ਹੋਰ ਉਕਸਾ ਰਹੀਆਂ ਹਨ। ਕਿਸੇ ਚਰਿਤਰ ਬਾਰੇ ਉਪਦੇਸ਼ ਦੇਣ ਵਾਲੇ ਰਿਪਬਲਿਕਨ ਹੋਰ ਵੀ ਹੇਠਾਂ ਡਿਗਦੇ ਜਾ ਰਹੇ ਹਨ ਤੇ ਇਹ ਸਾਰਾ ਕੁਝ ਗ਼ਰੀਬ ਦੇ ਨਾਂ ਹੇਠ ਹੋ ਰਿਹਾ ਹੈ। ਸਭਿਅਤਾ ਦਾ ਇਹ ਮਖੌਟਾ ਭੁਰਦਾ ਜਾ ਰਿਹਾ ਹੈ।

ਇਹ ਬਹੁਤ ਹੀ ਚਿੰਤਾਜਨਕ ਸਥਿਤੀ ਹੈ ਕਿ ਸਭ ਤੋਂ ਨਿਪੁੰਨ ਅਤੇ ਤਰਕ ਭਰਪੂਰ ਮਾਹੌਲ ਹੋਣ ਦੇ ਬਾਵਜੂਦ ਅਜਿਹੀ ਸਮਝ ਥੋਪੀ ਜਾ ਰਹੀ ਹੈ ਜਿਵੇਂ ਕਿ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਦੇ 8 ਸਾਲਾਂ ਦੇ ਸ਼ਾਸਨ ਵਿਚ ਹੁੰਦਾ ਆ ਰਿਹਾ ਹੈ। ਕਿਵੇਂ ਰਾਸ਼ਟਰਪਤੀ ਦਾ ਅਹੁਦਾ ਨੈਤਿਕ ਉਲਝਾ ਦੇ ਬੀਜ ਉਗਾ ਰਿਹੈ ਹੈ ? ਓਬਾਮਾ ਦੇ ਸ਼ਾਸਨਕਾਲ ਬਾਰੇ ਇੱਥੇ ਵਿਚਾਰ ਕਰਨ ਤੇ ਬਹਿਸ-ਮੁਬਾਹਸਾ ਛੇੜਨ ਲਈ ਬਹੁਤ ਕੁਝ ਹੈ। ਢੌਂਗੀ ਵਿਖਿਆਨਾਂ ਦੇ ਬਾਵਜੂਦ ਉਨ੍ਹਾਂ ਦੇ ਰਿਕਾਰਡ ਵਿਚ ਅਜਿਹਾ ਕੁਝ ਨਹੀਂ ਹੈ ਜੋ ਧਰੁੱਵੀਕਰਨ, ਅਸੰਤੁਸ਼ਟੀ ਤੇ ਸੱਚ ਤੋਂ ਇਨਕਾਰ ਕਰਨ ਦੇ ਪੱਧਰ ਨੂੰ ਭਵਿੱਖ ਵਜੋਂ ਲਿਆ ਜਾ ਸਕੇ। ਇਹ ਸਭ ਕਿਵੇਂ ਮਨਜ਼ੂਰ ਕੀਤਾ ਜਾ ਸਕਦਾ ਹੈ ?

ਪਹਿਲੀ ਆਮ ਜਿਹਾ ਵਿਖਿਆਨ ਇਹੀ ਹੈ ਕਿ ਅਸੀਂ ਅਸੰਤੁਸ਼ਟੀ ਦੀ ਸਿਆਸਤ ਨੂੰ ਸ਼ੁੱਧ ਅਤੇ ਸਰਲਤਾ ਵਜੋਂ ਦੇਖ ਰਹੇ ਹਾਂ। ਵਿਸ਼ੇਸ਼ ਅਧਿਕਾਰਾਂ ਵਾਲੇ ਗਰੁੱਪ, ਖ਼ਾਸ ਤੌਰ 'ਤੇ ਗੋਰੇ ਪੁਰਸ਼ ਸਾਡੇ ਸਮੇਂ ਦੀਆਂ ਦੋ ਵੱਡੀਆਂ ਸਮਾਜਿਕ ਧਾਰਨਾਵਾਂ : ਇਕ ਪਾਸੇ ਨਸਲੀ ਆਜ਼ਾਦੀ ਤੇ ਧਾਰਮਿਕ ਵੱਖਰਤਾ ਤੇ ਦੂਜੇ ਪਾਸੇ ਲਿੰਗਕ ਬਰਾਬਰਤਾ ਨੂੰ ਸਵੀਕਾਰਨ ਲਈ ਤਿਆਰ ਹੀ ਨਹੀਂ। ਸੱਚ ਨਾਲ ਰੂਬਰੂ ਹੋਣ ਦਾ ਮਾਨਸਿਕ ਤਣਾਅ ਏਨਾ ਹੈ ਕਿ ਜਿਨ੍ਹਾਂ ਨੂੰ ਤੁਸੀਂ ਹੁਣ ਤਕ ਦੋਸ਼ ਮੁਕਤ ਕਰਦੇ ਆਏ ਹੋ, ਉਹ ਲੋਕ ਸਾਡੀ ਸੋਚ ਨਾਲੋਂ ਵੀ ਕਿੰਨੇ 'ਵੱਡੇ' ਹਨ। ਤਾਲਮੇਲ ਦੀਆਂ ਮੁਸ਼ਕਲਾਂ ਬਾਰੇ ਟੋਕਜ਼ੀਲ (ਫਰਾਂਸ ਦਾ ਸਿਆਸੀ ਲੇਖਕ) ਦੇ ਨਿਰਾਸ਼ਾਵਾਦ ਨਾਲੋਂ ਪਛਾਣ ਦੀ ਸਿਆਸਤ ਬਾਰੇ ਗਿਆਨ ਦੀ ਉਮੀਦ ਵਧੇਰੇ ਸਹੀ ਹੈ।

ਇਹ ਮਤਭੇਦ ਕਾਫ਼ੀ ਸਮੇਂ ਤੋਂ ਚੱਲਿਆ ਆ ਰਿਹਾ ਹੈ। ਰਿਪਬਲਿਕਨਾਂ ਨੇ ਓਬਾਮਾ 'ਤੇ ਵਾਰ ਕਰਨ ਲਈ ਆਪਣਾ ਹਰ ਬਿਹਤਰੀਨ ਦਾਅ ਖੇਡਿਆ ਹੈ, ਸਿਰਫ਼ ਇਸ ਕਰਕੇ ਨਹੀਂ ਕਿ ਵਿਚਾਰਾਂ ਦਾ ਮਤਭੇਦ ਹੈ, ਸਗੋਂ ਇਸ ਲਈ ਕਿਉਂਕਿ ਉਨ੍ਹਾਂ ਦੀ ਸਫਲਤਾ ਉਨ੍ਹਾਂ ਨੂੰ ਜ਼ਿਆਦਾ ਪ੍ਰੇਸ਼ਾਨ ਕਰਦੀ ਹੈ। ਹਿਲੇਰੀ ਦੇ ਦੋਹਰੇ ਮਾਪਦੰਡਾਂ ਨੂੰ ਕਿੰਨੀ ਆਸਾਨੀ ਨਾਲ ਸਵੀਕਾਰਿਆ ਜਾਂਦਾ ਹੈ। ਅਜਿਹੀ ਰਸ-ਵਿਦਿਆ ਜੋ ਉਸ ਦੀਆਂ ਸੰਭਾਵੀ ਚੰਗਿਆਈਆਂ ਨੂੰ ਬੁਰਾਈਆਂ ਵਿਚ ਬਦਲਦੀ ਹੈ (ਉਸ ਦੇ ਧੀਰਜ ਨੂੰ ਕਾਇਰਤਾ ਵਿਚ, ਉਸ ਦੇ ਕੇਂਦਰੀਕਰਨ ਨੂੰ ਮਹਿਜ਼ ਮੌਕਾਪ੍ਰਸਤੀ ਵਿਚ, ਉਸ ਦੀ ਸਮਰਥਾ ਤੇ ਸਹਿਣਸ਼ਕਤੀ ਨੂੰ ਸੱਤਾ ਦੀ ਭੁੱਖ ਵਿਚ ਬਦਲਣਾ), ਇਕੋ ਧਾਰਨਾ ਨੂੰ ਬਿਆਨਦੀ ਹੈ। ਟਰੰਪ ਜੋ ਕਹਿ ਰਿਹਾ ਸੀ, ਜ਼ਿਆਦਾਤਰ ਲੋਕ ਜੋ ਕਹਿਣਾ ਚਾਹੁੰਦੇ ਸਨ, ਉਨ੍ਹਾਂ ਦੇ ਤਰਕ ਦੀ ਡੂੰਘਾਈ ਵਿਚ ਸੀ। ਉਸ ਨੇ ਔਰਤਾਂ ਖ਼ਿਲਾਫ਼ ਭੱਦੀਆਂ ਟਿੱਪਣੀਆਂ ਤੇ ਨਸਲਵਾਦ ਖ਼ਿਲਾਫ਼ ਬੋਲ ਕੇ ਗ਼ਲਤੀ ਕੀਤੀ। ਇਕ ਵਾਰ ਮੂੰਹ ਕੀ ਖੁੱਲ੍ਹਿਆ, ਸਾਰਿਆਂ ਦੀ ਜ਼ੁਬਾਨ 'ਤੇ ਆ ਜਾਂਦਾ ਹੈ। ਜੇਕਰ ਇਹ ਭਾਵਨਾ ਸਚਮੁੱਚ ਫੈਲ ਜਾਵੇ ਤਾਂ ਇਸ ਨੂੰ ਮੁੜ ਬੋਤਲ ਵਿਚ ਬੰਦ ਕਰਨਾ ਮੁਸ਼ਕਲ ਹੁੰਦਾ ਹੈ। ਵਿਸ਼ਾਲ ਢਾਂਚਾਗਤ ਤਰੱਕੀ ਦੇ ਬਾਵਜੂਦ, ਔਰਤਾਂ ਖ਼ਿਲਾਫ਼ ਮੰਦਭਾਵਨਾ ਅਤੇ ਨਸਲੀ ਨਫ਼ਰਤ ਤੇਜ਼ੀ ਨਾਲ ਫੈਲਦੀ ਹੈ। ਅਮਰੀਕੀ ਜਮਹੂਰੀਅਤ ਲਈ ਆਉਣ ਵਾਲਾ ਦੌਰ ਕਈ ਤਰ੍ਹਾਂ ਦੇ ਤੂਫ਼ਾਨ ਖੜ੍ਹੇ ਕਰੇਗਾ। ਮੌਜੂਦਾ ਚੋਣਾਂ ਵਿਚ ਕੀ ਹਿਲੇਰੀ ਦੀ ਜਿੱਤ ਇਹ ਮਸਲੇ ਸੁਲਝਾ ਸਕੇਗੀ ਜਾਂ ਹਨੇਰੀਆਂ ਤਾਕਤਾਂ ਹੋਰ ਬਲਵਾਨ ਹੋਣਗੀਆਂ ? ਹਿਲੇਰੀ ਦੇ ਨਿਸ਼ਾਨਾ ਬਣੇ ਰਹਿਣ ਦੀ ਸੰਭਾਵਨਾ ਹੈ।

ਦੂਜੀ ਧਾਰਨਾ ਪਹਿਲੀ ਨਾਲੋਂ ਉਲਟ ਹੈ। ਇਹ ਚੋਣ ਔਰਤਾਂ ਖ਼ਿਲਾਫ਼ ਮੰਦਭਾਵਨਾ ਅਤੇ ਨਸਲੀ ਨਫ਼ਰਤ ਦੇ ਆਧਾਰ 'ਤੇ ਨਹੀਂ ਹੋ ਰਹੀ ਪਰ ਸੰਸਾਰੀਕਰਨ ਅਤੇ ਪਲੂਟੋਕਰੇਸੀ ਦੇ ਆਲੋਚਕਾਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ। ਸਟੇਟ ਅਤੇ ਰਾਜਧਾਨੀ ਵਿਚਲੇ ਸਬੰਧਾਂ ਵਿਚ ਡੂੰਘੀਆਂ ਢਾਂਚਾਗਤ ਤਾਕਤਾਂ ਕੰਮ ਕਰ ਰਹੀਆਂ ਹਨ, ਜਿਸ ਨੂੰ ਓਬਾਮਾ ਵਰਗਾ ਕਾਬਲ ਰਾਸ਼ਟਰਪਤੀ ਵੀ ਰੋਕਣ ਦੇ ਅਸਮਰਥ ਹੈ। ਇਥੋਂ ਤਕ ਕਿ ਜੇਕਰ ਇਸ ਗੱਲ 'ਤੇ ਬਹਿਸ ਕੀਤੀ ਜਾਵੇ ਕਿ ਅਮਰੀਕੀ ਆਰਥਿਕਤਾ ਮੰਦੀ ਤੋਂ ਦੂਰ ਹੈ, ਆਮਦਨ ਗੈਰ-ਬਰਾਬਰਤਾ ਵਧਦੀ ਜਾ ਰਹੀ ਹੈ ਤੇ ਗਤੀਹੀਣ ਮੱਧ ਵਰਗ ਦੀ ਆਮਦਨ ਦੀ ਧਾਰਨਾ ਨੇ ਸਿਆਸੀ ਖ਼ੌਫ਼ ਪੈਦਾ ਕਰ ਦਿੱਤਾ ਹੈ। ਇਸ ਸੂਰਤ ਵਿਚ ਪ੍ਰਗਤੀ ਦੀਆਂ ਸੰਭਾਵਨਾਵਾਂ ਹਨ ਪਰ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਵਿਸਥਾਪਤ ਕੀਤਾ ਗਿਆ ਹੈ। ਅਮਰੀਕਾ ਅਜਿਹੇ ਮੋੜ 'ਤੇ ਹੈ ਜਿਥੇ ਸਮਾਜਿਕ ਲੋੜਾਂ ਦੀਆਂ ਬੁਨਿਆਦੀ ਗੱਲਾਂ ਨੂੰ ਦਾਅ 'ਤੇ ਲਗਾ ਦਿੱਤਾ ਗਿਆ ਹੈ।

ਅਤੇ ਇੱਥੇ ਹਿਲੇਰੀ ਕਲਿੰਟਨ ਲਈ ਦੋਹਰੀਆਂ ਚੁਣੌਤੀਆਂ ਹੋਣਗੀਆਂ। ਇਕ ਪਾਸੇ ਵਿਚਾਰਧਾਰਕ ਸ਼ਰਤਾਂ ਜੋ ਉਸ ਦੇ ਪ੍ਰੋਗਰਾਮਾਂ ਵਿਚ ਝਲਕਦੀਆਂ ਹਨ, ਉਸ ਨੂੰ ਲਾਜ਼ਮੀ ਤੌਰ 'ਤੇ ਕੇਂਦਰ ਵਿਚ ਰਹਿਣਾ ਚਾਹੀਦਾ ਹੈ। ਵੱਡਾ ਸਵਾਲ ਇਹ ਹੈ ਕਿ ਜਿਸ ਕੇਂਦਰੀਕਰਨ 'ਤੇ ਉਹ ਡਟੀ ਹੈ, ਉਹ ਸੰਸਾਰੀਕਰਨ ਤੇ ਪਲੂਟੋਕਰੇਸੀ ਖ਼ਿਲਾਫ਼ ਵਿਦਰੋਹ ਕਰ ਰਹੇ ਲੋਕਾਂ ਦੀਆਂ ਚਿੰਤਾਵਾਂ ਨੂੰ ਸ਼ਾਂਤ ਕਰਨ ਲਈ ਕਾਫ਼ੀ ਹੈ ? ਇੱਥੇ ਇਹ ਕਹਿਣਾ ਵਾਜਬ ਹੋਵੇਗਾ ਕਿ ਉਪਰਲੀ ਹੇਠਲੀ ਹੋਣ ਦੀ ਸਥਿਤੀ ਸਾਫ਼ ਸਾਫ਼ ਦਿਖਾਈ ਦੇ ਰਹੀ ਹੈ। ਜਿਥੇ ਖੱਬੀਆਂ ਧਿਰਾਂ ਨੇ ਅਣਜਾਣੇ ਵਿਚ ਅਜਿਹੀ ਜ਼ਮੀਨ ਤਿਆਰ ਕਰ ਦਿੱਤੀ ਹੈ ਜਿਸ 'ਤੇ ਸੱਜਿਆਂ ਨੂੰ ਦੌੜਨ ਦਾ ਮੌਕਾ ਮਿਲ ਗਿਆ ਹੈ। 'ਚਤੁਰ ਹਿਲੇਰੀ' ਖੱਬੀਆਂ ਧਿਰਾਂ ਦੀ ਸਥਿਤੀ ਤੋਂ ਕੋਈ ਬਹੁਤਾ ਦੂਰ ਨਹੀਂ ਹੈ, ਜੋ ਸੋਚਦੀ ਹੈ ਹਿਲੇਰੀ ਕੁਝ ਵੀ ਨਹੀਂ ਪਰ ਵਾਲ ਸਟਰੀਟ ਦੀ ਪ੍ਰਤੀਨਿਧ ਹੈ। ਪਰ ਇਥੇ ਵਿਚਾਰਧਾਰਕ ਚੁਣੌਤੀਆਂ ਵੀ ਹਨ।

ਸਮਝੌਤਾਵਾਦੀ ਸੰਸਾਰੀਕਰਨ ਲਈ ਸਿਆਸੀ ਜ਼ਮੀਨ 'ਤੇ ਤੁਰਨਾ ਸੁਖਾਲਾ ਨਹੀਂ ਹੈ। ਖੱਬੀਆਂ ਧਿਰਾਂ ਸਹੀ ਹਨ ਕਿ ਸੰਸਾਰੀਕਰਨ ਉਨ੍ਹਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਏਗਾ ਜੋ ਇਸ ਦਾ ਹਿੱਸਾ ਬਣਨ ਦੇ ਸਮਰਥ ਨਹੀਂ। ਪਰ ਇਕ ਚੀਜ਼ ਜੋ ਖੱਬੀਆਂ ਧਿਰਾਂ ਲਗਾਤਾਰ ਅਸਲੀਅਤ ਤੋਂ ਭੱਜ ਰਹੀਆਂ ਹਨ, ਉਹ ਇਹ ਹੈ ਕਿ ਵਿਦੇਸ਼ੀਆਂ ਪ੍ਰਤੀ ਨਫ਼ਰਤ ਅਤੇ ਗੁੱਸਾ ਰੱਖਣ ਵਾਲੀਆਂ ਤਾਕਤਾਂ ਨੂੰ ਡੱਕੇ ਬਿਨਾਂ ਗੈਰ-ਸੰਸਾਰੀਕਰਨ ਬਹਿਸ ਛੇੜਨਾ ਬਹੁਤ ਮੁਸ਼ਕਲ ਹੈ। ਖੱਬਾ ਖੇਮਾ ਸੋਚਦਾ ਹੈ ਕਿ ਗੈਰ-ਸੰਸਾਰੀਕਰਨ ਘਰੇਲੂ ਬਾਜ਼ਾਰ ਬਾਰੇ ਹੈ, ਸਿਆਸਤ ਵਿਚ ਇਹ ਗੈਰ-ਸੰਸਾਰੀਕਰਨ ਜ਼ਿਆਦਾਤਰ ਹੋਰ ਘਰੇਲੂ ਮਜ਼ਦੂਰਾਂ ਅਤੇ ਪਰਵਾਸੀਆਂ ਬਾਰੇ ਹੈ। ਅਸੀਂ ਬਰੈਕਸਿਟ ਦੇ ਮਾਮਲੇ ਵਿਚ ਇਹ ਸਭ ਕੁਝ ਦੇਖ ਚੁੱਕੇ ਹਾਂ। ਜਿਸ ਮੁਲਕ ਦੀ ਪਛਾਣ ਪਰਵਾਸੀ ਨਾਗਰਿਕਾਂ ਦੇ ਮੁਲਕ ਵਜੋਂ ਬਣ ਜਾਵੇ ਅਤੇ ਖੁੱਲ੍ਹੇ ਵਪਾਰ ਦੇ ਮਾਮਲੇ ਵਿਚ ਸਭ ਤੋਂ ਅੱਗੇ ਹੋਵੇ, ਹੁਣ ਦੋਹਾਂ ਮਾਮਲਿਆਂ ਵਿਚ ਉਲਝਣ ਬਣ ਗਈ ਹੈ। ਨਵੀਂ ਆਰਥਿਕ ਧਾਰਨਾ ਨੂੰ ਲਿਖਣਾ ਆਸਾਨ ਨਹੀਂ ਹੋਵੇਗਾ। ਅਖ਼ੀਰ ਵਿਚ, ਇਸ ਸੰਸਾਰ ਵਿਚ ਅਮਰੀਕਾ ਦੀ ਆਪਣੀ ਥਾਂ ਹੈ। ਕੁਝ ਹਾਲਤਾਂ ਵਿਚ ਓਬਾਮਾ ਦੀ ਵਿਆਪਕ ਬਦਲਾਵਾਂ ਪ੍ਰਤੀ ਨਾਜ਼ੁਕ ਸਮਝ ਸੀ ਅਤੇ ਉਹ ਅਮਰੀਕੀਆਂ ਦੀ ਸਹੂਲਤ ਮੁਤਾਬਕ ਤਾਲਮੇਲ ਬਿਠਾ ਰਹੇ ਸਨ। ਇਸ ਰਾਹ ਵਿਚ ਤਕਨੀਕੀ ਗ਼ਲਤੀਆਂ ਸਨ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਥੋੜ੍ਹੇ ਸਮੇਂ ਵਿਚ, ਉਨ੍ਹਾਂ ਸਮਝੌਤਿਆਂ ਨੇ ਖਾਲੀ ਥਾਂ ਦਾ ਅਸਰ ਛੱਡਿਆ ਹੈ। ਇਕ ਅਜਿਹੀ ਭਾਵਨਾ ਕਿ ਅਮਰੀਕਾ ਆਪਣੇ ਵਿਰੋਧੀਆਂ ਨਾਲ ਸਬੰਧ ਕਾਇਮ ਕਰਨ ਵਿਚ ਕਮਜ਼ੋਰ ਰਿਹਾ ਹੈ। ਇਸ ਦੇ ਉਲਟ ਟਰੰਪ ਨੇ ਪੁਤਿਨ ਵਰਗੇ ਮਿਸ਼ਰਤ ਤਾਨਾਸ਼ਾਹ ਵਾਂਗ ਅਲੱਗਵਾਦ, ਮਾਸਪੇਸ਼ੀਆਂ ਦੀ ਤਾਕਤ, ਚਾਪਲੂਸੀ ਦਾ ਬੇਮੇਲ ਜੋੜ ਕਾਇਮ ਕੀਤਾ। ਪਰ ਇਸ ਨੇ ਅਮਰੀਕੀ ਜਮਹੂਰੀਅਤ ਅਤੇ ਵਿਦੇਸ਼ੀ ਨੀਤੀ ਵਿਚਲੇ ਸਬੰਧਾਂ ਵਿਚ ਬੇਤਰਤੀਬੀ ਪੈਦਾ ਕਰ ਦਿੱਤੀ ਹੈ। ਅਮਰੀਕਾ ਸਬੰਧਾਂ ਲਈ ਬਿਨਾਂ ਕੋਈ ਮੁੱਲ ਚੁਕਾਇਆਂ ਅਗਵਾਈ ਚਾਹੁੰਦਾ ਹੈ। ਹਿਲੇਰੀ ਘੱਟੋ-ਘੱਟ ਕੀਮਤ ਚਕਾਉਣ ਲਈ ਦ੍ਰਿੜ ਹੈ। ਇਥੇ ਸਵਾਲ ਬਣਦਾ ਹੈ ਕਿ ਖੱਬਾ ਖੇਮਾ ਹਿਲੇਰੀ ਦੇ ਦਖ਼ਲ ਸਟੈਂਡ ਕਰਨਗੇ ਜਾਂ ਨਹੀਂ ਅਤੇ ਸੰਸਾਰ ਇਹ ਬਦਲਾਅ ਦੇਖਗੇ ਜਾਂ ਨਹੀਂ।

ਤਿੰਨੋ ਵਿਸ਼ੇ-ਨਸਲੀ ਨਫ਼ਰਤ ਅਤੇ ਔਰਤਾਂ ਪ੍ਰਤੀ ਮੰਦਭਾਵਨਾ ਦਾ ਸਮਾਜਿਕ ਸਵਾਲ, ਸੰਸਾਰੀਕਰਨ ਅਤੇ ਮਜ਼ਦੂਰੀ ਦਾ ਆਰਥਿਕ ਸਵਾਲ ਅਤੇ ਸੰਸਾਰ ਵਿਚ ਅਮਰੀਕਾ ਦੀ ਭੂਮਿਕਾ ਦਾ ਸਵਾਲ ਬੁਨਿਆਦੀ ਰਾਹ ਵਿਚ ਜਾਲ ਵਿਛਾਈ ਬੈਠੇ ਹਨ। ਕੀ ਹਿਲੇਰੀ ਨੂੰ ਜਨਮਤ ਮਿਲਦਾ ਹੈ ਤੇ ਸੱਤਾ ਉਨ੍ਹਾਂ ਲਈ ਨਵਾਂ ਸਵਾਲ ਸਿਰਜੇਗੀ ? ਇਨ੍ਹਾਂ ਚੋਣਾਂ ਵਿਚ ਹਨੇਰੀਆਂ ਤਾਕਤਾਂ ਦਾ ਅਰਾਜਕਤਾ ਨੂੰ ਉਕਸਾਉਣਾ ਸੰਕੇਤ ਕਰਦਾ ਹੈ ਕਿ ਇਹ ਸਭ ਕੁਝ ਏਨਾ ਆਸਾਨ ਨਹੀਂ ਹੋਵੇਗਾ। ਅਮਰੀਕੀ ਜਮਹੂਰੀਅਤ ਦੀ ਅਥਾਰਟੀ ਨੂੰ ਮਾਰ ਪੈ ਰਹੀ ਹੈ। ਹਿਲੇਰੀ ਦੀ ਜਿੱਤ ਨਾਲੋਂ ਜਮਹੂਰੀਅਤ ਵਿਚ ਵਿਸ਼ਵਾਸ ਕਾਇਮ ਕਰਨ ਦਾ ਵੇਲਾ ਹੈ।

# 'ਪਾਰਟੀ ਨੂੰ ਨੁਕਸਾਨ ਪਹੁੰਚਾਉਣ ਵਾਲਾ ਰਾਸ਼ਟਰਪਤੀ ਨਹੀਂ ਬਣ ਸਕਦਾ'

**ਡੋਨਾਲਡ ਟਰੰਪ ਖ਼ਿਲਾਫ਼ ਦੋ ਔਰਤਾਂ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੂਰੀ ਰਿਪਬਲਿਕਨ ਪਾਰਟੀ ਵਿਚ ਭੂਚਾਲ ਆ ਗਿਆ ਹੈ। ਦਾਨਦਾਤਾਵਾਂ ਨੇ ਸਾਫ਼ ਕਿਹਾ ਕਿ ਪਾਰਟੀ ਨੂੰ ਟਰੰਪ ਨਾਲੋਂ ਰਿਸ਼ਤਾ ਤੋੜ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਪੂਰੀ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਹੈ, ਅਜਿਹਾ ਗ਼ੈਰਜ਼ਿੰਮੇਦਾਰ ਵਿਅਕਤੀ ਅਮਰੀਕੀ ਰਾਸ਼ਟਰਪਤੀ ਨਹੀਂ ਬਣ ਸਕਦਾ। ਪਾਰਟੀ ਨੂੰ ਡਰ ਹੈ ਕਿ ਟਰੰਪ ਕਾਰਨ ਸੂਬਿਆਂ ਦੇ ਨਤੀਜਿਆਂ ਵਿਚ ਮਾੜੇ ਸਿੱਟੇ ਨਿਕਲ ਸਕਦੇ ਹਨ, ਕਿਉਂਕਿ ਟਰੰਪ ਕਾਰਨ ਹੋਰਨਾਂ ਪਾਰਟੀ ਨੇਤਾਵਾਂ ਦੀ ਅਗਵਾਈ ਸਮਰੱਥਾ 'ਤੇ ਸਵਾਲ ਉਠਣ ਲੱਗੇ ਹਨ।**



**ਜੋਨਾਇਨ ਮਾਰਟਿਨ,**
**ਅਲਗਜ਼ੈਂਡਰ ਬਰਨਸ,**
**ਮੈਗੀ ਹੇਬਰਮੈਨ :**

ਰਿਪਬਲਿਕਨ ਪਾਰਟੀ ਨੇ ਹੁਣ ਤਕ ਅਮਰੀਕਾ ਨੂੰ ਕਈ ਚੋਟੀ ਦੇ ਰਾਸ਼ਟਰਪਤੀ ਦਿੱਤੇ ਹਨ ਅਤੇ ਇਸ ਦਾ ਹੁਣ ਤਕ ਦਾ ਇਤਿਹਾਸ ਰਿਹਾ ਹੈ ਕਿ ਇਸ ਪਾਰਟੀ ਨੇ ਅਮਰੀਕਾ ਨੂੰ ਕਈ ਵੱਡੇ ਮੋਰਚਿਆਂ 'ਤੇ ਸਹਿਯੋਗ ਕੀਤਾ ਹੈ। ਸਿਰਫ਼ ਅਤੇ ਇਕੋ ਇਕ ਇਸ ਵਾਰ ਹੀ ਪਾਰਟੀ ਨੇਤਾਵਾਂ ਨੂੰ ਹਰ ਥਾਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਦੇ ਚੋਟੀ ਦੇ ਨੇਤਾਵਾਂ ਨੇ ਇਹ ਗੱਲ ਹੁਣ ਤਕ ਦਬਾ ਕੇ ਰੱਖੀ ਸੀ, ਪਰ ਹੁਣ ਵੱਡੇ ਤੇ ਉਦਾਰ ਦਾਨਦਾਤਾਵਾਂ ਨੇ 168 ਮੈਂਬਰਾਂ ਵਾਲੀ ਨੈਸ਼ਨਲ ਕਮੇਟੀ ਨੂੰ ਕਿਹਾ ਕਿ ਉਹ ਡੋਨਾਲਡ ਟਰੰਪ ਨੂੰ ਖਾਰਜ ਕਰਨ, ਔਰਤਾਂ ਪ੍ਰਤੀ ਉਨ੍ਹਾਂ ਦੀ ਨਫ਼ਰਤੀ ਸੋਚ ਵਾਲੇ ਵੀਡੀਓ ਸਾਹਮਣੇ ਆਉਣ ਨਾਲ ਪਾਰਟੀ ਦੀ ਦਿਖ ਨੂੰ ਨੁਕਸਾਨ ਪਹੁੰਚ ਰਿਹਾ ਹੈ। ਇਹ ਉਹੀ ਦਾਨਦਾਤਾ ਹਨ ਜੋ ਰਾਸ਼ਟਰਪਤੀ ਚੋਣਾਂ ਲਈ ਸਭ ਤੋਂ ਜ਼ਿਆਦਾ ਪੈਸਾ ਦਿੰਦੇ ਹਨ ਅਤੇ ਵੈਸੇ ਵੀ ਡੈਮੋਕਰੈਟਿਕ ਪਾਰਟੀ ਨਾਲੋਂ ਜ਼ਿਆਦਾ ਫੰਡ ਜੇਕਰ ਹੁੰਦਾ ਹੈ, ਤਾਂ ਉਹ ਰਿਪਬਲਿਕਨ ਨੂੰ ਹੀ ਮਿਲਦਾ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਇਨ੍ਹਾਂ ਦਾਨਦਾਤਾਵਾਂ ਨੇ ਅਰਬਾਂ ਰੁਪਏ ਪਾਰਟੀ ਨੂੰ ਦਾਨ ਕੀਤੇ ਹਨ। ਉਨ੍ਹਾਂ ਨੇ ਟਰੰਪ ਨੂੰ ਖਾਰਜ ਕਰਨ ਦਾ ਆਧਾਰ ਟਰੰਪ ਦੀ ਗ਼ਲਤ ਸੋਚ ਵਾਲੇ ਲਗਾਤਾਰ ਹੁੰਦੇ ਖ਼ੁਲਾਸਿਆਂ ਨੂੰ ਬਣਾਇਆ ਹੈ। ਇਹੀ ਨਹੀਂ, ਦਾਨਦਾਤਾਵਾਂ ਨੇ ਇਹ ਵੀ ਕਿਹਾ ਕਿ ਜੋ ਵਿਅਕਤੀ ਪਾਰਟੀ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾ ਸਕਦਾ ਹੈ, ਉਹ ਰਾਸ਼ਟਰਪਤੀ ਅਹੁਦੇ ਲਈ ਉਚਿਤ ਨਹੀਂ ਹੋ ਸਕਦਾ। ਟਰੰਪ ਪੂਰੀ ਪਾਰਟੀ ਲਈ ਖ਼ਤਰਾ ਬਣ ਚੁੱਕੇ ਹਨ।

ਇਥੇ ਵਿਸ਼ਲੇਸ਼ਕਾਂ ਨੇ ਮੰਨਿਆ ਕਿ ਟਰੰਪ ਕਾਰਨ ਪੂਰੀ ਪਾਰਟੀ ਦੀ ਇਹੀ ਦਿਖ ਬਣੀ ਹੈ। ਜੇਕਰ ਅਜਿਹਾ ਰਿਹਾ ਤਾਂ ਰਿਪਬਲਿਕਨ ਨੂੰ ਸੂਬਿਆਂ ਵਿਚ ਬੁਰੇ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੇ ਵਿਚ ਪਾਰਟੀ ਦੇ ਸਾਹਮਣੇ ਨਵਾਂ ਸੰਕਟ ਇਹ ਆ ਗਿਆ ਹੈ ਕਿ ਉਹ ਟਰੰਪ ਨੂੰ ਇਸ ਵਕਤ ਨਾ ਤਾਂ ਬਾਹਰ ਕਰ ਸਕਦੇ ਹਨ ਤੇ ਨਾ ਉਨ੍ਹਾਂ ਤੋਂ ਉਮੀਦਵਾਰੀ ਵਾਪਸ ਲੈ ਸਕਦੇ ਹਨ। ਹਾਲਾਂਕਿ ਇਸ ਬਾਰੇ ਹੁਣ ਤਕ ਟਰੰਪ ਨੇ ਕੁਝ ਨਹੀਂ ਕਿਹਾ। ਮਿਸੌਰੀ ਸੂਬੇ ਵਿਚ ਇਕ ਕਾਰੋਬਾਰੀ ਐਗਜ਼ੀਕਿਊਟਿਵ ਡੇਵਿਡ ਹੰਪਰੇਜ ਦਾ ਕਹਿਣਾ ਹੈ-ਤੁਸੀਂ ਸਵੇਰੇ ਨੀਂਦ ਤੋਂ ਜਾਗਣ ਮਗਰੋਂ ਸ਼ੀਸ਼ੇ ਵਿਚ ਖ਼ੁਦ ਨੂੰ ਦੇਖਦੇ ਹੋ ਕਿ ਤੁਸੀਂ ਆਪਣੇ ਬੱਚਿਆਂ ਖਾਤਰ ਟਰੰਪ ਦਾ ਸਮਰਥਨ ਨਹੀਂ ਕਰ ਸਕਦੇ। ਖ਼ਾਸ ਤੌਰ 'ਤੇ ਜੇਕਰ ਤੁਸੀਂ ਬੇਟੀ ਦੇ ਪਿਤਾ ਹੋ ਤਾਂ। ਇਹ ਜਾਣਨਾ ਜ਼ਰੂਰੀ ਹੈ ਕਿ ਮਿਸ. ਹੰਪਰੇਜ ਨੇ ਸਾਲ 2012 ਦੇ ਚੋਣ ਪ੍ਰਚਾਰ ਮਗਰੋਂ ਹੁਣ ਤਕ 17 ਕਰੋੜ ਰੁਪਏ ਦਾ ਦਾਨ ਰਿਪਬਲਿਕਨ ਪਾਰਟੀ ਨੂੰ ਦਿੱਤਾ ਹੈ। ਉਹ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਟਰੰਪ ਦਾ ਵਿਰੋਧ ਕਰ ਰਹੇ ਹਨ ਪਰ ਔਰਤਾਂ ਵਾਲਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਦਾ ਵਿਰੋਧ ਹੋਰ ਤੇਜ਼ ਹੋ ਗਿਆ ਹੈ।

ਨਿਊਯਾਰਕ ਸਥਿਤ ਇਨਵੈਸਟਰ ਬਰੂਸ ਕੋਵਨਰ ਪਤਨੀ ਨਾਲ ਕਾਰੋਬਾਰ ਕਰਦੇ ਹਨ। ਉਨ੍ਹਾਂ ਦੋਹਾਂ ਨੇ ਮਿਲ ਕੇ ਇਸ ਪਾਰਟੀ ਨੂੰ 18 ਕਰੋੜ ਰੁਪਏ ਦਾ ਦਾਨ ਦਿੱਤਾ ਹੈ। ਉਹ ਕਹਿੰਦੇ ਹਨ- ਸਭ ਗ਼ਲਤ ਹੋ ਗਿਆ। ਉਨ੍ਹਾਂ ਨੇ ਟਰੰਪ ਨੂੰ ਗ਼ਲਤ ਨੇਤਾ ਕਰਾਰ ਦਿੰਦਿਆਂ ਕਿਹਾ ਕਿ ਅਮਰੀਕਾ ਦਾ ਰਾਸ਼ਟਰਪਤੀ ਅਜਿਹਾ ਗੈਰ ਜ਼ਿੰਮੇਦਾਰ ਵਿਅਕਤੀ ਨਹੀਂ ਹੋ ਸਕਦਾ। ਮਿ. ਕੋਵਨਰ ਨੇ ਈ-ਮੇਲ ਵਿਚ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ ਅਜਿਹੇ ਕਈ ਹੋਰ ਲੋਕ ਹਨ, ਜੋ ਮੰਨਦੇ ਹਨ ਕਿ ਟਰੰਪ ਸਹੀ ਵਿਅਕਤੀ ਨਹੀਂ ਹੈ। ਉਨ੍ਹਾਂ ਕਾਰਨ ਨਿਸ਼ਚਤ ਤੌਰ 'ਤੇ ਪਾਰਟੀ ਨੂੰ ਨੁਕਸਾਨ ਪਹੁੰਚਿਆ ਹੈ। ਮਿਸ. ਕੋਵਨਰ ਨੇ ਰਿਪਬਲਿਕਨ ਪਾਰਟੀ ਦੀ ਕੌਮੀ ਕਮੇਟੀ ਨੂੰ ਕਿਹਾ ਕਿ ਉਹ ਅਜਿਹਾ ਉਮੀਦਵਾਰ ਲੱਭਣ, ਜਿਸ ਦੀ ਦਿਖ ਚੰਗੀ ਹੋਵੇ ਅਤੇ ਉਹ 'ਫਰੀ ਮਾਰਕੀਟ ਐਂਡ ਲਿਮਟਿਡ ਗਵਰਨਮੈਂਟ' ਵਰਗੀਆਂ ਕੋਰ ਵੈਲੀਉਜ਼ ਜਾਣਦਾ ਹੋਵੇ। ਉਨ੍ਹਾਂ ਨੇ ਅੱਗੇ ਕਿਹਾ, ਸਾਨੂੰ ਉਮੀਦ ਹੈ ਕਿ ਕਮੇਟੀ ਇਸ ਪੱਤਰ 'ਤੇ ਗੌਰ ਕਰੇਗੀ ਤੇ ਆਪਣੇ ਸਿਧਾਂਤਾਂ ਦੇ ਉਲਟ ਨਹੀਂ ਜਾਵੇਗੀ।

ਰਿਪਬਲਿਕਨ ਪਾਰਟੀ ਵਿਚ ਸਿਖ਼ਰਲੇ ਪੱਧਰ ਤਕ ਟਰੰਪ ਦੀ ਉਮੀਦਵਾਰੀ ਨੂੰ ਲੈ ਕੇ ਉਠੇ ਨਿਰਾਸ਼ਾ ਦੇ ਵਾਤਾਵਰਣ ਦੇ ਚਲਦਿਆਂ ਪਾਰਟੀ ਮੁਖੀ ਰੈਨਸ ਪ੍ਰੀਬਸ ਦੀ ਲੀਡਰਸ਼ਿਪ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਉਹ ਟਰੰਪ ਪ੍ਰਤੀ ਨਰਮ ਸਮਝੇ ਜਾਂਦੇ ਹਨ ਜਦਕਿ ਪਾਰਟੀ ਦੇ ਦਰਜਨਾਂ ਚੋਟੀ ਦੇ ਆਗੂ ਟਰੰਪ ਦੀ ਉਮੀਦਵਾਰੀ ਨੂੰ ਪਹਿਲਾਂ ਹੀ ਨਾਪਸੰਦ ਕਰ ਚੁੱਕੇ ਹਨ। ਕਈ ਆਗੂ ਮੰਨਦੇ ਹਨ ਕਿ ਪਾਰਟੀ ਨੂੰ ਟਰੰਪ ਤੋਂ ਦੂਰੀ ਬਣਾ ਲੈਣੀ ਚਾਹੀਦੀ ਹੈ। ਪਾਰਟੀ ਨੂੰ ਸਾਲ 2012 ਤੋਂ ਹੁਣ ਤਕ 20 ਕਰੋੜ ਰੁਪਏ ਦਾਨ ਕਰ ਚੁੱਕੇ ਕੈਲੀਫੋਰਨੀਆ ਦੇ ਵਿਲੀਅਮ ਓਬਰਨਡੋਰਫ ਨੇ ਕਿਹਾ ਕਿ ਨੈਸ਼ਨਲ ਕਮੇਟੀ ਨੂੰ ਬਹੁਤ ਪਹਿਲਾਂ ਹੀ ਟਰੰਪ ਨੂੰ ਖਾਰਜ ਕਰ ਦੇਣਾ ਸੀ। ਉਨ੍ਹਾਂ ਦੀ ਥਾਂ ਅਜਿਹਾ ਉਮੀਦਵਾਰ ਲਿਆਉਣਾ ਚਾਹੀਦਾ ਸੀ ਜਿਸ ਵਿਚ ਅਗਵਾਈ ਦੀ ਸਮਰਥਾ ਹੋਵੇ ਤੇ ਜੋ ਨੈਸ਼ਨਲ ਕਮੇਟੀ ਨੂੰ ਮਜ਼ਬੂਤ ਕਰੇ। ਕੰਜ਼ਰਵੇਟਿਵ ਟਾਕ ਸ਼ੋ ਦੇ ਹੋਸਟ ਚਾਰਲੀ ਸਾਇਕਸ ਨੇ ਕਿਹਾ ਕਿ ਟਰੰਪ ਤਾਂ ਹਾਊਸ ਸਪੀਕਰ ਪਾਲ ਰੇਯਾਨ ਤਕ ਦਾ ਸਨਮਾਨ ਨਹੀਂ ਕਰਦੇ।

ਟਰੰਪ ਦੀ ਉਮੀਦਵਾਰੀ ਦਾ ਪੂਰਾ ਮਸਲਾ ਰਿਪਬਲਿਕਨ ਪਾਰਟੀ ਮੁਖੀ ਪ੍ਰੀਬਸ 'ਤੇ ਟਿਕਿਆ ਹੈ। ਸਿਰਫ਼ ਉਹ ਹੀ ਨਹੀਂ, ਕਈ ਸੂਬਿਆਂ ਦੇ ਪਾਰਟੀ ਮੁਖੀ (ਔਰਤਾਂ ਸਮੇਤ) ਅਤੇ ਨੈਸ਼ਨਲ ਕਮੇਟੀ ਮੈਂਬਰਾਂ ਨੇ ਟਰੰਪ ਦਾ ਸਮਰਥਨ ਕਰਨ ਲਈ ਪ੍ਰੀਬਸ ਦੀ ਸ਼ਲਾਘਾ ਕੀਤੀ ਹੈ। ਜਨਵਰੀ ਵਿਚ ਉਨ੍ਹਾਂ ਨੂੰ ਦੂਸਰਾ ਕਾਰਜਕਾਲ ਮਿਲ ਸਕਦਾ ਹੈ। ਪਾਰਟੀ ਦਾ ਵ੍ਹਾਈਟ ਹਾਊਸ 'ਤੇ ਕੰਟਰੋਲ ਤਾਂ ਨਹੀਂ ਹੁੰਦਾ ਹੈ, ਪਰ ਮੁਖੀ ਦੀ ਚੋਣ ਮੈਂਬਰਾਂ ਦੀ ਵੋਟਿੰਗ ਨਾਲ ਹੁੰਦੀ ਹੈ। ਪ੍ਰੀਬਸ ਨੂੰ ਟਰੰਪ ਦੇ ਮੁੱਖ ਆਲੋਚਕ ਮੈਟ ਬੋਗਰਸ ਤੋਂ ਚੁਣੌਤੀ ਮਿਲ ਸਕਦੀ ਹੈ।

**ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ**

## *ਮੀਡੀਆ ਨਾਲ ਜੁੜੀਆਂ ਬੁਨਿਆਦੀ ਕਾਨੂੰਨੀ ਗੱਲਾਂ ਵੀ ਨਹੀਂ ਜਾਣਦੇ ਟਰੰਪ !*

**ਦ ਨਿਊ ਯਾਰਕ ਟਾਈਮਜ਼ ਐਡੀਟੋਰੀਅਲ ਬੋਰਡ :**

*ਅਮਰੀਕੀ ਰਾਸ਼ਟਰਪਤੀ ਲਈ ਅੱਜ ਵੋਟਾਂ ਹੋਣ ਤਾਂ 89 ਫ਼ੀਸਦੀ ਸੰਭਾਵਨਾ ਹਿਲੇਰੀ ਕਲਿੰਟਨ ਦੇ ਜਿੱਤਣ ਦੀ ਹੈ, ਜਦਕਿ ਬਾਕੀ ਅੰਕੜੇ ਟਰੰਪ ਲਈ ਹਨ। ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਜੇਕਰ ਰਿਪਬਲਿਕਨ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਸੰਵਿਧਾਨਕ ਵਿਵਸਥਾ ਪਸੰਦ ਨਹੀਂ ਹੈ ਤੇ ਉਹ ਕਾਨੂੰਨ ਤੇ ਨਿਯਮਾਂ ਦਾ ਹਮੇਸ਼ਾ ਹੀ ਮਜ਼ਾਕ ਕਰਦੇ ਰਹੇ ਹਨ। ਦੇਸ਼ ਦੇ ਸਭ ਤੋਂ ਉਚੇ ਅਹੁਦੇ ਵਾਲੇ ਦਫ਼ਤਰ ਵਿਚ ਵੀ ਸੰਭਵ ਹੈ ਕਿ ਜਿੱਤਣ ਤੋਂ ਬਾਅਦ ਉਨ੍ਹਾਂ ਦਾ ਇਹੀ ਰੁਖ਼ ਕਾਇਮ ਰਹੇ।*

*ਟਰੰਪ ਦੇ ਵਕੀਲਾਂ ਨੇ ਦ ਨਿਊਯਾਰਕ ਟਾਈਮਜ਼ ਨੂੰ ਪੱਤਰ ਭੇਜ ਕੇ ਦੱਸਿਆ ਹੈ ਕਿ ਉਹ ਇਕ ਲੇਖ ਲਈ ਅਖ਼ਬਾਰ 'ਤੇ ਕਾਨੂੰਨੀ ਕਾਰਵਾਈ ਕਰਨ ਵਾਲੇ ਹਨ। ਉਸ ਲੇਖ ਵਿਚ ਦੋ ਔਰਤਾਂ ਦੇ ਹਵਾਲੇ ਨਾਲ ਦੋਸ਼ ਸਨ ਕਿ ਕਿਵੇਂ ਟਰੰਪ ਨੇ ਉਨ੍ਹਾਂ ਨਾਲ ਬਿਨਾਂ ਸਹਿਮਤੀ ਦੇ ਗ਼ਲਤ ਵਿਹਾਰ ਕੀਤਾ। ਇਥੇ ਔਰਤਾਂ ਦਾ ਸਬੰਧ ਉਨ੍ਹਾਂ ਦੀ ਮਾਣ ਅਤੇ ਇੱਜ਼ਤ ਨਾਲ ਜੁੜਿਆ ਹੋਇਆ ਹੈ। ਟਰੰਪ ਨੇ ਉਨ੍ਹਾਂ ਦੇ ਨਾਲ ਮਿਲਣ-ਜੁਲਣ ਦੌਰਾਨ ਹੀ ਉਹ ਵਿਹਾਰਕੀਤਾ, ਜੋ ਕਿਸੇ ਲਈ ਵੀ ਹੈਰਾਨ ਕਰਨ ਵਾਲਾ ਹੋ ਸਕਦਾ ਹੈ। ਇਹ ਤੱਥਾਂ ਅਤੇ ਕਾਨੂੰਨ ਅਨੁਸਾਰ ਵੀ ਪੂਰੀ ਤਰ੍ਹਾਂ ਸਹੀ ਨਹੀਂ ਹੈ ਕਿ ਉਨ੍ਹਾਂ ਨੂੰ ਅਜਿਹੀਆਂ ਗ਼ਲਤ ਫ਼ਹਿਮੀਆਂ ਹੋ ਜਾਂਦੀਆਂ ਹਨ।*

*ਪੱਤਰ ਵਿਚ ਸਾਫ਼ ਲਿਖਿਆ ਹੈ ਕਿ ਅਖ਼ਬਾਰ ਨੇ ਆਪਣੇ ਲੇਖ ਦੇ ਆਧਾਰ 'ਤੇ ਉਨ੍ਹਾਂ ਨੂੰ ਝੂਠ ਦੇ ਸਹਾਰੇ ਬਦਨਾਮ ਕਰਨ ਤੋਂ ਇਲਾਵਾ ਲਾਪ੍ਰਵਾਹੀ ਪੂਰਨ ਕਾਰਜ ਕੀਤਾ ਹੈ। ਉਸ ਵਿਚ ਇਹ ਵੀ ਲਿਖਿਆ ਹੈ ਕਿ ਸਿਆਸੀ ਸਾਜ਼ਿਸ਼ ਤਹਿਤ ਟਰੰਪ ਨੂੰ ਹਰਾਉਣ ਲਈ ਅਜਿਹਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੱਤਰ ਵਿਚ ਦੋਸ਼ ਲਾਏ ਗਏ ਹਨ ਕਿ ਅਖ਼ਬਾਰ ਨੇ ਬਿਨਾਂ ਸਚਾਈ ਜਾਣਿਆ, ਬਿਨਾਂ ਜਾਂਚ ਕੀਤਿਆਂ ਔਰਤਾਂ ਦੇ ਦਾਅਵਿਆਂ ਨੂੰ ਸੱਚ ਮੰਨ ਲਿਆ। ਟਰੰਪ ਖ਼ਿਲਾਫ਼ ਅਜਿਹੇ ਹੀ ਦਾਅਵੇ ਹੋਰਨਾਂ ਔਰਤਾਂ ਨੇ ਕੀਤੇ ਹਨ ਅਤੇ ਉਨ੍ਹਾਂ ਦੀ ਪੂਰੀ ਜਾਣਕਾਰੀ ਦ ਪਾਮ ਬੀਚ ਪੋਸਟ, ਦ ਪੀਪਲ ਮੈਗਜ਼ੀਨ, ਐਨ.ਬੀ.ਸੀ. ਨਿਊਜ਼ ਤੇ ਵਾਸ਼ਿੰਗਟਨ ਦੇ ਇਕ ਟੀ.ਵੀ. ਚੈਨਲ ਨੇ ਦਿਖਾਈ ਹੈ।*

*ਦ ਨਿਊ ਯਾਰਕ ਟਾਈਮਜ਼ ਦੇ ਮੀਤ ਪ੍ਰਧਾਨ ਅਤੇ ਸਹਾਇਕ ਜਨਰਲ ਕਾਊਂਸਲ ਡੈਵਿਡ ਮੈਕਰੀਵ ਨੇ ਟਰੰਪ ਨੂੰ ਉਨ੍ਹਾਂ ਦੇ ਪੱਤਰ ਦੀ ਧਮਕੀ ਦਾ ਜਵਾਬ ਦਿੰਦਿਆਂ ਕਿਹਾ ਕਿ ਕਾਨੂੰਨ ਦੀਆਂ ਬੁਨਿਆਦੀ ਗੱਲਾਂ ਅਤੇ ਮੀਡੀਆ ਦੀ ਆਜ਼ਾਦੀ ਲਈ ਕਾਨੂੰਨ ਵਿਚ ਕੀਤੇ ਗਏ ਬਦਲਾਵਾਂ ਦੀ ਜਾਣਕਾਰੀ ਭੇਜੀ ਹੈ। ਉਸ ਵਿਚ ਜ਼ਿਕਰ ਹੈ ਕਿ ਅਜਿਹਾ ਕੁਝ ਨਹੀਂ ਕੀਤਾ ਗਿਆ, ਜਿਸ ਨਾਲ ਟਰੰਪ ਦੀ ਦਿਖ ਨੂੰ ਨੁਕਸਾਨ ਪਹੁੰਚੇ। ਜਵਾਬ ਵਿਚ ਟਰੰਪ ਦੇ ਉਸ ਘਟੀਆ ਵਿਹਾਰ ਦਾ ਵੀ ਜ਼ਿਕਰ ਹੈ, ਜੋ ਉਨ੍ਹਾਂ ਨੇ ਔਰਤਾਂ ਦੀ ਬਿਨਾਂ ਮਨਜ਼ੂਰੀ ਦੇ ਉਨ੍ਹਾਂ ਨਾਲ ਕੀਤਾ ਸੀ। ਨਾਲ ਹੀ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਅਖ਼ਬਾਰ ਕੋਲ ਇਹ ਜਾਣਕਾਰੀਆਂ ਪ੍ਰਕਾਸ਼ਤ ਕਰਨ ਦੇ ਪੂਰੇ ਅਧਿਕਾਰ ਹਨ, ਕਿਉਂਕਿ ਟਰੰਪ ਜਨਤਕ ਹਸਤੀ ਹੈ ਤੇ ਜੋ ਮੁੱਦੇ ਹਨ, ਉਨ੍ਹਾਂ ਨਾਲ ਰਾਸ਼ਟਰ ਦੇ ਹਿਤ ਜੁੜੇ ਹਨ। ਜਿਥੋਂ ਤਕ ਅਖ਼ਬਾਰ ਦੀ ਗੱਲ ਹੈ, ਤਾਂ ਇਹ ਉਨ੍ਹਾਂ ਧਮਕੀਆਂ ਅਤੇ ਖ਼ਤਰਿਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਉਸ ਨੂੰ ਪਹਿਲਾਂ ਵੀ ਸਰਕਾਰੀ ਅਧਿਕਾਰੀਆਂ ਅਤੇ ਜਨਤਕ ਹਸਤੀਆਂ ਕੋਲੋਂ ਉਨ੍ਹਾਂ ਖ਼ਿਲਾਫ਼ ਖ਼ਬਰਾਂ ਦੇ ਬਦਲੇ ਵਿਚ ਮਿਲਦੀਆਂ ਰਹੀਆਂ ਹਨ। ਅਜਿਹੇ ਕਈ ਕਾਂਡ ਹਨ, ਜਿਨ੍ਹਾਂ ਦਾ ਜ਼ਿਕਰ ਜਨਤਕ ਤੌਰ 'ਤੇ ਕੀਤਾ ਜਾ ਸਕਦਾ ਹੈ। ਪਰ ਟਰੰਪ ਦੇ ਨਜ਼ਰੀਏ ਤੋਂ ਦੇਖੀਏ ਤਾਂ ਉਨ੍ਹਾਂ ਲਈ ਕੋਈ ਸਿਧਾਂਤ ਮਾਈਨੇ ਨਹੀਂ ਰਖਦਾ। ਟਰੰਪ ਜੇਕਰ ਰਾਸ਼ਟਰਪਤੀ ਵੀ ਬਣ ਜਾਂਦੇ ਹਨ ਤਾਂ ਵੀ ਉਹ ਪ੍ਰੈੱਸ ਨਾਲ ਜੁੜੇ ਕਾਨੂੰਨ ਬਿੰਦੂਆਂ ਨੂੰ ਬਦਲ ਨਹੀਂ ਸਕਣਗੇ। ਸੰਭਵ ਹੈ ਕਿ ਉਨ੍ਹਾਂ ਦੀ ਇਸ ਵਾਰ ਦੀ ਧਮਕੀ ਵੀ ਪਹਿਲਾਂ ਵਾਂਗ ਖਾਲੀ ਜਾਵੇਗੀ। ਹਾਲੇ ਇਕ ਹੋਰ ਗੱਲ 'ਤੇ ਧਿਆਨ ਦੇਣਾ ਹੈ ਕਿ ਉਨ੍ਹਾਂ ਦੀ ਉਮੀਦਵਾਰੀ ਦਾ ਕੀ ਫ਼ੈਸਲਾ ਹੁੰਦਾ ਹੈ।*

# ਮੈਂ ਭਾਰਤ ਤੇ ਅਮਰੀਕਾ ਵਿਚਲੀ ਦੋਸਤੀ ਹੋਰ ਗੂੜ੍ਹੀ ਕਰਾਂਗਾ : ਡੋਨਲਡ ਟਰੰਪ

**ਐਡੀਸਨ (ਨਿਊ ਜਰਸੀ)/ਬਿਊਰੋ ਨਿਊਜ਼ :**

ਭਾਰਤ ਨੂੰ ਇਕ ਅਹਿਮ ਰਣਨੀਤਕ ਸਹਿਯੋਗੀ ਕਰਾਰ ਦਿੰਦਿਆਂ ਰਾਸ਼ਟਰਪਤੀ ਅਹੁਦੇ ਦੇ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੇ ਵਾਅਦਾ ਕੀਤਾ ਹੈ ਕਿ ਜੇ ਉਹ ਸੱਤਾ ਵਿੱਚ ਆਏ ਤਾਂ ਭਾਰਤ ਤੇ ਅਮਰੀਕਾ ਪੱਕੇ ਦੋਸਤ ਬਣ ਜਾਣਗੇ ਅਤੇ ਉਨ੍ਹਾਂ ਦਾ ਆਪਸ ਵਿੱਚ ਰਲ ਕੇ ਸ਼ਾਨਦਾਰ ਭਵਿੱਖ ਹੋਵੇਗਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੀ ਤਾਰੀਫ਼ ਕੀਤੀ। ਟਰੰਪ ਨੇ ਰਿਪਬਲਿਕਨ ਹਿੰਦੂ ਕੁਲੀਸ਼ਨ ਵੱਲੋਂ ਕਰਵਾਏ ਚੈਰਿਟੀ ਸਮਾਗਮ ਵਿੱਚ ਭਾਰਤੀ-ਅਮਰੀਕੀਆਂ ਨੂੰ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਤੇ ਅਮਰੀਕਾ ਦਾ ਸਹਿਯੋਗੀ ਹੈ। ਟਰੰਪ ਪ੍ਰਸ਼ਾਸਨ ਤਹਿਤ ਇਹ ਦੋਵੇਂ ਦੇਸ਼ ਹੋਰ ਨੇੜੇ ਆ ਜਾਣਗੇ ਤੇ ਉਹ ਪੱਕੇ ਮਿੱਤਰ ਬਣ ਜਾਣਗੇ। ਅਮਰੀਕਾ ਭਾਰਤ ਨਾਲ ਬਹੁਤ ਵਪਾਰ ਕਰੇਗਾ ਤੇ ਦੋਵਾਂ ਦਾ ਭਵਿੱਖ ਸ਼ਾਨਦਾਰ ਹੋਣ ਵਾਲਾ ਹੈ। ਟਰੰਪ ਨੇ ਆਰਥਿਕ ਸੁਧਾਰਾਂ ਤੇ ਨੌਕਰਸ਼ਾਹੀ ਵਿੱਚ ਸੁਧਾਰਾਂ ਨਾਲ ਭਾਰਤ ਨੂੰ ਤੇਜ਼ ਵਿਕਾਸ ਦੇ ਮਾਰਗ ਉਪਰ ਲਿਆਉਣ ਲਈ ਸ੍ਰੀ ਮੋਦੀ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਅਜਿਹਾ ਅਮਰੀਕਾ ਵਿੱਚ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੰਮ ਕਰਨ ਦੀ ਉਡੀਕ ਕਰ ਰਿਹਾ ਹਾਂ। ਉਨ੍ਹਾਂ ਨੇ ਅਰਥਵਿਵਸਥਾ ਤੇ ਨੌਕਰਸ਼ਾਹੀ ਨੂੰ ਸੁਧਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਹ ਇਕ ਸ਼ਾਨਦਾਰ ਵਿਅਕਤੀ ਹਨ। ਮੈਂ ਉਨ੍ਹਾਂ ਦੀ ਪ੍ਰਸ਼ੰਸਾ ਕਰਦਾ ਹਾਂ। ਇਹ ਪਹਿਲੀ ਵਾਰ ਹੈ ਜਦੋਂ ਟਰੰਪ ਨੇ ਇਸ ਚੋਣ ਮੁਹਿੰਮ ਦੌਰਾਨ ਭਾਰਤੀ-ਅਮਰੀਕੀਆਂ ਦੇ ਸਮਾਗਮ ਵਿੱਚ ਸ਼ਿਰਕਤ ਕੀਤੀ।



ਕਸ਼ਮੀਰੀ ਪੰਡਤਾਂ ਤੇ ਅਤਿਵਾਦ ਤੋਂ ਪੀੜਤ ਬੰਗਲਾਦੇਸ਼ੀ ਹਿੰਦੂਆਂ ਵੱਲੋਂ ਕਰਵਾਏ ਸਮਾਗਮ ਵਿੱਚ ਟਰੰਪ ਨੇ ਕਿਹਾ ਕਿ ਉਹ ਹਿੰਦੂਆਂ ਤੇ ਭਾਰਤ ਦੇ ਪ੍ਰਸ਼ੰਸਕ ਹਨ। ਜੇ ਉਹ ਚੁਣੇ ਗਏ ਤਾਂ ਭਾਰਤੀਆਂ ਤੇ ਹਿੰਦੂਆਂ ਨੂੰ ਸੱਚਾ ਦੋਸਤ ਮਿਲ ਜਾਵੇਗਾ। ਉਨ੍ਹਾਂ ਨੂੰ ਭਾਰਤ ਉਪਰ ਭਰੋਸਾ ਹੈ। ਉਨ੍ਹਾਂ ਕਿਹਾ ਉਹ 19 ਮਹੀਨੇ ਪਹਿਲਾਂ ਭਾਰਤ ਗਏ ਸਨ ਤੇ ਵਾਰ ਵਾਰ ਉਥੇ ਜਾਣ ਦੇ ਇੱਛੁਕ ਹਨ।

## ਹਿਲੇਰੀ 'ਤੇ ਡਰੱਗ ਲੈਣ ਦਾ ਦੋਸ਼ ਲਾਇਆ

ਵਾਸ਼ਿੰਗਟਨ: ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੀ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਡਰੱਗ ਲੈਂਦੀ ਹੈ। ਉਨ੍ਹਾਂ ਅਗਲੇ ਹਫ਼ਤੇ ਹੋਣ ਵਾਲੀ ਆਖ਼ਰੀ ਬਹਿਸ ਤੋਂ ਪਹਿਲਾਂ ਕਲਿੰਟਨ ਨੂੰ ਡਰੱਗ ਟੈਸਟ ਕਰਵਾਉਣ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਹਿਲੇਰੀ ਦੇ ਸਟੈਮਨੇ ਉਪਰ ਕਿੰਤੂ ਕਰਦਿਆਂ ਕਿਹਾ ਕਿ ਉਹ ਬੀਤੇ ਐਤਵਾਰ ਬਹਿਸ ਤੋਂ ਪਹਿਲਾਂ ਕਾਫ਼ੀ ਜੋਸ਼ ਵਿੱਚ ਸੀ ਪਰ ਬਹਿਸ ਦੇ ਅਖੀਰ ਤੱਕ ਉਹ ਨਿਢਾਲ ਨਜ਼ਰ ਆ ਰਹੀ ਸੀ। ਆਪਣੇ ਇਸ ਦਾਅਵੇ ਲਈ ਉਨ੍ਹਾਂ ਕੋਈ ਸਬੂਤ ਪੇਸ਼ ਨਹੀਂ ਕੀਤਾ।

# ਚੀਨ ਨਿਤਰਿਆ ਪਾਕਿਸਤਾਨ ਦੀ ਹਮਾਇਤ 'ਤੇ

**ਪੇਇਚਿੰਗ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਾਕਿਸਤਾਨ ਨੂੰ ਦਹਿਸ਼ਤਗਰਦੀ ਦੀ ਜੜ੍ਹ ਆਖੇ ਜਾਣ ਮਗਰੋਂ ਚੀਨ ਨੇ ਉਸ ਦੀ ਪਿੱਠ 'ਤੇ ਆਉਂਦਿਆਂ ਕਿਹਾ ਕਿ ਉਹ ਕਿਸੇ ਮੁਲਕ ਜਾਂ ਧਰਮ ਨੂੰ ਦਹਿਸ਼ਤਵਾਦ ਨਾਲ ਜੋੜਨ ਦੇ ਖ਼ਿਲਾਫ਼ ਹੈ। ਚੀਨ ਨੇ ਆਲਮੀ ਭਾਈਚਾਰੇ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਦੀਆਂ 'ਵੱਡੀਆਂ ਕੁਰਬਾਨੀਆਂ' ਨੂੰ ਸਵੀਕਾਰ ਕਰਨ।

ਗੋਆ ਵਿਚ ਬ੍ਰਿਕਸ ਸੰਮੇਲਨ ਦੌਰਾਨ ਸ੍ਰੀ ਮੋਦੀ ਵੱਲੋਂ ਪਾਕਿਸਤਾਨ ਦੀ ਕਿਰਦਾਰਕੁਸ਼ੀ ਬਾਰੇ ਸਵਾਲ ਪੁੱਛੇ ਜਾਣ 'ਤੇ ਪ੍ਰਤੀਕਰਮ ਦਿੰਦਿਆਂ ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੁਆ ਚੁਨਯਿੰਗ ਨੇ ਕਿਹਾ ਕਿ ਚੀਨ ਕਿਸੇ ਮੁਲਕ ਨੂੰ ਦਹਿਸ਼ਤਗਰਦੀ ਨਾਲ ਜੋੜਨ ਦਾ ਵਿਰੋਧ ਕਰਦਾ ਹੈ। ਉਸ ਨੇ ਕਿਹਾ ਕਿ ਅਤਿਵਾਦ ਵਿਰੋਧੀ ਨੀਤੀ ਬਾਰੇ ਚੀਨ ਦੀ ਸਥਿਤੀ ਸਪਸ਼ਟ ਹੈ ਅਤੇ ਉਹ ਇਸ ਤੋਂ ਪਿੱਛੇ ਨਹੀਂ ਹਟਣਗੇ। ਤਰਜਮਾਨ ਨੇ ਕਿਹਾ ਕਿ ਚੀਨ ਹਰ ਤਰ੍ਹਾਂ ਦੇ ਅਤਿਵਾਦ ਦੀ ਨਿੰਦਾ ਕਰਦਾ ਹੈ ਅਤੇ ਕੌਮਾਂਤਰੀ ਪੱਧਰ 'ਤੇ ਇਕਜੁੱਟ ਹੋ ਕੇ ਸਾਰੇ ਮੁਲਕਾਂ ਦੀ ਸਥਿਰਤਾ ਅਤੇ ਸੁਰੱਖਿਆ ਲਈ ਕੋਸ਼ਿਸ਼ਾਂ ਕੀਤੇ ਜਾਣ ਦੀ ਲੋੜ ਹੈ। ਪਾਕਿਸਤਾਨ ਨੂੰ ਚੀਨ ਦਾ ਪੱਕਾ ਮਿੱਤਰ ਗਰਦਾਨਦਿਆਂ ਉਸ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਅਤਿਵਾਦ ਦੇ ਪੀੜਤ ਹਨ ਪਰ ਇਸਲਾਮਾਬਾਦ ਨੇ ਅਤਿਵਾਦ ਨਾਲ ਨਜਿੱਠਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਜਿਨ੍ਹਾਂ ਨੂੰ ਕੌਮਾਂਤਰੀ ਭਾਈਚਾਰੇ ਨੂੰ ਕਬੂਲ ਕਰਨਾ ਚਾਹੀਦਾ ਹੈ। ਇਸਲਾਮਾਬਾਦ ਵੱਲੋਂ ਦਹਿਸ਼ਤਗਰਦਾਂ ਨੂੰ ਹਮਾਇਤ ਦੇਣ ਅਤੇ ਉਨ੍ਹਾਂ ਨੂੰ ਮੁਲਕ ਵਿਚ ਪਨਾਹ ਦੇਣ ਸਬੰਧੀ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਹੁਆ ਨੇ ਕਿਹਾ ਕਿ ਅਤਿਵਾਦ ਨਾਲ ਟਾਕਰੇ ਬਾਰੇ ਚੀਨ ਦੀ ਲਗਾਤਾਰ ਨੀਤੀ ਰਹੀ ਹੈ ਕਿ ਉਹ ਅਤਿਵਾਦ ਦਾ ਵਿਰੋਧ ਕਰਦਾ ਰਹੇਗਾ। ਉਸ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਭਾਵੇਂ ਸਮੱਸਿਆਵਾਂ ਹਨ ਪਰ ਦੋਵੇਂ ਮੁਲਕ ਚੀਨ ਦੇ ਗੁਆਂਢੀ ਹਨ। 'ਸਾਨੂੰ ਯਕੀਨ ਹੈ ਕਿ ਉਹ ਆਪਣੇ ਮੱਤਭੇਦਾਂ ਨੂੰ ਵਾਰਤਾ ਅਤੇ ਵਿਚਾਰ ਵਟਾਂਦਰੇ ਰਾਹੀਂ ਸ਼ਾਂਤੀਪੂਰਨ ਢੰਗ ਨਾਲ ਸੁਲਝਾ ਸਕਦੇ ਹਨ।' ਉਸ ਨੇ ਕਿਹਾ ਕਿ ਦੋਵੇਂ ਮੁਲਕਾਂ ਅਤੇ ਖ਼ਿੱਤੇ ਦੀ ਭਲਾਈ ਵਿਚ ਗੱਲਬਾਤ ਹੀ ਇਕ ਰਾਹ ਬਚਦਾ ਹੈ।

ਬਿਲਾਵਲ ਨੇ ਮੋਦੀ ਨੂੰ ਕਿਹਾ ਕਸਾਈ :

ਕਰਾਚੀ : ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੁਜਰਾਤ ਅਤੇ ਕਸ਼ਮੀਰ ਦਾ 'ਕਸਾਈ' ਦੱਸਦਿਆਂ ਦੋਸ਼ ਲਾਇਆ ਕਿ ਉਹ ਕਸ਼ਮੀਰ ਵਾਦੀ ਵਿਚ ਕੀਤੀਆਂ ਜਾ ਰਹੀਆਂ ਵਧੀਕੀਆਂ ਤੋਂ ਧਿਆਨ ਵੰਡਾਉਣ ਲਈ ਪਾਕਿਸਤਾਨ ਨੂੰ ਮੋਹਰਾ ਬਣਾ ਰਹੇ ਹਨ। ਕਰਸਾਜ਼ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਉਸ ਨੇ ਮੋਦੀ ਨੂੰ 'ਅਤਿਵਾਦੀ' ਗਰਦਾਨਦਿਆਂ ਕਿਹਾ ਕਿ ਉਸ ਤੋਂ ਕੋਈ ਆਸ ਨਹੀਂ ਕੀਤੀ ਜਾਣੀ ਚਾਹੀਦੀ।

# ਰੂਸ ਨੇ ਵੀ ਪਾਕਿਸਤਾਨੀ ਅੱਤਵਾਦੀ ਸੰਗਠਨਾਂ 'ਤੇ ਧਾਰੀ ਚੁੱਪ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਮਿਲਣ ਮਗਰੋਂ ਭਾਵੇਂ ਹੀ ਇਹ ਕਿਹਾ ਹੋਵੇ ਕਿ ਇਕ ਪੁਰਾਣਾ ਦੋਸਤ ਨਵੇਂ ਦੋਸਤਾਂ ਨਾਲੋਂ ਬਿਹਤਰ ਹੈ ਪਰ ਰੂਸ ਵੀ ਹੁਣ ਚੀਨ ਦੀ ਰਾਹ ਚੱਲ ਪਿਆ ਹੈ। ਬਰਿਕਸ ਸੰਮੇਲਨ ਵਿਚ ਪਾਕਿਸਤਾਨ ਨੂੰ ਅੱਤਵਾਦ ਕਾਰਨ ਅਲੱਗ-ਥਲੱਗ ਕਰਨ ਦੇ ਮੁੱਦੇ 'ਤੇ ਰੂਸ ਨੇ ਭਾਰਤ ਦਾ ਸਮਰਥਨ ਕਰਨ ਦੀ ਬਜਾਏ ਚੁੱਪ ਧਾਰ ਰੱਖੀ ਹੈ। 'ਟਾਈਮਜ਼ ਆਫ਼ ਇੰਡੀਆ' ਵਿਚ ਛਪੀ ਖ਼ਬਰ ਮੁਤਾਬਕ ਚੀਨ ਪਹਿਲਾਂ ਤੋਂ ਹੀ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਦਾ ਨਾਂ ਗੋਆ ਸੰਮੇਲਨ ਵਿਚ ਲਿਆਉਣ ਦਾ ਰਸਤਾ ਬੰਦ ਕਰ ਚੁੱਕਾ ਸੀ ਪਰ ਰੂਸ ਨੇ ਵੀ ਪਾਕਿਸਤਾਨ ਦੇ ਇਨ੍ਹਾਂ ਦੋਵੇਂ ਅੱਤਵਾਦੀ ਸੰਗਠਨਾਂ ਨੂੰ ਲੈ ਕੇ ਭਾਰਤ ਦੇ ਪ੍ਰਸਤਾਵ 'ਤੇ ਚੁੱਪ ਧਾਰ ਲਈ ਹੈ। ਜਦਕਿ ਬਰਿਕਸ ਵਿਚ ਸ਼ਾਮਲ ਦੇਸ਼ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਲੋਂ ਐਲਾਨੀ ਅੱਤਵਾਦੀ ਸੰਗਠਨਾਂ ਦੀ ਸੂਚੀ ਨੂੰ ਸਵੀਕਾਰ ਕਰਨ ਲਈ ਪ੍ਰਤੀਬੱਧ ਹੈ। ਰੂਸ ਦੀ ਚੁੱਪ ਦੇ ਸਿੱਟੇ ਵਜੋਂ ਭਾਰਤ ਬਰਿਕਸ ਸੰਮੇਲਨ ਵਿਚ ਪਾਕਿਸਤਾਨ ਨੂੰ ਉਸ ਤਰ੍ਹਾਂ ਘੇਰ ਨਾ ਸਕਿਆ ਜਿਵੇਂ ਉਹ ਚਾਹੁੰਦਾ ਸੀ। ਰੂਸ ਦੇ ਇਸ ਬਦਲੇ ਰਵੱਈਏ ਦੇ ਕਾਰਨ ਉਸ ਦੇ ਹਾਲ ਹੀ ਵਿਚ ਪਾਕਿਸਤਾਨ ਨਾਲ ਵਧੀਆਂ ਨਜ਼ਦੀਕੀਆਂ ਵੀ ਹਨ। ਪਾਕਿਸਤਾਨ ਨਾਲ ਰੂਸ ਨੇ ਅੱਤਵਾਦ ਵਿਰੋਧੀ ਅਭਿਆਸ ਦਸ ਕੇ ਕਈ ਫ਼ੌਜੀ ਅਭਿਆਸ ਕੀਤੇ ਹਨ। ਗੋਆ ਸੰਮੇਲਨ ਵਿਚ ਆਉਣ ਤੋਂ ਠੀਕ ਇਕ ਦਿਨ ਪਹਿਲਾਂ ਵਲਾਦੀਮੀਰ ਪੂਤਿਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਅਜਿਹਾ ਕੁਝ ਨਹੀਂ ਕਰਨਗੇ, ਜਿਸ ਨਾਲ ਭਾਰਤ ਦੇ ਹਿਤਾਂ ਨੂੰ ਨੁਕਸਾਨ ਹੋਵੇ। ਪਰ ਵਿਦੇਸ਼ ਮੰਤਰਾਲੇ ਦੇ ਸਕੱਤਰ ਅਮਰ ਸਿਨਹਾ ਨੇ ਇਹ ਸਵੀਕਾਰ ਕੀਤਾ ਕਿ ਦੋਵੇਂ ਦੇਸ਼ਾਂ ਵਿਚਾਲੇ ਪਾਕਿਸਤਾਨ ਸਥਿਤ ਅੱਤਵਾਦੀ ਸੰਗਠਨਾਂ ਨੂੰ ਸੰਮੇਲਨ ਵਿਚ ਸ਼ਾਮਲ ਕਰਨ ਨੂੰ ਲੈ ਕੇ ਕੋਈ ਇਕਮਤ ਨਹੀਂ ਸੀ ਕਿਉਂਕਿ ਇਨ੍ਹਾਂ ਸੰਗਠਨਾਂ ਤੋਂ ਦੂਸਰੇ ਦੇਸ਼ਾਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ।

# ਸਰਬੱਤ ਖ਼ਾਲਸਾ ਅਕਾਲੀ-ਭਾਜਪਾ ਹਕੂਮਤ ਦੇ ਕੱਫਨ 'ਚ ਆਖ਼ਰੀ ਕਿੱਲ ਸਾਬਿਤ ਹੋਵੇਗਾ : ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ




**ਟੋਰਾਂਟੋ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਕਮੇਟੀ ਦੇ ਮੈਂਬਰਾਂ ਸੁਖਮਿੰਦਰ ਸਿੰਘ ਹੰਸਰਾ ਕੈਨੇਡਾ, ਸੋਹਣ ਸਿੰਘ ਕੰਗ ਜਰਮਨੀ, ਅਮਰੀਕ ਸਿੰਘ ਬੱਲੋਵਾਲ ਬਹਿਰੀਨ, ਜਸਪਾਲ ਸਿੰਘ ਬੈਂਸ ਯੂ.ਕੇ., ਸਰਬਜੀਤ ਸਿੰਘ ਯੂ.ਕੇ., ਅਮਨਦੀਪ ਸਿੰਘ ਨਿਊਯਾਰਕ, ਰੇਸ਼ਮ ਸਿੰਘ ਕੈਲੇਫੋਰਨੀਆ, ਹਰਦੀਪ ਸਿੰਘ ਲੋਹਾਖੇੜਾ ਆਸਟਰੇਲੀਆ, ਜਗਰਾਜ ਸਿੰਘ ਮੱਦੋਕੇ ਅਤੇ ਦਲਵਿੰਦਰ ਸਿੰਘ ਘੁੰਮਣ ਨੇ ਦੁਨੀਆ ਭਰ ਵਿੱਚ ਵੱਸਦੇ ਖਾਲਸਾ ਪੰਥ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਸਰਬੱਤ ਖਾਲਸਾ ਦੀ ਤਿਆਰੀ ਵਿੱਚ ਕੋਈ ਢਿੱਲ ਮੱਠ ਨਾ ਵਿਖਾਈ ਜਾਵੇ। ਇਸ ਨੂੰ ਉਲੀਕਣ ਲਈ ਜੰਗੀ ਪੱਧਰ 'ਤੇ ਤਿਆਰੀਆਂ ਹੋ ਰਹੀਆਂ ਹਨ। ਵਿਦੇਸ਼ੀਂ ਵੱਸਦਾ ਖਾਲਸਾ ਇਸ ਵਿੱਚ ਆਪਣਾ ਯੋਗਦਾਨ ਪਾਉਣ ਲਈ ਕਮਰਕਸੇ ਕੱਸ ਲਵੇ। ਮੈਂਬਰਾਂ ਨੇ ਕਿਹਾ ਕਿ 2015 ਦਾ ਸਰਬੱਤ ਖਾਲਸਾ ਹਾਕਮ ਲਈ ਲਲਕਾਰ ਸੀ ਅਤੇ 2016 ਦਾ ਸਰਬੱਤ ਖਾਲਸਾ ਪੰਜਾਬ ਦੀ ਅਕਾਲੀ-ਭਾਜਪਾ ਹਕੂਮਤ ਦੇ ਕੱਫਨ ਵਿੱਚ ਆਖਰੀ ਕਿੱਲ ਸਾਬਿਤ ਹੋ ਸਕਦਾ ਹੈ। ਇਨ੍ਹਾਂ ਮੈਂਬਰਾਂ ਨੇ ਕਿਹਾ ਕਿ ਸਰਬੱਤ ਖਾਲਸਾ ਬਾਰੇ ਪੰਥਕ ਪੱਧਰ 'ਤੇ ਹੋ ਰਹੀ ਚਰਚਾ ਉਸਾਰੂ ਤਾਂ ਹੀ ਹੋ ਸਕਦੀ ਹੈ ਜੇਕਰ ਇਸ ਵਿੱਚ ਪੰਥਕ ਸੁਹਿਰਦਤਾ ਦਾ ਮਾਦਾ ਭਾਰੂ ਹੋਵੇ। ਉਨ੍ਹਾਂ ਬੇਨਤੀ ਕੀਤੀ ਕਿ ਚਾਰੇ ਸਿੰਘ ਸਾਹਿਬਾਨ ਇਸ ਚਰਚਾ ਨੂੰ ਜਲਦੀ ਨਜਿੱਠ ਲੈਣ ਤਾਂ ਕਿ ਪੰਥ ਇੱਕ ਸੁਰ ਹੋ ਕੇ ਸਰਬੱਤ ਖਾਲਸਾ ਦੀ ਕਾਮਯਾਬੀ ਵਿੱਚ ਜੁੱਟ ਸਕੇ। ਦੁਚਿੱਤੀ ਵਿੱਚ ਪੈਣਾ ਪੰਥ ਦੀ ਦਿਖ ਨੂੰ ਕਮਜ਼ੋਰ ਅਤੇ ਨਿਹਫਲ ਕਰ ਦੇਵੇਗਾ। 10 ਨਵੰਬਰ 2016 ਨੂੰ ਤਲਵੰਡੀ ਸਾਬੋ ਵਿਖੇ ਹੋ ਰਹੇ ਸਰਬੱਤ ਖਾਲਸਾ ਵਿੱਚ ਲੱਖਾਂ ਦੀ ਤਾਦਾਦ ਵਿੱਚ ਸੰਗਤ ਨੂੰ ਪਹੁੰਚਾਉਣ ਦੀ ਡਿਊਟੀ ਵਿਦੇਸ਼ੀਂ ਬੈਠੇ ਖਾਲਸੇ ਦੀ ਹੈ।

# ਅਮਰੀਕੀ ਲੁਬਾਣਾ ਯੂਥ 'ਆਪ' ਆਗੂ ਬੀਬੀ ਹਰਪ੍ਰੀਤ ਕੌਰ ਬਾਜਵਾ ਦੇ ਹੱਕ ਵਿੱਚ ਨਿੱਤਰਿਆ

**ਸੈਨਹੋਜ਼ੇ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਪੰਜਾਬ ਅੰਦਰ ਜਿਵੇਂ-ਜਿਵੇਂ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰ ਚੋਣ ਦੰਗਲ ਵਿੱਚ ਉਤਾਰਨੇ ਸ਼ੁਰੂ ਕੀਤੇ ਹਨ, ਤਿਵੇਂ-ਤਿਵੇਂ ਚੋਣ ਅਖਾੜਾ ਭਖਦਾ ਜਾ ਰਿਹਾ ਹੈ। ਇਸੇ ਕੜੀ ਤਹਿਤ ਹਲਕਾ ਦਸੂਹਾ ਦੀ ਸੀਟ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪਿਛਲੇ ਦਿਨੀਂ ਪੂਰੇ ਅਮਰੀਕਾ ਵਿੱਚ ਦਸੂਹਾ ਸੀਟ ਨੂੰ ਲੈ ਕੇ ਇਥੋਂ ਦੇ ਲੁਬਾਣਾ ਭਾਈਚਾਰੇ ਦੇ ਯੂਥ ਵੱਲੋਂ ਅਮਰੀਕਾ ਦੇ ਵੱਖੋ-ਵੱਖ ਸ਼ਹਿਰਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਸਭਾਵਾਂ ਦੌਰਾਨ ਯੂਥ ਨੇ ਦਸੂਹਾ ਹਲਕੇ ਦੀ ਪੜ੍ਹੀ ਲਿਖੀ 'ਆਪ' ਦੀ ਸੰਭਾਵੀ ਉਮੀਦਵਾਰ ਬੀਬੀ ਹਰਪ੍ਰੀਤ ਕੌਰ ਬਾਜਵਾ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਬੀਬੀ ਹਰਪ੍ਰੀਤ ਕੌਰ ਸਫ਼ਲ ਅਧਿਆਪਕਾ ਵਜੋਂ ਦਸੂਹਾ ਹਲਕੇ ਦੇ ਸਕੂਲਾਂ ਵਿੱਚ ਲੰਮਾ ਸਮਾਂ ਰਹਿ ਚੁੱਕੇ ਹਨ ਅਤੇ ਹੁਣ ਉਹ ਸਥਾਪਤ ਕਾਰੋਬਾਰੀ ਵਜੋਂ ਲੋਕ ਸੇਵਿਕਾ ਵਾਂਗ ਜੀਵਨ ਬਤੀਤ ਕਰ ਰਹੇ ਹਨ ਅਤੇ ਅਸੀਂ ਚਾਹੁੰਦੇ ਹਾਂ ਕਿ ਦਸੂਹਾ ਹਲਕੇ ਦੀ ਡੋਰ ਸਾਫ਼ ਸੁਥਰੇ ਅਕਸ਼ ਵਾਲੇ




ਪੜ੍ਹੇ ਲਿਖੇ ਲੀਡਰ ਦੇ ਹੱਥਾਂ ਵਿੱਚ ਦਿੱਤੀ ਜਾਵੇ ਤਾਂ ਜੋ ਉਹ ਆਮ ਲੋਕਾਂ ਦੇ ਮਸਲੇ ਵਿਧਾਨ ਸਭਾ ਵਿੱਚ ਸੁਚੱਜੇ ਢੰਗ ਨਾਲ ਉਠਾ ਸਕੇ। ਬੁਲਾਰਿਆਂ ਨੇ ਕਿਹਾ ਕਿ ਬੀਬੀ ਹਰਪ੍ਰੀਤ ਕੌਰ ਬਾਜਵਾ ਪੰਜਾਬ ਲਈ ਏਨੀ ਸੁਹਿਰਦ ਹੈ ਕਿ ਉਹ ਕੈਨੇਡੀਅਨ ਇੰਮੀਗਰਾਂਟ ਹੋਣ ਦੇ ਬਾਵਜੂਦ ਕੈਨੇਡਾ ਨਹੀਂ ਗਈ ਬਲਕਿ ਪੰਜਾਬ ਅੰਦਰ ਰਹਿ ਕੇ ਸਿਸਟਮ ਖਿਲਾਫ਼ ਲੜਾਈ ਲੜ ਰਹੀ ਹੈ। ਸ੍ਰੀਮਤੀ ਹਰਪ੍ਰੀਤ ਕੌਰ ਬਾਜਵਾ ਮਹਿਲਾ ਵਿੰਗ ਦੇ ਸਰਗਰਮ ਵਾਲੰਟੀਅਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਬੁਲਾਰਿਆਂ ਨੇ ਦੁਹਰਾਇਆ ਕਿ ਦਸੂਹਾ ਹਲਕੇ ਦੀ ਭਲਾਈ ਲਈ ਉਹ ਬੀਬੀ ਬਾਜਵਾ ਦੇ ਨਾਲ ਹਨ।

# ਭਾਰਤੀ ਅਮਰੀਕੀਆਂ ਦਾ ਝੁਕਾਅ ਰਿਪਬਲਿਕਨਾਂ ਵੱਲ

## ਸਰਵੇਖਣ ਮੁਤਾਬਕ ਟਰੰਪ ਤੋਂ ਬਹੁਤ ਅੱਗੇ ਨਿਕਲੀ ਹਿਲੇਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਹਾਲ ਹੀ ਦੌਰਾਨ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਵੱਲੋਂ ਕੀਤੀ ਗਈ ਚੋਣ ਰੈਲੀ ਵਿੱਚ ਭਾਰਤੀਆਂ ਦੀ ਵੱਡੀ ਸ਼ਮੂਲੀਅਤ ਤੋਂ ਸਾਫ਼ ਹੈ ਕਿ ਇਸ ਪਾਰਟੀ ਨੇ ਡੈਮੋਕਰੇਟਾਂ ਦੇ ਭਾਰਤੀ ਅਮਰੀਕੀ ਵੋਟ ਬੈਂਕ ਨੂੰ ਢਾਹ ਲਗਾ ਦਿੱਤੀ ਹੈ। ਰਿਪਬਲਿਕਨ ਪਾਰਟੀ ਦੇ ਸੂਤਰਾਂ ਮੁਤਾਬਕ ਭਾਰਤੀਆਂ ਦੇ ਬਦਲ ਰਹੇ ਇਸ ਰੁਖ਼ ਦਾ ਭਾਵੇਂ ਇਸ ਵਾਰ ਰਿਪਬਲਿਕਨ ਉਮੀਦਵਾਰ ਨੂੰ ਬਹੁਤਾ ਲਾਭ ਨਾ ਹੋਵੇ ਪਰ ਅਗਲੇ ਸਾਲਾਂ ਵਿੱਚ ਡੈਮੋਕਰੈਟਿਕ ਪਾਰਟੀ ਨੂੰ ਭਾਰਤੀ ਵੋਟਾਂ ਉਸ ਦੇ ਹੱਥੋਂ ਖਿਸਕਣ ਦਾ ਨੁਕਸਾਨ ਹੋ ਸਕਦਾ ਹੈ। ਟਰੰਪ ਨੇ ਐਡੀਸਨ ਵਿੱਚ ਭਾਰਤੀ ਅਮਰੀਕੀਆਂ ਦੀ ਰੈਲੀ ਵਿੱਚ ਕਿਹਾ ਸੀ ਕਿ ਉਹ ਹਿੰਦੂਆਂ ਤੇ ਭਾਰਤ ਦੇ ਵੱਡੇ ਪ੍ਰਸ਼ੰਸਕ ਹਨ ਤੇ ਜੇ ਉਹ ਰਾਸ਼ਟਰਪਤੀ ਬਣ ਗਏ ਤਾਂ ਭਾਰਤ ਤੇ ਅਮਰੀਕਾ ਪੱਕੇ ਮਿੱਤਰ ਬਣ ਜਾਣਗੇ। ਰਿਪਬਲਿਕਨ ਸਮਰਥਕ ਸੰਪਤ ਸ਼ਿਵਾਂਗੀ ਨੇ ਕਿਹਾ ਕਿ ਟਰੰਪ ਦਾ ਇਹ ਬਿਆਨ ਕਾਫ਼ੀ ਅਹਿਮੀਅਤ ਰੱਖਦਾ ਹੈ। ਇਸ ਰੈਲੀ ਵਿੱਚ ਪੰਜ ਹਜ਼ਾਰ ਦੇ ਕਰੀਬ ਭਾਰਤੀ ਅਮਰੀਕੀ ਸਨ। ਟੀਵੀ ਪੱਤਰਕਾਰ ਰੋਹਿਤ ਵਿਆਸ ਨੇ ਸ੍ਰੀ ਸ਼ਿਵਾਂਗੀ ਨਾਲ ਸਹਿਮਤੀ ਜਤਾਉਂਦਿਆਂ ਕਿਹਾ ਕਿ ਰਿਪਬਲਿਕਨ ਪਾਰਟੀ ਵੱਲ ਭਾਰਤੀਆਂ ਦਾ ਝੁਕਾਅ ਵੱਧ ਰਿਹਾ ਹੈ। ਦੂਜੇ ਪਾਸੇ ਡੈਮੋਕਰੈਟਿਕ ਪਾਰਟੀ ਵੱਲੋਂ ਹਿਲੇਰੀ ਕਲਿੰਟਨ ਦੀ ਮੁਹਿੰਮ ਚਲਾਉਣ ਵਾਲਿਆਂ ਨੇ ਇਸ ਗੱਲ ਨੂੰ ਰੱਦ ਕੀਤਾ ਹੈ ਕਿ ਭਾਰਤੀ ਮੂਲ ਦੇ ਲੋਕ ਰਿਪਬਲਿਕਨ ਪਾਰਟੀ ਵੱਲ ਵੱਧ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਹਿਲੇਰੀ ਦੇ ਭਾਰਤ ਨਾਲ ਚੰਗੇ ਤੇ ਮਜ਼ਬੂਤ ਸਬੰਧ ਹਨ।

ਟਰੰਪ ਦੇ ਹਾਲ ਹੀ ਦੌਰਾਨ ਸਾਹਮਣੇ ਆਏ ਸਾਲ 2005 ਦੇ ਵੀਡੀਓ ਬਾਰੇ ਉਨ੍ਹਾਂ ਦੀ ਪਤਨੀ ਮਲਾਨੀਆ ਨੇ ਚੁੱਪ ਤੋੜੀ ਹੈ। ਇਸ ਵੀਡੀਓ ਵਿੱਚ ਟਰੰਪ ਔਰਤਾਂ ਬਾਰੇ ਭੱਦੀਆਂ ਟਿੱਪਣੀਆਂ ਕਰ ਰਹੇ ਹਨ। ਮਲੇਨੀਆ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਤੀ ਨੂੰ ਅਜਿਹੀਆਂ ਗੱਲਾਂ ਕਰਨ ਲਈ ਉਕਸਾਇਆ ਗਿਆ ਸੀ। ਟਰੰਪ ਨੇ ਹਿਲੇਰੀ 'ਤੇ ਦੋਸ਼ ਲਾਇਆ ਹੈ ਕਿ ਉਸ ਦਾ ਮਾਫੀਆ ਨਾਲ ਗਠਜੋੜ ਹੈ ਤੇ ਉਹ ਸਰਕਾਰ ਨੂੰ ਨਿੱਜੀ ਹਿੱਤਾਂ ਲਈ ਵਰਤਣ ਲਈ ਤਰਲੋ ਮੱਛੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਚੋਣਾਂ ਵਿੱਚ ਮੀਡੀਆ ਦੀ ਵਰਤੋਂ ਵੀ ਲੋਕਾਂ ਦੇ ਮਨਾਂ ਅੰਦਰ ਜ਼ਹਿਰ ਘੋਲਣ ਲਈ ਕਰ ਰਹੀ ਹੈ।

ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਤਾਜ਼ਾ ਸਰਵੇਖਣ ਵਿੱਚ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੇ ਆਪਣੇ ਵਿਰੋਧੀ ਡੋਨਲਡ ਟਰੰਪ ਉਪਰ 9 ਅੰਕਾਂ ਦੀ ਲੀਡ ਲੈ ਲਈ ਹੈ। ਔਰਤਾਂ ਬਾਰੇ ਮਾਮਲੇ ਵਿੱਚ ਘਿਰਨ ਬਾਅਦ ਸੀਬੀਐਸ ਨਿਊਜ਼ ਵੱਲੋਂ ਕਰਵਾਏ ਸਰਵੇਖਣ ਵਿੱਚ ਹਿਲੇਰੀ ਨੂੰ 47 ਫੀਸਦ ਤੇ ਟਰੰਪ ਨੂੰ 38 ਫੀਸਦ ਵੋਟਾਂ ਮਿਲੀਆਂ। ਇਸ ਤਰ੍ਹਾਂ ਹਿਲੇਰੀ ਨੌਂ ਅੰਕ ਅੱਗੇ ਨਿਕਲ ਗਈ। ਉਨ੍ਹਾਂ ਨੇ ਇਹ ਲੀਡ ਚਾਰ ਉਮੀਦਵਾਰਾਂ ਵਿੱਚ ਕਰਵਾਏ ਸਰਵੇਖਣ ਦੌਰਾਨ ਲਈ, ਜਦ ਕਿ ਦੋ ਉਮੀਦਵਾਰ ਵਿਚਾਲੇ ਕਰਵਾਏ ਸਰਵੇਖਣ ਵਿੱਚ ਉਨ੍ਹਾਂ ਨੇ 11 ਅੰਕਾਂ ਦੀ ਲੀਡ ਲਈ ਅਤੇ ਇਹ ਪਹਿਲੀ ਵਾਰ ਹੈ ਜਦੋਂ ਵੋਟਰਾਂ ਵਿੱਚ ਹਿਲੇਰੀ ਦੀ ਮਕਬੂਲੀਅਤ 51 ਫੀਸਦ ਨੂੰ ਪਾਰ ਕਰ ਗਈ।

# ਉੱਤਰੀ ਕੈਰੋਲੀਨਾ ਵਿਚ ਰਿਪਬਲਿਕਨ ਪਾਰਟੀ ਦੇ ਦਫ਼ਤਰ ਨੂੰ ਲਾਈ ਅੱਗ

## ਰਿਪਬਲਿਕਨ ਵਿਰੋਧੀ ਨਾਅਰੇ 'ਨਾਜ਼ੀ ਰਿਪਬਲਿਕਨ' ਲਿਖ ਦਿੱਤੇ

**ਹਿੱਲਜ਼ਬਰੋਅ/ਬਿਊਰੋ ਨਿਊਜ਼ :** ਉੱਤਰੀ ਕੈਰੋਲੀਨਾ ਵਿੱਚ ਰਿਪਬਲਿਕਨ ਪਾਰਟੀ ਦੇ ਦਫ਼ਤਰ ਨੂੰ ਕਿਸੇ ਨੇ ਅੱਗ ਲਗਾ ਕੇ ਸਾੜ ਦਿੱਤਾ ਅਤੇ ਇਕ ਨੇੜਲੀ ਕੰਧ ਉਤੇ ਰਿਪਬਲਿਕਨ ਵਿਰੋਧੀ ਨਾਅਰੇ 'ਨਾਜ਼ੀ ਰਿਪਬਲਿਕਨ' ਲਿਖ ਦਿੱਤੇ। ਅਧਿਕਾਰੀਆਂ ਨੇ ਦੱਸਿਆ ਕਿ ਔਰੇਂਜ ਕਾਊਂਟੀ ਰਿਪਬਲਿਕਨ ਪਾਰਟੀ ਦੇ ਹੈੱਡਕੁਆਰਟਰਜ਼ ਉਤੇ ਬਾਰੀ ਥਾਣੀਂ ਜਲਣਸ਼ੀਲ ਪਦਾਰਥ ਨਾਲ ਭਰੀਆਂ ਬੋਤਲਾਂ ਸੁੱਟੀਆਂ ਗਈਆਂ। ਇਸ ਕਾਰਨ ਅੱਗ ਲੱਗ ਗਈ ਪਰ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਦਫ਼ਤਰ ਨੇੜਲੀ ਇਕ ਇਮਾਰਤ ਦੀ ਕੰਧ ਉਤੇ ਲਿਖਿਆ ਹੋਇਆ ਸੀ 'ਨਾਜ਼ੀ ਰਿਪਬਲਿਕਨ ਸ਼ਹਿਰ ਛੱਡੋ ਵਰਨਾ'। ਸਟੇਟ ਰਿਪਬਲਿਕਨ ਕਾਰਜਕਾਰੀ ਡਾਇਰੈਕਟਰ ਡੱਲਾਸ ਵੁੱਡਹਾਊਸ ਨੇ ਇਸ ਘਟਨਾ ਨੂੰ 'ਸਿਆਸੀ ਅਤਿਵਾਦ' ਕਰਾਰ ਦਿੰਦਿਆਂ ਕਿਹਾ ਕਿ ਕਈ ਵਾਰ ਵਰਕਰ ਦੇਰ ਤੱਕ ਕੰਮ ਕਰਦੇ ਹਨ

ਬਾਕੀ ਸਫ਼ਾ 33 'ਤੇ

# ਦਲਿਤਾਂ ਦੀ ਬੇਵਸੀ ਦੇ ਸਵਾਲ ਦਾ ਹੱਲ ਲੱਭਣ ਦੀ ਲੋੜ

**ਭਾਜਪਾ ਸਰਕਾਰ ਦੀ ਨੀਅਤ ਸਾਫ਼ ਨਹੀਂ, ਦਲਿਤਾਂ ਨੂੰ ਬਿਆਨਾਂ ਨਾਲ ਰਾਹਤ ਦੇਣ ਦੀ ਲੋੜ ਨਹੀਂ, ਅਮਲੀ ਤੌਰ 'ਤੇ ਕੁਝ ਕਰਨ ਦੀ ਲੋੜ ਹੈ। ਭਾਜਪਾ ਸਵਰਨ ਜਾਤਾਂ ਅਤੇ ਵਪਾਰੀਆਂ ਦੀ ਜਮਾਤ ਹੈ, ਇਹ ਦਲਿਤ ਵਿਰੋਧੀ ਹੀ ਨਹੀਂ ਬਲਕਿ ਘੱਟ ਗਿਣਤੀ ਲੋਕਾਂ ਦੀ ਵਿਰੋਧੀ ਵੀ ਹੈ। ਪੰਜਾਬ ਵਿੱਚ ਸਿੱਖ ਗੁਰੂਆਂ ਕਾਰਨ ਦਲਿਤਾਂ ਵਿੱਚ ਬੇਸ਼ੱਕ ਚੇਤਨਾ ਆਈ ਪਰ ਸਿੱਖ ਧਰਮ (ਸਿੱਖੀ ਜਾਤਪਾਤ, ਛੂਆ-ਛਾਤ, ਰੰਗ ਅਤੇ ਨਸਲੀ ਭੇਦ-ਭਾਵ ਨੂੰ ਨਹੀਂ ਮੰਨਦੀ) ਵਿੱਚ ਜਾਤਾਂ ਬਾਕੀ ਦੇਸ਼ ਦੇ ਸੂਬਿਆਂ ਵਾਂਗ ਹੀ ਹਨ। ਇੱਥੇ ਵੀ ਦਲਿਤਾਂ ਨਾਲ ਨਫ਼ਰਤ ਕੀਤੀ ਜਾਂਦੀ ਹੈ। ਉਨ੍ਹਾਂ ਨਾਲ ਵਰਤ-ਵਰਤਾਰੇ ਦੀ ਸਾਂਝ ਨਹੀਂ ਹੈ। ਪੰਜਾਬ ਵਿੱਚ ਵੀ ਅਣਖ ਖ਼ਾਤਰ ਕਤਲ ਤਕ ਕਰ ਦਿੱਤੇ ਜਾਂਦੇ ਹਨ।**

**ਡਾ. ਸੁਰਜੀਤ ਬਰਾੜ**
(ਮੋਬਾਈਲ : 98553-71313)



ਭਾਰਤ ਨੂੰ ਮਹਾਨ ਦੇਸ਼ ਕਹਿ ਕੇ ਖ਼ੁਸ਼ਫ਼ਹਿਮੀ ਪਾਲੀ ਜਾ ਸਕਦੀ ਹੈ ਪਰ ਆਜ਼ਾਦੀ ਤੋਂ ਸੱਤਰ ਸਾਲ ਬਾਅਦ ਵੀ ਦਲਿਤ ਭਾਈਚਾਰੇ ਦੀ ਸਥਿਤੀ ਵਿੱਚ ਕੋਈ ਸੁਧਾਰ ਨਾ ਹੋਣਾ ਇਸ ਮਹਾਨਤਾ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਹੁਣ ਜਦੋਂ ਤੋਂ ਭਾਜਪਾ ਸਰਕਾਰ ਬਣੀ ਹੈ, ਉਦੋਂ ਤੋਂ ਤਾਂ ਦਲਿਤਾਂ 'ਤੇ ਤਸ਼ੱਦਦ, ਜਬਰ-ਜ਼ੁਲਮ ਹੋਰ ਵੀ ਵਧਿਆ ਹੈ। ਦਲਿਤਾਂ ਨੂੰ ਬਰਾਬਰ ਨਾ ਸਮਝਣਾ, ਉਨ੍ਹਾਂ ਨੂੰ ਘੋਰ ਨਫ਼ਰਤ ਕਰਨੀ ਤੇ ਉਨ੍ਹਾਂ ਨੂੰ ਹਰ ਥਾਂ ਅਪਮਾਨਤ ਕਰਨ ਵਰਗਾ ਰੁਝਾਨ ਵੱਖਰੀ ਕਿਸਮ ਦੀ ਫਿਰਕਾਪ੍ਰਸਤੀ ਹੈ। ਸਾਡੀ ਸਰਕਾਰ ਸਵਰਨ ਅਤੇ ਉੱਚ ਜਾਤਾਂ ਦੇ ਲੋਕਾਂ ਦੇ ਧਰੁਵੀਕਰਨ ਲਈ ਯਤਨਸ਼ੀਲ ਹੈ। ਅਖੌਤੀ ਉੱਚ ਜਾਤਾਂ ਦੇ ਲੋਕ ਅਕਸਰ ਹੀ ਦਲਿਤ ਮੁੰਡੇ-ਕੁੜੀਆਂ ਨੂੰ ਕਿਸੇ ਵੀ ਖੇਤਰ ਵਿੱਚ ਨਾ ਮਾਨਤਾ ਦਿੰਦੇ ਹਨ ਅਤੇ ਨਾ ਹੀ ਬਰਦਾਸ਼ਤ ਕਰਦੇ ਹਨ। ਇਸ ਦੀ ਪੁਸ਼ਟੀ ਪਿੱਛੇ ਜਿਹੇ ਹੈਦਰਾਬਾਦ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀ ਰੋਹਿਤ ਵੇਮੁਲਾ ਨਾਲ ਕੀਤੇ ਗਏ ਭੱਦੇ ਸਲੂਕ (ਅਮਾਨਵੀ ਵਿਹਾਰ) ਦੀ ਘਟਨਾ ਕਰਦੀ ਹੈ। ਇਹ ਦਲਿਤਾਂ ਨਾਲ ਨਫ਼ਰਤ ਦੀ ਜੀਵੰਤ ਮਿਸਾਲ ਹੈ। ਰੋਹਿਤ ਦੀ ਖ਼ੁਦਕੁਸ਼ੀ, ਦਾਦਰੀ ਵਿਚ ਇਕਬਾਲ ਦੀ ਮੌਤ ਅਤੇ ਦਿੱਲੀ ਯੂਨੀਵਰਸਿਟੀ ਦੇ ਕ੍ਰਾਂਤੀਕਾਰੀ ਵਿਦਿਆਰਥੀ ਘਨੱਈਆ ਕੁਮਾਰ ਨਾਲ ਨੀਵੇਂ ਦਰਜੇ ਦੇ ਕੀਤੇ ਗਏ ਦੁਰਵਿਹਾਰ ਬੇਹੱਦ ਦੁਖਦਾਈ ਘਟਨਾਵਾਂ ਹਨ। ਇਹ ਘਟਨਾਵਾਂ ਹਰ ਚੇਤੰਨ ਬੰਦੇ ਨੂੰ ਪਰੇਸ਼ਾਨ ਕਰਦੀਆਂ ਹਨ। ਥੋੜ੍ਹੇ ਦਿਨ ਪਹਿਲਾਂ ਗੁਜਰਾਤ ਵਿੱਚ ਅਖੌਤੀ ਗਊ ਰੱਖਿਅਕਾਂ ਨੇ ਦਲਿਤ ਮੁੰਡਿਆਂ ਨੂੰ ਰੱਸਿਆਂ ਨਾਲ ਨੂੜ ਕੇ ਅਤਿਆਚਾਰ ਕੀਤਾ ਸੀ। ਇਹ ਜਬਰ-ਜ਼ੁਲਮ ਦੇਖ ਕੇ ਮੱਧਯੁਗ ਵਿੱਚ ਦਲਿਤਾਂ 'ਤੇ ਹੁੰਦੇ ਅਤਿਆਚਾਰਾਂ ਦੀ ਯਾਦ ਤਾਜ਼ਾ ਹੋ ਗਈ ਹੈ। ਕੇਵਲ ਗੁਜਰਾਤ ਵਿੱਚ ਹੀ ਅਜਿਹਾ ਨਹੀਂ ਵਾਪਰਿਆ ਸਗੋਂ ਇਹ ਘਿਨਾਉਣਾ ਵਰਤਾਰਾ ਲਗਭਗ ਹਰ ਰਾਜ (ਖ਼ਾਸ ਕਰਕੇ ਹਰਿਆਣਾ, ਰਾਜਸਥਾਨ, ਝਾਰਖੰਡ, ਛਤੀਸਗੜ੍ਹ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ, ਕੇਰਲ ਤੇ ਮਹਾਂਰਾਸ਼ਟਰ ਸੂਬਿਆਂ) ਵਿੱਚ ਘੱਟ ਜਾਂ ਵੱਧ ਰੂਪ ਵਿੱਚ ਵਾਪਰ ਰਿਹਾ ਹੈ। ਪੰਜਾਬ ਵਿੱਚ ਮਾਨਸਾ ਦੇ ਬੰਤ ਸਿੰਘ ਝੱਬਰ ਨੂੰ ਤਸੀਹੇ ਦੇਣ ਤੋਂ ਇਲਾਵਾ ਅਬੋਹਰ ਵਿੱਚ ਭੀਮ ਸੈਨ ਟਾਂਕ ਅਤੇ ਹਾਲ ਹੀ ਵਿੱਚ ਮੁਕਤਸਰ ਅਤੇ ਮਾਨਸਾ ਵਿੱਚ ਦਲਿਤ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਨ ਦੀਆਂ ਘਟਨਾਵਾਂ ਦਿਲ ਕੰਬਾਊ ਹਨ। ਇੱਕ ਰਿਪੋਰਟ ਅਨੁਸਾਰ 2000 ਤੋਂ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅਤਿਆਚਾਰਾਂ, ਅਪਰਾਧਾਂ ਦੀ ਗਿਣਤੀ ਵਿੱਚ ਘੋਰ ਵਾਧਾ ਹੋਇਆ ਹੈ। 1995 ਤੋਂ 1999 ਤਕ ਲੋਕਾਂ ਵਿਰੁੱਧ ਹੋਏ ਅਤਿਆਚਾਰਾਂ ਦੀ ਗਿਣਤੀ 1,66,400 ਸੀ ਪਰ ਦੁਖਦਾਇਕ ਪਹਿਲੂ ਇਹ ਹੈ ਕਿ ਇਨ੍ਹਾਂ ਅਤਿਆਚਾਰਾਂ ਵਿੱਚ ਦਲਿਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 1,42,500 ਸੀ। ਸੰਸਦ ਦੀ ਇੱਕ ਹੋਰ ਰਿਪੋਰਟ ਅਨੁਸਾਰ 1999 ਦੀ ਤੁਲਨਾ ਵਿੱਚ 2000 ਵਿੱਚ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅਪਰਾਧਾਂ ਦੀ ਗਿਣਤੀ ਵਧ ਕੇ 30,315 ਹੋ ਗਈ ਸੀ। ਇਹ ਗਿਣਤੀ ਹਰ ਸਾਲ ਇਸੇ ਰਫ਼ਤਾਰ ਨਾਲ ਵਧੀ ਜਾ ਰਹੀ ਹੈ। ਇਸ ਸਮੇਂ ਪ੍ਰਤੀ ਸਾਲ ਇਹ ਗਿਣਤੀ ਪੰਜਾਹ ਹਜ਼ਾਰ ਤੋਂ ਵਧ ਚੁੱਕੀ ਹੈ। ਕੁਝ ਹੋਰ ਸੂਤਰਾਂ ਤੋਂ ਵੀ ਅੱਖਾਂ ਖੋਲ੍ਹਣ ਵਾਲੇ ਅੰਕੜੇ ਪ੍ਰਾਪਤ ਹੋਏ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ 2014 ਵਿੱਚ ਦੇਸ਼ ਅੰਦਰ ਦਲਿਤਾਂ ਵਿਰੁੱਧ 47,064 ਅਪਰਾਧਕ ਘਟਨਾਵਾਂ ਵਾਪਰੀਆਂ ਸਨ। ਔਸਤਨ ਪ੍ਰਤੀ ਘੰਟੇ ਵਿੱਚ ਪੰਜ ਦਲਿਤਾਂ ਵਿਰੁੱਧ ਅਪਰਾਧ ਹੋਏ, ਪ੍ਰਤੀ ਦਿਨ ਦੋ ਦਲਿਤਾਂ ਦੀ ਹੱਤਿਆ ਹੋਈ। ਹਰ ਰੋਜ਼ ਛੇ ਦਲਿਤ ਔਰਤਾਂ ਨਾਲ ਬਦਸਲੂਕੀ ਹੁੰਦੀ ਰਹੀ। ਕੁਝ ਹੋਰ ਅੰਕੜਿਆਂ ਅਨੁਸਾਰ 2004 ਤੋਂ 2013 ਤਕ 6490 ਦਲਿਤਾਂ ਦੇ ਕਤਲ ਕੀਤੇ ਗਏ ਅਤੇ 14,253 ਦਲਿਤ ਔਰਤਾਂ ਦੀ ਇੱਜ਼ਤ ਨੂੰ ਹੱਥ ਪਾਇਆ ਗਿਆ। ਪਰ 2014 ਤੋਂ ਬਾਅਦ ਹੁਣ ਤਕ ਦਲਿਤਾਂ ਵਿਰੁੱਧ 19 ਫ਼ੀਸਦੀ ਵਧ ਜੁਰਮ ਹੋਏ ਹਨ। ਇਨ੍ਹਾਂ ਅੰਕੜਿਆਂ ਵਿੱਚ ਦਲਿਤਾਂ, ਆਦਿਵਾਸੀਆਂ ਵਿਰੁੱਧ ਅਪਰਾਧਾਂ ਦੀਆਂ ਜਿਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿੱਚ ਹੱਤਿਆ, ਕੁੱਟਣ-ਮਾਰਨ, ਬਲਾਤਕਾਰ, ਅਗਵਾ ਅਤੇ ਡਕੈਤੀ ਵਰਗੀਆਂ ਘਟਨਾਵਾਂ ਸ਼ਾਮਲ ਹਨ।

ਸਮਾਜਿਕ ਬਦਲਾਅ ਅਤੇ ਵਿਕਾਸ ਦੇ ਦਾਅਵੇ ਕਰਨ ਵਾਲਿਆਂ ਨੂੰ ਇਹ ਚਿੰਤਨ ਕਰਨ ਦੀ ਲੋੜ ਹੈ ਕਿ ਆਧੁਨਿਕਤਾ ਦੇ ਦੌਰ ਵਿੱਚ ਵੀ ਦਲਿਤਾਂ ਦੀ ਜੂਨ ਕਿਉਂ ਨਹੀਂ ਸੁਧਰੀ? ਸਾਲ 2008 ਵਿੱਚ ਸੰਯੁਕਤ ਰਾਸ਼ਟਰ ਸੰਘ ਨੇ ਭਾਰਤੀ ਪਿੰਡਾਂ ਬਾਰੇ ਸਰਵੇਖਣ ਕਰਾਇਆ ਸੀ। ਸੰਘ ਦੇ ਅੰਕੜੇ ਪਰੇਸ਼ਾਨ ਕਰਨ ਵਾਲੇ ਸਨ ਕਿ ਭਾਰਤ ਦੇ ਬਹੁਤੇ ਪਿੰਡਾਂ ਵਿੱਚ ਛੂਆ-ਛਾਤ ਅਤੇ ਭੇਦ-ਭਾਵ ਅੱਜ ਵੀ ਪਹਿਲਾਂ ਵਾਂਗ ਜਾਰੀ ਹੈ। ਖੋਜਕਾਰਾਂ ਦੇ ਅੰਕੜੇ ਬੋਲਦੇ ਹਨ ਕਿ ਭਾਰਤ ਦੇ 33 ਫ਼ੀਸਦੀ ਪਿੰਡਾਂ ਵਿੱਚ ਸਿਹਤ ਕਰਮਚਾਰੀ ਦਲਿਤਾਂ ਦੇ ਘਰਾਂ ਵਿੱਚ ਜਾਣ ਤੋਂ ਨਾਂਹ ਕਰ ਦਿੰਦੇ ਹਨ, 38 ਫ਼ੀਸਦੀ ਸਰਕਾਰੀ ਸਕੂਲਾਂ ਦੇ ਦਲਿਤ ਬੱਚਿਆਂ ਨੂੰ ਖਾਣਾ ਦੇਣ ਸਮੇਂ ਵੱਖਰੀ ਲਾਈਨ ਵਿਚ ਬਿਠਾਇਆ ਜਾਂਦਾ ਹੈ, 23.5 ਫ਼ੀਸਦੀ ਦਲਿਤਾਂ ਦੇ ਘਰ ਵਿੱਚ ਡਾਕੀਆ ਪੱਤਰ ਦੇਣ ਨਹੀਂ ਜਾਂਦਾ, 48 ਫ਼ੀਸਦੀ ਪਿੰਡਾਂ ਵਿੱਚ ਦਲਿਤਾਂ ਨੂੰ ਸਾਂਝੇ ਜਲਘਰਾਂ ਤੋਂ ਪਾਣੀ ਲੈਣ ਦੀ ਮਨਾਹੀ ਹੈ। ਪੁਲੀਸ ਵਿਭਾਗ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਹਰ ਹਫ਼ਤੇ 13 ਦਲਿਤਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪੰਜ ਦਲਿਤਾਂ ਦੇ ਘਰ ਸਾੜ ਦਿੱਤੇ ਜਾਂਦੇ ਹਨ ਅਤੇ ਹਰ ਰੋਜ਼ ਛੇ ਦਲਿਤਾਂ ਨੂੰ ਅਗਵਾ ਕਰ ਲਿਆ ਜਾਂਦਾ ਹੈ। ਪ੍ਰਤੀ ਦਿਨ ਤਿੰਨ ਦਲਿਤ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਲਗਭਗ ਗਿਆਰਾਂ ਦਲਿਤਾਂ ਨਾਲ ਕੁੱਟਣ-ਮਾਰਨ ਦੀ ਘਟਨਾ ਵਾਪਰਦੀ ਹੈ। ਇਸ ਸਮੇਂ ਮੱਧ ਪ੍ਰਦੇਸ਼ ਅਤੇ ਬਿਹਾਰ ਸਮੇਤ ਅੱਠ-ਨੌਂ ਰਾਜਾਂ (ਉੱਤਰ ਪ੍ਰਦੇਸ਼, ਹਰਿਆਣਾ, ਮਹਾਂਰਾਸ਼ਟਰ, ਗੁਜਰਾਤ, ਛਤੀਸਗੜ੍ਹ, ਰਾਜਸਥਾਨ, ਆਂਧਰਾ ਪ੍ਰਦੇਸ਼ ਤੇ ਝਾਰਖੰਡ) ਵਿੱਚ ਦਲਿਤ ਵਧੇਰੇ ਪੀੜਤ ਹਨ। ਪਰ ਇਹ ਵੀ ਸੱਚ ਹੈ ਕਿ ਇਸ ਸਮੇਂ ਕੋਈ ਰਾਜ ਅਜਿਹਾ ਨਹੀਂ ਜਿੱਥੇ ਦਲਿਤਾਂ ਨਾਲ ਦੁਰਵਿਹਾਰ ਨਾ ਹੁੰਦਾ ਹੋਵੇ।

ਦੇਸ਼ ਵਿੱਚ ਸਮੇਂ-ਸਮੇਂ ਦਲਿਤ ਅੰਦੋਲਨ ਪੈਦਾ ਹੁੰਦੇ ਰਹੇ ਹਨ। ਪਿਛਲੇ ਦਿਨੀਂ ਦਲਿਤਾਂ 'ਤੇ ਹੋਏ ਜਬਰ-ਜ਼ੁਲਮ ਵਿਰੁੱਧ ਗੁਜਰਾਤ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਦਲਿਤ ਲਹਿਰ ਪੈਦਾ ਹੋਈ ਸੀ। ਇਸ ਲਹਿਰ ਕਾਰਨ ਸਰਕਾਰ ਨੂੰ ਝੁਕਣਾ ਪਿਆ ਅਤੇ ਅਖੌਤੀ ਗਊ ਰੱਖਿਅਕਾਂ ਵਿਰੁੱਧ ਸਖ਼ਤ ਬਿਆਨ ਵੀ ਦੇਣੇ ਪਏ। ਬੇਸ਼ੱਕ ਇਹ ਦਲਿਤ ਲਹਿਰ ਦੀ ਪ੍ਰਾਪਤੀ ਹੈ ਪਰ ਮੇਰੀ ਧਾਰਨਾ ਹੈ ਕਿ ਭਾਜਪਾ ਸਰਕਾਰ ਦੀ ਨੀਤ ਸਾਫ਼ ਨਹੀਂ, ਦਲਿਤਾਂ ਨੂੰ ਬਿਆਨਾਂ ਨਾਲ ਰਾਹਤ ਦੇਣ ਦੀ ਲੋੜ ਨਹੀਂ, ਅਮਲੀ ਤੌਰ 'ਤੇ ਕੁਝ ਕਰਨ ਦੀ ਲੋੜ ਹੈ। ਭਾਜਪਾ ਸਵਰਨ ਜਾਤਾਂ ਅਤੇ ਵਪਾਰੀਆਂ ਦੀ ਜਮਾਤ ਹੈ, ਇਹ ਦਲਿਤ ਵਿਰੋਧੀ ਹੀ ਨਹੀਂ ਬਲਕਿ ਘੱਟ ਗਿਣਤੀ ਲੋਕਾਂ ਦੀ ਵਿਰੋਧੀ ਵੀ ਹੈ। ਮਹਾਂਰਾਸ਼ਟਰ ਅਜਿਹਾ ਸੂਬਾ ਹੈ ਜਿਹੜਾ ਦਲਿਤ ਅੰਦੋਲਨ ਦੀ ਧਰਤੀ ਰਿਹਾ ਹੈ। ਮਹਾਂਰਾਸ਼ਟਰ ਦੇ ਦਲਿਤ ਅੰਦੋਲਨ ਨੇ ਹੋਰ ਰਾਜਾਂ ਦੇ ਦਲਿਤਾਂ ਨੂੰ ਅੰਦੋਲਨ ਲਈ ਪ੍ਰੇਰਿਆ ਅਤੇ ਪ੍ਰਭਾਵਤ ਕੀਤਾ ਸੀ। ਪੰਜਾਬ ਵਿੱਚ ਸਿੱਖ ਗੁਰੂਆਂ ਕਾਰਨ ਦਲਿਤਾਂ ਵਿੱਚ ਬੇਸ਼ੱਕ ਚੇਤਨਾ ਆਈ ਪਰ ਸਿੱਖ ਧਰਮ (ਸਿੱਖੀ ਜਾਤਪਾਤ, ਛੂਆ-ਛਾਤ, ਰੰਗ ਅਤੇ ਨਸਲੀ ਭੇਦ-ਭਾਵ ਨੂੰ ਨਹੀਂ ਮੰਨਦੀ) ਵਿੱਚ ਜਾਤਾਂ ਬਾਕੀ ਦੇਸ਼ ਦੇ ਸੂਬਿਆਂ ਵਾਂਗ ਹੀ ਹਨ। ਇੱਥੇ ਵੀ ਦਲਿਤਾਂ ਨਾਲ ਨਫ਼ਰਤ ਕੀਤੀ ਜਾਂਦੀ ਹੈ। ਉਨ੍ਹਾਂ ਨਾਲ ਵਰਤ-ਵਰਤਾਰੇ ਦੀ ਸਾਂਝ ਨਹੀਂ ਹੈ। ਪੰਜਾਬ ਵਿੱਚ ਵੀ ਜੇ ਕੋਈ ਅਖੌਤੀ ਉੱਚ-ਜਾਤੀ (ਜੱਟਾਂ) ਦੀ ਕੁੜੀ ਕਿਸੇ ਦਲਿਤ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਫਿਰ ਅਣਖ ਖ਼ਾਤਰ ਕਤਲ ਤਕ ਕਰ ਦਿੱਤੇ ਜਾਂਦੇ ਹਨ। ਹਰਿਆਣੇ ਅਤੇ ਰਾਜਸਥਾਨ ਵਿੱਚ ਤਾਂ ਅੰਤਰਜਾਤੀ ਵਿਆਹਾਂ ਨੂੰ ਕਦੇ ਵੀ ਮਾਨਤਾ ਨਹੀਂ ਦਿੱਤੀ ਜਾਂਦੀ। ਵਾਸਤਵਿਕਤਾ ਇਹ ਹੈ ਕਿ ਲੋਕਾਂ ਨੇ ਆਧੁਨਿਕ ਪੈਦਾਵਾਰੀ ਸਾਧਨਾਂ ਅਤੇ ਤਕਨੀਕਾਂ ਤਾਂ ਅਪਣਾ ਲਈਆਂ ਹਨ ਪਰ ਆਪਣੀ ਜਗੀਰੂ ਮਾਨਸਿਕਤਾ ਅਤੇ ਸੋਚ ਨੂੰ ਤਿਲਾਂਜਲੀ ਨਹੀਂ ਦਿੱਤੀ। ਅੱਜ ਦਲਿਤਾਂ ਅਤੇ ਆਦਿਵਾਸੀਆਂ ਨੂੰ ਅੱਤਿਆਚਾਰਾਂ ਤੇ ਜ਼ੁਲਮਾਂ ਤੋਂ ਮੁਕਤੀ ਪਾਉਣ ਲਈ ਸਮਾਜਿਕ ਅਤੇ ਰਾਜਨੀਤਕ ਸੰਘਰਸ਼ ਜ਼ਰੂਰੀ ਹੈ। ਦਲਿਤਾਂ ਨੂੰ ਵੀ ਜਾਤੀ ਤੌਰ 'ਤੇ ਨਹੀਂ ਜਮਾਤੀ ਤੌਰ 'ਤੇ ਚੇਤੰਨ ਹੋਣਾ ਚਾਹੀਦਾ ਹੈ।

ਦਲਿਤ ਚੇਤਨਾ ਅਤੇ ਸੰਘਰਸ਼ ਕਾਰਨ ਹੀ ਸਰਕਾਰ ਨੂੰ 1989 ਵਿੱਚ ਕਾਨੂੰਨ ਬਣਾਉਣਾ ਪਿਆ ਸੀ। ਇਸ ਕਾਨੂੰਨ ਅਧੀਨ ਅਜਿਹੀਆਂ ਵਧੀਕੀਆਂ ਅਤੇ ਜੁਰਮਾਂ ਦੀ ਸੁਣਵਾਈ ਵਿਸ਼ੇਸ਼ ਅਦਾਲਤਾਂ ਕਰਨ ਲੱਗ ਪਈਆਂ ਸਨ। ਇਸ ਕਾਨੂੰਨ ਦੇ ਸੈਕਸ਼ਨ ਤਿੰਨ ਵਿੱਚ ਵਧੀਕੀਆਂ ਦੇ 22 ਵਰਗ ਦਿੱਤੇ ਗਏ ਹਨ, ਜਿਹੜੇ ਸਜ਼ਾਯੋਗ ਹਨ ਪਰ ਇਸ ਕਾਨੂੰਨ ਦਾ ਦਲਿਤਾਂ ਨੂੰ ਕੋਈ ਲਾਭ ਨਹੀਂ ਹੋਇਆ। ਦਲਿਤ ਭਾਈਚਾਰਾ ਵਧੇਰੇ ਅਨਪੜ੍ਹ ਤੇ ਗ਼ਰੀਬ ਹੋਣ ਕਰਕੇ ਵਕੀਲਾਂ ਤਕ ਪਹੁੰਚ ਨਹੀਂ ਕਰ ਸਕਦਾ। ਪੁਲੀਸ ਵੀ ਦਲਿਤਾਂ ਦੀ ਮਦਦ ਨਹੀਂ ਕਰਦੀ। ਪੁਲੀਸ ਤਾਂ ਅਖੌਤੀ ਉੱਚ ਜਾਤੀਆਂ ਦੀ ਰਖਵਾਲੀ ਲਈ ਹੈ। ਦਲਿਤਾਂ 'ਤੇ ਹੋਏ ਅਤਿਆਚਾਰਾਂ ਦੇ ਕੇਸ ਅਦਾਲਤਾਂ ਵਿੱਚ ਬਹੁਤ ਘੱਟ ਜਾਂਦੇ ਹਨ, ਜਿਹੜੇ ਜਾਂਦੇ ਹਨ ਉਨ੍ਹਾਂ ਵਿਚੋਂ 80 ਫ਼ੀਸਦੀ ਦਲਿਤਾਂ 'ਤੇ ਜ਼ੁਲਮ ਕਰਨ ਵਾਲੇ ਅਪਰਾਧੀ ਧਨ-ਬਲ, ਬਾਹੂ-ਬਲ ਅਤੇ ਰਾਜਨੀਤਕ-ਬਲ ਨਾਲ ਬਰੀ ਹੋ ਜਾਂਦੇ ਹਨ। ਇਸ ਪ੍ਰਕਾਰ ਸਾਡੇ ਕੋਲ ਕਾਨੂੰਨ ਤਾਂ ਬਹੁਤ ਹਨ, ਸੰਵਿਧਾਨਕ ਢਾਂਚਾ ਵੀ ਹੈ ਪਰ ਫਿਰ ਵੀ ਦਲਿਤਾਂ 'ਤੇ ਅਤਿਆਚਾਰ ਨਾ ਖ਼ਤਮ ਹੋਏ ਹਨ, ਨਾ ਹੋਣੇ ਹਨ।

ਅਫਰੀਕੀ-ਅਮਰੀਕੀ ਲੇਖਕ ਜੇਮਜ਼ ਬਾਲਡਵਿਨ ਨੇ ਆਪਣੇ ਇੱਕ ਨਿਬੰਧ 'ਰਿਹਾਈ ਦੀ ਦਸਵੀਂ ਵਰ੍ਹੇਗੰਢ ਮੌਕੇ ਆਪਣੇ ਭਤੀਜੇ ਨੂੰ ਪੱਤਰ' ਵਿੱਚ ਕਾਲੇ ਲੋਕਾਂ ਦੀ ਬਦਤਰ ਹਾਲਤ ਦਾ ਵਰਣਨ ਕੀਤਾ ਹੈ ਜੋ ਭਾਰਤੀ ਦਲਿਤਾਂ ਅਤੇ ਅਛੂਤਾਂ ਦੀ ਸਥਿਤੀ ਤੋਂ ਵੱਖ ਨਹੀਂ। ਜੇਮਜ਼ ਅਨੁਸਾਰ, 'ਤੂੰ ਪੈਦਾ ਹੋਇਆ, ਪੈਦਾ ਹੋ ਕੇ ਜਿਹੋ-ਜਿਹੇ ਭਵਿੱਖ ਦਾ ਤੂੰ ਸਾਹਮਣਾ ਕੀਤਾ, ਉਹ ਕੇਵਲ ਇਸ ਲਈ ਕਿ ਤੂੰ ਕਾਲਾ ਸੀ। ਇਸ ਦਾ ਹੋਰ ਕੋਈ ਕਾਰਨ ਨਹੀਂ ਸੀ। ਇਸੇ ਲਈ ਤੇਰੇ ਉਦੇਸ਼ ਦੀਆਂ ਸੀਮਾਵਾਂ ਪਹਿਲਾਂ ਤੋਂ ਹੀ ਹਮੇਸ਼ਾਂ ਵਾਸਤੇ ਨਿਸ਼ਚਿਤ ਹੋਈਆਂ ਮੰਨ ਲਈਆਂ ਗਈਆਂ। ਤੂੰ ਇੱਕ ਬੇਰਹਿਮ ਸਮਾਜ ਵਿੱਚ ਪੈਦਾ ਹੋਇਆ ਸੀ। ਇਸ ਸਮਾਜ ਨੇ ਤੈਨੂੰ ਨਿਕੰਮਾ ਸਮਝਿਆ। ਤੇਰੇ ਕੋਲੋਂ ਇਹ ਉਮੀਦ ਰੱਖੀ ਗਈ ਕਿ ਤੂੰ ਕਦੇ ਉੱਚਾ ਉੱਠਣ ਦੀ ਖ਼ਾਹਿਸ਼ ਨਾ ਰੱਖੀਂ ਅਤੇ ਸਾਧਾਰਨ ਸੂਝ-ਬੂਝ ਵਾਲਾ ਵਿਅਕਤੀ ਬਣ ਕੇ ਸ਼ਾਂਤੀ ਨਾਲ ਬੈਠਾ ਰਹੀਂ।' ਇਸ ਕਿਸਮ ਦਾ ਹੁੰਦਾ ਹੈ ਨਸਲੀ-ਜਾਤਪਾਤ ਦਾ ਢਾਂਚਾ ਜੋ ਅਖੌਤੀ ਨੀਵੀਆਂ ਜਾਤਾਂ ਨੂੰ ਦਲਿਤ ਅਤੇ ਅਛੂਤ ਬਣਾਉਂਦਾ ਹੈ। ਅਮਰੀਕਾ ਵਿੱਚ ਗੁਲਾਮਾਂ ਤੇ ਕਾਲਿਆਂ ਨੂੰ ਕਦੇ ਮਾਨਵੀ ਹੱਕ ਨਹੀਂ ਦਿੱਤੇ ਗਏ। ਜਮਹੂਰੀਅਤ ਉਨ੍ਹਾਂ ਲਈ ਛਲਾਵਾ ਰਹੀ। ਭਾਰਤੀ ਸੰਵਿਧਾਨ ਨੂੰ ਕੀ ਕਰੀਏ, ਵਾਸਤਵ ਵਿਚ ਹਰ ਬੰਦੇ ਦੀ ਸ਼ਨਾਖਤ ਲਈ ਉਸ ਦਾ ਜਨਮ, ਵਿਰਸਾ ਹੀ ਮੁੱਖ ਮਾਪਦੰਡ ਸਮਝਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ 27-28 ਕਰੋੜ ਦਲਿਤਾਂ ਦੀ ਸ਼ਨਾਖਤ ਕਰਨੀ ਔਖੀ ਨਹੀਂ। ਕਿਸੇ ਬੰਦੇ ਦੀ, ਮਨੁੱਖ ਦੀ ਥਾਂ ਜਾਤ ਨਾਲ ਸ਼ਨਾਖਤ ਕਰਨੀ ਨਿਰਾ-ਪੁਰਾ ਅਨਿਆਂ ਹੈ। ਦਲਿਤ-ਵਰਗ ਦੀ ਮੰਗ ਹੈ ਕਿ ਉਨ੍ਹਾਂ ਨਾਲ ਨਸਲੀ ਵਿਤਕਰੇ, ਅਨਿਆਂ, ਧੱਕੇ, ਜਬਰ-ਜ਼ੁਲਮ ਬੰਦ ਕੀਤੇ ਜਾਣ, ਉਨ੍ਹਾਂ ਨੂੰ ਇਨਸਾਨੀਅਤ ਦਾ ਦਰਜਾ ਦਿੱਤਾ ਜਾਵੇ। ਉਨ੍ਹਾਂ ਨੂੰ ਜਮਹੂਰੀ ਹੱਕ ਦਿੱਤੇ ਜਾਣ ਤੇ ਉਨ੍ਹਾਂ ਦੀ ਜੂਨ ਸੁਧਾਰੀ ਜਾਵੇ। ਨਹੀਂ ਤਾਂ ਕਿਸੇ ਦਿਨ ਦਲਿਤ ਕਹਿਣਗੇ ਕਿ ਸਾਡਾ ਇਸ ਦੇਸ਼ ਵਿਚੋਂ ਨਾਂ ਕੱਟ ਦੇਵੋ।

## ਪ੍ਰੋ. ਸਾਧੂ ਸਿੰਘ ਹਸਪਤਾਲ ਦੇ ਦੁਰਪ੍ਰਬੰਧਾਂ ਦੇ ਹੋਏ ਸ਼ਿਕਾਰ, ਤਿੰਨ ਘੰਟੇ ਫਾਈਲ ਬਣਾਉਣ ਵਿਚ ਹੀ ਖੱਜਲ ਖੁਆਰ ਹੋਣਾ ਪਿਆ

ਫ਼ਰੀਦਕੋਟ/ਬਿਊਰੋ ਨਿਊਜ਼ :

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਦੇ ਦੁਰਪ੍ਰਬੰਧਾਂ ਦੀ ਉਸ ਵੇਲੇ ਪੋਲ ਖੁੱਲ੍ਹ ਗਈ ਜਦੋਂ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਨੂੰ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਹੋਣ ਲਈ ਤਿੰਨ ਘੰਟੇ ਤੱਕ ਫਾਈਲ ਬਣਾਉਣ ਵਿੱਚ ਹੀ ਖੱਜਲ ਖੁਆਰ ਹੋਣਾ ਪਿਆ। ਪ੍ਰੋ. ਸਾਧੂ ਸਿੰਘ 10 ਵਜੇ ਹਸਪਤਾਲ ਪੁੱਜੇ ਸਨ ਅਤੇ 1 ਵਜੇ ਤੱਕ ਉਨ੍ਹਾਂ ਦੀ ਫਾਈਲ ਹੀ ਤਿਆਰ ਨਹੀਂ ਹੋ ਸਕੀ। ਇਨ੍ਹਾਂ ਦੁਰਪ੍ਰਬੰਧਾਂ ਬਾਰੇ ਸੰਸਦ ਮੈਂਬਰ ਨੇ ਮੋਬਾਈਲ 'ਤੇ ਡਿਪਟੀ ਕਮਿਸ਼ਨਰ ਅਤੇ ਮੈਡੀਕਲ ਸੁਪਰਡੈਂਟ ਨੂੰ ਸੂਚਿਤ ਕੀਤਾ



ਪਰ ਇਸ ਦੇ ਬਾਵਜੂਦ ਪ੍ਰਬੰਧਾਂ ਵਿੱਚ ਕੋਈ ਸੁਧਾਰ ਨਹੀਂ ਹੋਇਆ। ਤਿੰਨ ਘੰਟੇ ਦੀ ਜੱਦੋ-ਜਹਿਦ ਤੋਂ ਬਾਅਦ ਪ੍ਰੋ. ਸਾਧੂ ਸਿੰਘ ਨੂੰ ਦਾਖ਼ਲ ਕੀਤਾ ਗਿਆ ਅਤੇ ਉਨ੍ਹਾਂ ਦੇ ਜ਼ਰੂਰੀ ਟੈਸਟ ਕੀਤੇ ਗਏ। ਟੈਸਟਾਂ ਤੋਂ ਪਤਾ ਲੱਗਾ ਕਿ ਉਹ ਡੇਂਗੂ ਤੋਂ ਪੀੜਤ ਹਨ।

ਫ਼ਰੀਦਕੋਟ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦਿੱਤ ਸਿੰਘ ਸੇਖੋਂ ਵੀ ਪ੍ਰੋ. ਸਾਧੂ ਸਿੰਘ ਨੂੰ ਦਾਖ਼ਲ ਕਰਵਾਉਣ ਲਈ ਦੋ ਘੰਟੇ ਹਸਪਤਾਲ ਦੇ ਚੱਕਰ ਲਾਉਂਦੇ ਰਹੇ। ਸੰਪਰਕ ਕਰਨ 'ਤੇ ਪ੍ਰੋ. ਸਾਧੂ ਸਿੰਘ ਨੇ ਹਸਪਤਾਲ ਦੇ ਦੁਰਪ੍ਰਬੰਧਾਂ ਤੋਂ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਜੇਕਰ ਇੱਕ ਹਜ਼ਾਰ ਕਰੋੜ ਰੁਪਏ ਖਰਚ ਕੇ ਬਣੇ ਸਰਕਾਰੀ ਹਸਪਤਾਲ ਵਿੱਚ ਸੰਸਦ ਮੈਂਬਰ ਨੂੰ ਹੰਗਾਮੀ ਹਾਲਤਾਂ ਵਿੱਚ ਦਾਖ਼ਲ ਨਹੀਂ ਕੀਤਾ ਜਾਂਦਾ ਤਾਂ ਆਮ ਲੋਕਾਂ ਦੀ ਇੱਥੇ ਸਥਿਤੀ ਕਿਹੋ-ਜਿਹੀ ਹੋਵੇਗੀ?

ਉਧਰ ਮੈਡੀਕਲ ਸੁਪਰਡੈਂਟ ਡਾ. ਜੇ.ਪੀ. ਸਿੰਘ ਨੇ ਮੰਨਿਆ ਕਿ ਦਾਖਲ ਕਰਨ ਸਬੰਧੀ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਦਾ ਉਨ੍ਹਾਂ ਨੂੰ ਫੋਨ ਆਇਆ ਸੀ ਅਤੇ ਉਨ੍ਹਾਂ ਨੂੰ ਤੁਰੰਤ ਦਾਖਲ ਕਰ ਲਿਆ ਗਿਆ ਸੀ। ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਸੰਸਦ ਮੈਂਬਰ ਨੂੰ ਇਲਾਜ ਲਈ ਤਿੰਨ ਘੰਟੇ ਹਸਪਤਾਲ ਵਿੱਚ ਰੁਲਣਾ ਪਿਆ।



Friday Oct. 21st - Sat. Oct. 22nd
6:45 PM - 8:45 PM
SUNDAY Oct. 23rd
11:00 AM - 1:00 PM
Monday Oct. 24th - Sat. Oct. 29th
6:45 PM - 8:45 PM
SUNDAY Oct. 30th
11:00 AM - 1:00 PM
Diwali Special: 6:45 PM - 8:45 PM

*Special Morning Simran Sat. Oct. 29th: 5 AM - 6:30 AM*

# CELEBRATING PARKASH UTSAV OF DHAN DHAN SRI GURU RAM DAS JEE OCTOBER 23RD - OCTOBER 30TH

**Gurdwara Sahib Khalsa Care Foundation**
**9989 Laurel Canyon Blvd, Pacoima, CA 91331**

Bhai Kanhaiya Jee Langar Seva Dal
For More Information Please Contact:
Baldev Singh (818) 468-9595 Balwinder Singh (818) 404-0811
Makhan Singh (661) 225-7157 Paramjit Singh (626) 354-6653



Bhai Sahib Bhai Harjinder Singh Jee
(Sri Nagar Wale)



Bhai Sahib Singh Jee (Canada Wale)

Serving Around the World Community Since 1994
We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345



G.S. Pannu
(Immigration Consultant, LDA)

# PANNU'S
## LEGAL SERVICES

ivisapass@gmail.com • FAX 510.279.7624

**510.677.5200**

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**




Indian Passport | India Visa In 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਸਤਿਗੁਰੂ ਨਾਨਕ ਪ੍ਰਗਟਿਆ ਮਿੱਟੀ ਧੁੰਧ ਜੱਗ ਚਾਨਣ ਹੋਆ।।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸੱਤਵਾਂ

# ਮਹਾਨ ਨਗਰ ਕੀਰਤਨ




## ਨਗਰ ਕੀਰਤਨ 23 ਅਕਤੂਬਰ, 2016 ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਗੁਰੂ ਘਰ ਤੋਂ ਰਵਾਨਗੀ ਕਰੇਗਾ।

ਇਲਾਕੇ ਭਰ ਦੇ ਸਮੂੰਹ ਗੁਰੂ ਘਰਾ ਦੇ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਗੁਰੂ ਘਰ ਵਿਖੇ ਰੋਜਾਨਾ ਸਵੇਰ ਅਤੇ ਸਾਮ ਦੇ ਦੀਵਾਨ ਸਜ਼ਦੇ ਹਨ। ਉੱਘੇ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਕਥਾਂ ਵਾਚਕ ਹਾਜ਼ਰੀ ਭਰਦੇ ਹਨ। ਸੰਗਤਾਂ ਨੂੰ ਰੋਜ਼ਾਨਾ ਦੇ ਗੁਰਬਾਣੀ ਦੇ ਚਲ ਰਹੇ ਸਮਾਗਮਾ ਅਤੇ ਨਗਰ ਕੀਰਤਨ ਵਿੱਚ ਸਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਨਗਰ ਕੀਰਤਨ ਦੌਰਾਨ ਸੇਵਾਵਾ ਫਲੋਟ ਸਜਾਉਣ, ਸਟਾਲ ਲਾਉਣ ਜਾਂ ਲੰਗਰਾਂ ਆਦਿਕ ਦੀਆਂ ਸੇਵਾਵਾ ਲਈ ਪ੍ਰਬੰਧਕਾ ਨਾਲ ਸੰਪਰਕ ਕਰ ਸਕਦੇ ਹੋ।

### ਪ੍ਰੋਗਰਾਮ ਦਾ ਵੇਰਵਾ

**ਭੋਗ ਸ੍ਰੀ ਅਖੰਡ ਪਾਠ ਸਹਿਬ:**
23 ਅਕਤੂਬਰ ਦਿਨ ਐਤਵਾਰ ਸਵੇਰੇ 8 ਤੋਂ 10 ਵਜੇ ਤੱਕ ਪਾਏ ਜਾਣਗੇ।

**ਗੁਰੂ ਘਰ ਵਿਖੇ ਦੀਵਾਨ:**
ਸਵੇਰੇ 10 ਤੋਂ 11 ਵਜੇ ਸਜਾਏ ਜਾਣਗੇ। ਇਸ ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ 11 ਵਜੇ ਹੋਵੇਗੀ।

### ਹੋਰ ਜਾਣਕਾਰੀ ਲਈ ਸੰਪਰਕ:

ਫਲੋਟ ਲਾਉਣ ਜਾਂ ਸਜ਼ਾਉਣ ਸੰਬੰਧੀ ਅਤੇ ਵਧੇਰੇ ਜਾਣਕਾਰੀ ਲਈ :
ਬਾਬਾ ਅਵਤਾਰ ਸਿੰਘ (559) 261-5899.
ਭਾਈ ਹਰਪ੍ਰੀਤ ਸਿੰਘ (559) 859-0471.
ਲੰਗਰ: ਪਰਮਿੰਦਰ ਸਿੰਘ ਮੋਹਣਾ (559) 312-6222.
ਭਾਈ ਵਰਿੰਦਰ ਸਿੰਘ (559) 316-9296.
ਸਟਾਲ: ਪਲਵਿੰਦਰ ਸਿੰਘ (559) 696-4089.
ਰਣਜੀਤ ਸਿੰਘ (559) 351-0505.
ਗੁਰੂਘਰ ਦਾ ਫੋਨ ਨੰਬਰ: (559)-834-4780.

ਗੁਰੂਘਰ ਤੋਂ ਚਲਣ ਉਪਰੰਤ ਨਗਰ ਕੀਰਤਨ 'ਫਾਊਲਰ' ਸ਼ਹਿਰ ਦੀਆਂ ਵੱਖ-ਵੱਖ ਸੜਕਾ ਤੋਂ ਹੁੰਦਾ ਹੋਇਆ ਸ਼ਹਿਰ ਦੇ 'ਪਨਜ਼ੈਕ ਪਾਰਕ' ਵਿੱਚ ਪੜਾਅ ਕਰਨ ਉਪਰੰਤ ਬਾਅਦ ਵਾਪਸ ਗੁਰੂਘਰ ਦੀ ਰਵਾਨਗੀ ਪਾਵੇਗਾ।

### ਗੁਰੂ ਘਰ ਦਾ ਪਤਾ

4250-E. LINCOLN AVE FRESNO, California - 93725.




ਸਮੂੰਹ ਪੰਜਾਬੀ ਮੀਡੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ। ਫੋਟੋ ਅਤੇ ਵੀਡੀਓ ਸੇਵਾ: ਜੀਤ ਗਿੱਲ Mogavideo.com ਅਤੇ ਸਿੰਘਾਪੁਰ ਵੀਡੀਓਜ਼ ਫਰਿਜ਼ਨੋ।

ਮੀਡੀਆਂ ਸਪਾਂਸਰ: ਕੁਲਵੰਤ ਉੱਭੀ ਧਾਲੀਆਂ (559) 473-9264 ਅਤੇ ਨੀਟਾ ਮਾਛੀਕੇ (559) 333-5776.

Degined By: Kulwant Ubhi Dhalian, Dhalian & Machhike Punjabi Media Group Fresno, California, USA and Dhalian.com

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

### SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਿੰਘ ਸਭਾ, ਨਾਰਥ ਟੈਕਸਾਸ

1201 ਅਬਰਾਮਜ਼ ਰੋਡ ਰਿਚਰਡਸਨ, ਟੈਕਸਾਸ 75081 ਟੈਲੀਫੋਨ : (972) 235-3388




ਸਿੱਖ ਧਰਮ ਦੇ ਬਾਨੀ
ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ
ਦੇ 548ਵੇਂ ਪ੍ਰਕਾਸ਼ ਪੁਰਬ ਸਬੰਧੀ

## ਚੌਥੀ ਸਿੱਖ ਪਰੇਡ

**29 ਅਕਤੂਬਰ, 2016 ਸ਼ਨਿਚਰਵਾਰ**

ਡੀ.ਐਫ.ਡਬਲਿਯੂ. ਸਿੱਖ ਭਾਈਚਾਰੇ ਵਲੋਂ ਸਿੱਖ ਧਰਮ ਦੇ ਬਾਨੀ ਅਤੇ ਅਪਣੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 548ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਦੇ ਸਬੰਧ ਵਿੱਚ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਹ ਸ਼ਾਨਦਾਰ ਸਿੱਖ ਪਰੇਡ ਕੱਢੀ ਜਾ ਰਹੀ ਹੈ। ਮਾਨਵਤਾ ਦੇ ਭਲੇ ਨੂੰ ਸਮਰਪਿਤ ਉਸ ਮਹਾਨ ਗੁਰੂ ਨਮਿਤ ਅਤਿ ਸ਼ਰਧਾ ਅਤੇ ਸਤਿਕਾਰ ਵਾਲੇ ਇਸ ਸ਼ੁਭ ਕਾਰਜ ਵਿਚ ਸ਼ਾਮਲ ਹੋਣ ਲਈ ਸਾਰੇ ਦੋਸਤਾਂ, ਗਵਾਂਢੀਆਂ ਤੇ ਸਭਨਾਂ ਭਾਈਚਾਰਿਆਂ ਦੇ ਸਮੂਹ ਮੈਂਬਰਾਂ ਨੂੰ ਨਿਮਰਤਾ ਸਹਿਤ ਖੁਲ੍ਹਾ ਸੱਦਾ ਹੈ। ਰਿਚਰਡਸਨ ਸ਼ਹਿਰ ਵਿਚ ਇਸ ਵਾਰ ਇਹ ਚੌਥੀ ਪਰੇਡ ਹੋਵੇਗੀ।

***ਸਿੱਖ ਸੰਗਤਾਂ ਅਤੇ ਹੋਰਨਾਂ ਭਾਈਚਾਰਿਆਂ ਦੇ ਮੈਂਬਰਾਂ ਦੀ ਭਰਵੀਂ ਸ਼ਮੂਲੀਅਤ ਵਾਲੀ ਇਸ ਸਿੱਖ ਪਰੇਡ ਦਾ ਸਮਾਂ ਅਤੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ :***

### ਪ੍ਰੋਗਰਾਮ ਦਾ ਵੇਰਵਾ

**29 ਅਕਤੂਬਰ, ਦਿਨ ਸ਼ਨਿੱਚਰਵਾਰ**

**ਸਵੇਰੇ 10 :00 ਵਜੇ ਤੋਂ ਦੁਪਹਿਰ 3 : 00 ਵਜੇ ਤਕ**

**ਸਥਾਨ : ਗੁਰਦੁਆਰਾ ਸਿੰਘ ਸਭਾ, ਨਾਰਥ ਟੈਕਸਾਸ, ਰਿਚਰਡਸਨ**

*ਗੁਰੂ ਦਾ ਲੰਗਰ ਅਤੁਟ ਵਰਤੇਗਾ। ਇਸ ਮੌਕੇ ਸ਼ੁੱਧ ਸਾਕਾਹਾਰੀ ਖਾਣਾ, ਮਠਿਆਈਆਂ ਤੇ ਹੋਰ ਖਾਣ-ਪੀਣ ਦਾ ਸਾਮਾਨ ਵਰਤਾਇਆ ਜਾਵੇਗਾ।*

ਇਸ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ

**ਫੋਨ ਨੰਬਰ 469-222-6288 ਜਾਂ ਵੈਬਸਾਈਟ gssofnt@gmail.com**

'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਲੋਂ : ਬੋਰਡ ਆਫ ਡਾਇਰੈਕਟਰਜ਼

## Gurdwara Singh Sabha of North Texas

1201 Abrams Rd, Richardson, TX 75081. USA Ph.: (972) 235-3388

# ਪੰਜਾਬ ਦੇ ਪਾਣੀਆਂ ਦੀ ਹੋ ਰਹੀ ਲੁੱਟ ਬਾਰੇ ਦਸਤਾਵੇਜ਼ੀ ਫ਼ਿਲਮ 'ਆਖ਼ਰੀ ਹੱਲਾ' ਦਿਖਾਈ

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :** ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਉਸਾਰੂ ਸਹਿਯੋਗ ਨਾਲ ਪੰਜਾਬ ਦੇ ਪਾਣੀਆਂ ਦੀ 1947 ਤੋਂ ਲਗਾਤਾਰ ਕੀਤੀ ਜਾ ਰਹੀ ਲੁੱਟ ਬਾਰੇ ਇਕ ਸ਼ਾਨਦਾਰ ਦਸਤਾਵੇਜ਼ੀ ਫਿਲਮ ਮੁੱਖ ਦੀਵਾਨ ਹਾਲ ਵਿਚ ਵਿਖਾਈ ਗਈ। ਇਸ ਦਾ ਨਾਮ ਹੈ, "ਆਖਰੀ ਹੱਲਾ"। ਫਿਲਮ ਦੀ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਪੰਜਾਂ ਦਰਿਆਵਾਂ ਦੀ ਧਰਤੀ 1947 ਵਿਚ ਵੰਡ ਦਿੱਤੀ ਗਈ।



1966 ਪੰਜਾਬ ਵੰਡ ਕੇ ਛੋਟਾ ਕਰ ਦਿੱਤਾ ਗਿਆ। ਤੇ ਪੰਜਾਬ ਦੇ ਬਚਦੇ ਤਿੰਨ ਦਰਿਆਵਾਂ, ਸਤਲੁਜ, ਬਿਆਸ ਤੇ ਰਾਵੀ ਦੇ ਪਾਣੀ ਨੂੰ ਸਾਜ਼ਿਸ਼ਾਂ ਘੜ ਕੇ ਰਾਜਸਥਾਨ, ਹਰਿਆਣਾ, ਦਿੱਲੀ ਵਿਚ ਨਹਿਰਾਂ ਬਣਾ ਕੇ ਮੁਫਤ ਵੰਡ ਦਿੱਤਾ ਤੇ ਇਸ ਹਨੇਰਗਰਦੀ ਦੌਰਾਨ ਅੰਤਰਰਾਸ਼ਟਰੀ ਕਾਨੂੰਨਾਂ ਦੀ ਵੀ ਪ੍ਰਵਾਹ ਨਾ ਕੀਤੀ ਗਈ। ਪੰਜਾਬ ਦੇ ਪਾਣੀਆਂ ਤੋਂ ਬਣਦੀ ਬਿਜਲੀ ਵੀ ਦੂਜੇ ਰਾਜਾਂ ਨੂੰ ਵੰਡ ਦਿੱਤੀ ਗਈ। ਰਿਪੇਰੀਅਨ ਕਾਨੂੰਨ ਨੂੰ ਛਿੱਕੇ ਟੰਗ ਦਿੱਤਾ ਗਿਆ। ਹੁਣ ਤੱਕ ਪੰਜਾਬ ਦਾ ਲਗਭਗ 320 ਅਰਬ ਡਾਲਰ ਪਾਣੀ ਕੇਂਦਰ ਸਰਕਾਰ ਲੁੱਟ ਚੁੱਕੀ ਹੈ। ਜੇ ਪੰਜਾਬ ਉਪਰਲੇ ਰਾਜਾਂ ਵਿਚੋਂ ਭਾਵੇਂ ਪੱਥਰ ਵੀ ਖਰੀਦੇ ਤਾਂ ਉਹ ਮੁੱਲ ਦਿੱਤਾ ਜਾਂਦਾ ਹੈ ਪਰ ਪੰਜਾਬ ਦੀ ਸ਼ਾਹ ਰਗ ਤੇ ਮਨੁੱਖੀ ਜਾਨ ਦਾ ਸਹਾਰਾ ਪਾਣੀ ਮੁਫਤ ਲੁੱਟਿਆ ਜਾ ਰਿਹਾ ਹੈ। ਇਹ ਇਕ ਵੱਡੀ ਸਾਜ਼ਿਸ਼ ਹੈ ਜਿਸ ਦਾ ਨਿਸ਼ਾਨਾ ਪੰਜਾਬ ਨੂੰ ਰੇਗਿਸਤਾਨ ਬਣਾ ਕੇ ਸਿੱਖ ਕੌਮ ਦਾ ਨਸਲਘਾਤ ਕਰਨ ਦੀ ਵੱਡੀ ਚਾਲ ਹੈ। ਫਿਲਮ ਦੋ ਤਰ੍ਹਾਂ ਦੀਆਂ ਮਨੁੱਖੀ ਨਸਲਕੁਸ਼ੀਆਂ ਦੀ ਗੱਲ ਕਰਦੀ ਹੈ। ਸਰੀਰਕ ਰੂਪ ਵਿਚ ਤੇ ਮਾਨਸਿਕ ਰੂਪ ਵਿਚ ਲਗਾਤਾਰ ਚੱਲ ਰਹੀ ਨਸਲਕੁਸ਼ੀ। 1978 ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਸਿੱਖਾਂ ਨੂੰ ਮਾਰ ਮੁਕਾ ਦਿੱਤਾ ਗਿਆ ਤੇ ਆਰਥਿਕ, ਸਭਿਆਚਾਰਕ ਤੇ ਮਾਨਸਿਕ ਨਸਲਘਾਤ ਲਗਾਤਾਰ ਜਾਰੀ ਹੈ। ਅਕਾਲੀ, ਕਾਂਗਰਸੀ, ਕਾਮਰੇਡ ਸਭ ਇਸ ਲੁੱਟ ਵਿਚ ਪੂਰੇ ਜ਼ਿੰਮੇਵਾਰ ਹਨ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ, ਨਰਸਿਮਹਾ ਰਾਓ, ਮਨਮੋਹਨ ਸਿੰਘ, ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਹਰਚੰਦ ਸਿੰਘ ਲੌਂਗੋਵਾਲ, ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਭ ਇਸ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਕੁਝ ਦਹਾਕਿਆਂ ਵਿਚ ਪੰਜਾਬ ਦਾ ਪੀਣ ਵਾਲਾ ਪਾਣੀ ਮੁੱਕਣ ਕਿਨਾਰੇ ਹੈ ਤੇ ਸਿਰਫ ਮੁੱਲ ਮਿਲਿਆ ਕਰੇਗਾ। ਇਹ ਸਭ ਇਸ ਫਿਲਮ ਵਿਚ ਅੰਕੜਿਆਂ ਰਾਹੀਂ ਦਰਸਾਇਆ ਗਿਆ। ਸੰਗਤਾਂ ਨੇ ਬਹੁਤ ਧਿਆਨ ਨਾਲ ਇਹ ਫਿਲਮ ਵੇਖੀ ਤੇ ਪੰਜਾਬ ਦੀ ਪੀੜ ਨੂੰ ਧੁਰ ਤੱਕ ਮਹਿਸੂਸ ਕੀਤਾ। ਇਹ ਫਿਲਮ ਯੂ ਟਿਊਬ ਉਪਰ "ਫਾਈਨਲ ਅਸਾਲਟ" ਦੇ ਨਾਮ ਨਾਲ ਵੇਖੀ ਜਾ ਸਕਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਉਦਮ ਸਲਾਹੁਣਯੋਗ ਹੈ। ਕੇਂਦਰ ਦੀ ਹਰ ਬ੍ਰਾਹਮਣਵਾਦੀ ਸਰਕਾਰ ਦੀ ਇਸ ਲੁੱਟ ਦੀ ਚਰਚਾ ਹਰ ਪੱਧਰ ਉਤੇ ਹੋਣੀ ਚਾਹੀਦੀ ਹੈ ਤੇ ਜਾਰੀ ਰਹਿਣੀ ਚਾਹੀਦੀ ਹੈ। ਪੰਜਾਬ ਵਾਸੀਆਂ ਨੂੰ ਨਿਰੇ ਤਮਾਸ਼ਬੀਣ ਨਹੀਂ ਬਣੇ ਰਹਿਣਾ ਚਾਹੀਦਾ ਬਲਕਿ ਇਸ ਲੁੱਟ ਵਿਰੁੱਧ ਜ਼ੋਰਦਾਰ ਲੋਕ ਲਹਿਰ ਪੈਦਾ ਕਰਕੇ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ।

## ਫਿਲਮ '31 ਅਕਤੂਬਰ' ਖ਼ਿਲਾਫ਼ ਮੁੜ ਨਵੀਂ ਪਟੀਸ਼ਨ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਬਾਅਦ 1984 ਦੇ ਸਿੱਖ ਵਿਰੋਧੀ ਦੰਗਿਆਂ ਸਣੇ ਵੱਖ ਵੱਖ ਘਟਨਾਵਾਂ ਅਧਾਰਤ ਬਾਲੀਵੁੱਡ ਫਿਲਮ '31 ਅਕਤੂਬਰ' ਦਾ ਇਕ ਵਾਰ ਫੇਰ ਦਿੱਲੀ ਹਾਈ ਕੋਰਟ ਵਿੱਚ ਵਿਰੋਧ ਕੀਤਾ ਗਿਆ ਹੈ। ਹਾਈ ਕੋਰਟ ਵੱਲੋਂ ਪੰਜ ਅਕਤੂਬਰ ਨੂੰ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕੀਤੇ ਜਾਣ ਬਾਅਦ ਇਸ ਦੀ ਰਿਲੀਜ਼ ਖ਼ਿਲਾਫ਼ ਮੁੜ ਨਵੀਂ ਪਟੀਸ਼ਨ ਦਾਖਲ ਕੀਤੀ ਗਈ ਹੈ। ਅਦਾਲਤ ਨੇ ਕਿਹਾ ਸੀ ਕਿ ਪਟੀਸ਼ਨ ਸਹੀ ਢੰਗ ਨਾਲ ਤਿਆਰ ਨਹੀਂ ਕੀਤੀ ਗਈ, ਨਾ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ ਨਾਲ ਪਹਿਲਾਂ ਸੰਪਰਕ ਨਹੀਂ ਕੀਤਾ ਗਿਆ ਤੇ ਨਾ ਹੀ ਉਸ ਨੂੰ ਇਸ ਮਾਮਲੇ ਵਿੱਚ ਧਿਰ ਬਣਾਇਆ ਗਿਆ ਹੈ। ਪਟੀਸ਼ਨਰ ਨੇ ਹੁਣ ਬੋਰਡ ਨੂੰ ਆਪਣੀ ਪਟੀਸ਼ਨ ਵਿੱਚ ਧਿਰ ਬਣਾਇਆ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸੋਹਾ ਅਲੀ ਖ਼ਾਨ ਤੇ ਵੀਰ ਦਾਸ ਅਭਿਨੀਤ ਫਿਲਮ ਦੇ ਟਰੇਲਰ, ਪੋਸਟਰ ਅਤੇ ਬੈਨਰਾਂ ਨੂੰ ਦੇਖਣ ਤੋਂ ਲੱਗਦਾ ਹੈ ਕਿ ਇਹ ਦੇਸ਼ ਦੀ ਸਭ ਤੋਂ ਪੁਰਾਣੇ ਸਿਆਸੀ ਦਲ ਦੀ ਵਿਚਾਰਧਾਰਾ ਦੇ ਖ਼ਿਲਾਫ਼ ਹੈ। ਇੰਦਰਾ ਗਾਂਧੀ ਦੀ ਹੱਤਿਆ 31 ਅਕਤੂਬਰ 1984 ਨੂੰ ਕੀਤੀ ਗਈ ਸੀ।





COMING SOON
GLOBAL CPN
Channel Punjabi Network
Your Favourite Punjabi TV Channels in One App
GLOBAL CPN-THE PREMIUM PUNJABI PACK
you all have been waiting for...
One APP which brings you
3 exclusive Punjabi TV channels
Affordable. Accessible. Amazing...
Global CPN COMING SOON ON
ROKU, ANDROID & WEB
KEEP WATCHING THIS SPACE
FOR MORE INFORMATION

# ਬੀਬੇ ਬਾਲਕ ਬਣਦੇ ਜਾ ਰਹੇ ਨੇ ਉਦਾਰਵਾਦੀ

**ਹਰੀਸ਼ ਖਰੇ**



**ਅਚਾਨਕ ਇਹ ਉਦਾਰਵਾਦੀ ਇਹ ਮੰਗ ਕਰਦੇ ਦਿਸਣ ਲੱਗੇ: "ਬੋਲਣਾ ਬੰਦ ਕਰੋ ਅਤੇ ਸਲਾਮ ਕਰੋ"। ਫ਼ੌਜ ਨੂੰ ਸਲਾਮ ਕਰੋ। ਜਰਨੈਲ ਨੂੰ ਸਲਾਮ ਕਰੋ। ਕਮਾਂਡੋ ਨੂੰ ਸਲਾਮ ਕਰੋ। ਸਾਬਕਾ ਕਰਨੈਲਾਂ ਨੂੰ ਸਲਾਮ ਕਰੋ। ਉਸ਼ਟੰਡਬਾਜ਼ ਸਿਆਸਤਦਾਨਾਂ ਨੂੰ ਸਲਾਮ ਕਰੋ ਜਿਹੜੇ ਨਿੱਤ ਦਿਨ ਜਵਾਨਾਂ ਨੂੰ ਸਲਾਮ ਕਰਨ ਦਾ ਮਕਰ ਕਰਦੇ ਹਨ। ਹਰ ਉਸ 'ਖਬਰ' ਜਾਂ ਟਿੱਪਣੀ ਨਾਲ ਸਹਿਮਤ ਹੋਵੋ ਜਿਹੜੀ 'ਬਹਾਦਰ ਜਵਾਨਾਂ' ਦੇ ਨਾਂ ਉੱਤੇ ਘੜੀ ਜਾ ਰਹੀ ਹੈ। ਜਾਂ, ਰਾਸ਼ਟਰ ਵਿਰੋਧੀ ਵਜੋਂ ਆਪਣੀ ਮੌਤ ਦਾ ਜੋਖ਼ਿਮ ਉਠਾਉਣ ਲਈ ਤਿਆਰ ਰਹੋ; ਦੇਸ਼ ਭਗਤੀ ਦੀ ਘਾਟ ਦੀ ਨੁਕਤਾਚੀਨੀ ਦਾ ਜੋਖ਼ਿਮ ਉਠਾਉਣ ਲਈ ਤਿਆਰ ਰਹੋ।**



ਪਾਕਿਸਤਾਨ ਖ਼ਿਲਾਫ਼ ਸਾਡੀ ਸਭ ਤੋਂ ਵੱਡੀ ਕੌਮੀ ਤ੍ਰਿਪਤੀ ਵਾਲੇ ਇਨ੍ਹਾਂ ਪਲਾਂ ਦੌਰਾਨ ਅਸੀਂ ਡੋਲ ਰਹੇ ਆਪਣੇ ਗੁਆਂਢੀ ਮੁਲਕ ਲਈ ਸਿਫ਼ਤਾਂ ਨਾਲ ਭਰਪੂਰ ਵਾਲੀ ਟਿੱਪਣੀ ਕੀਤੀ ਹੈ: ਅਸੀਂ ਵੀ ਪਾਕਿਸਤਾਨ ਵਰਗੇ ਹੋ ਗਏ ਹਾਂ। ਅਸੀਂ ਅਸਹਿਣਸ਼ੀਲਤਾ ਅਤੇ ਡਰ ਤੇ ਧਮਕੀਆਂ ਵਰਗੇ ਖਿਆਲਾਂ ਦੇ ਵਹਿਣ ਵਿੱਚ ਵਹਿ ਗਏ ਹਾਂ। ਤੇ ਸਾਡੇ ਉਦਾਰਵਾਦੀਆਂ ਨੇ ਆਪਣੇ ਜਾਹਿਰਾਨਾ ਵਿਸ਼ਵਾਸ ਅਤੇ ਵਿਹਾਰ ਛੱਡ ਦਿੱਤੇ ਹਨ; ਇਸ ਦੀ ਥਾਂ ਅਸੀਂ ਬਿਮਾਰ-ਉਦਾਰਵਾਦ ਅਤੇ ਹਾਂ ਵਿੱਚ ਹਾਂ ਮਿਲਾਉਣ ਵਾਲੀ ਮਾੜੀ ਗੱਲ ਗਲੇ ਨਾਲ ਲਾ ਲਈ ਹੈ।

ਜ਼ਰਾ ਸੋਚੋ। ਭਾਰਤ ਦੇ ਇੱਕ ਸਾਬਕਾ ਗ੍ਰਹਿ ਮੰਤਰੀ ਨੂੰ ਇੱਕ ਅਜਿਹੇ ਅੰਗਰੇਜ਼ੀ ਚੈਨਲ ਨੇ ਤਕੜਾ ਹਲੂਣਾ ਮਾਰਿਆ ਹੈ ਜਿਹੜਾ ਪਿਛਲੇ ਕਈ ਵਰ੍ਹਿਆਂ ਤੋਂ ਉਦਾਰਵਾਦ, ਨਫ਼ਾਸਤ, ਬਹਿਸ-ਮੁਬਾਹਿਸੇ ਅਤੇ ਵਿਰੋਧੀ ਵਿਚਾਰਾਂ ਦੀ ਆਵਾਜ਼ ਉਠਾਉਣ ਦਾ ਦਾਅਵਾ ਕਰਦਾ ਰਿਹਾ ਹੈ। ਤੇ ਸੈਂਸਰ ਕੀਤਾ ਜਾਣ ਵਾਲਾ ਸ਼ਖ਼ਸ ਕੌਣ ਹੈ ਭਲਾ? ਇਹ ਹੋਰ ਕੋਈ ਨਹੀਂ, ਪੀ. ਚਿਦੰਬਰਮ ਹੈ। ਉਹ ਕੋਈ ਅਨਪੜ੍ਹ ਗੰਵਾਰ ਨਹੀਂ ਹੈ। ਉਹ ਕੌਮੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਦਾ ਬੜਾ ਸੁਚੱਜਾ ਜਾਣਕਾਰ ਹੈ ਅਤੇ ਨਫ਼ਾਸਤ ਦਾ ਮੁਜੱਸਮਾ ਹੈ। ਉਹ ਵਿਨਾਸ਼ਕਾਰੀ ਨਹੀਂ, ਨਾ ਹੀ ਕਦੀ ਰਿਹਾ ਹੈ; ਜੇ ਡਾ. ਮਨਮੋਹਨ ਸਿੰਘ ਅਤੇ ਪ੍ਰਣਬ ਮੁਖਰਜੀ ਤੋਂ ਬਾਅਦ ਕੋਈ ਬੰਦਾ ਹੈ, ਜਿਹੜਾ ਭਾਰਤੀ ਸਟੇਟ ਦੇ ਡੂੰਘੇ ਰਹੱਸਾਂ ਬਾਰੇ ਜਾਣਕਾਰੀ ਰੱਖਦਾ ਹੈ, ਤਾਂ ਉਹ ਪੀ. ਚਿਦੰਬਰਮ ਹੀ ਹੈ। ਤਿੰਨ ਵਾਰ ਬਤੌਰ ਵਿੱਤ ਮੰਤਰੀ, ਉਹ ਕਾਰਪੋਰੇਟ ਇੰਡੀਆ ਦਾ ਕੇਂਦਰ ਬਿੰਦੂ ਰਿਹਾ। ਹਰ ਕਾਰੋਬਾਰੀ ਘਰਾਣਾ ਉਸ ਤੱਕ ਰਸਾਈ ਚਾਹੁੰਦਾ ਸੀ ਅਤੇ ਰਸਾਈ ਹੋਈ ਵੀ। ਇਸ ਮਾਹੌਲ ਵਿੱਚ, ਸਾਰੇ (ਉਹ ਪ੍ਰਬੰਧਕ ਵੀ ਜਿਹੜੇ ਸਵਾਲਾਂ ਦੇ ਘੇਰੇ ਵਿੱਚ ਆਏ ਮੀਡੀਆ ਹਾਊਸ ਨਾਲ ਸਬੰਧਤ ਹਨ) ਇਹੀ ਜਚਾਉਂਦੇ ਸਨ ਜਿਵੇਂ ਉਹ ਵੀ ਚਿਦੰਬਰਮ ਦੇ ਨੇੜੇ ਹਨ। ਇਸ ਦੀ ਇੱਕ ਵਜ੍ਹਾ ਹੈ ਬਤੌਰ ਵਿੱਤ ਮੰਤਰੀ ਚਿਦੰਬਰਮ ਨੇ ਸ਼ਾਇਦ ਕਈ ਮੀਡੀਆ ਹਾਊਸਾਂ ਦੇ ਕਰਜ਼ਿਆਂ ਨੂੰ ਲੀਹੇ ਪਾਉਣ ਵਿੱਚ ਮਦਦ ਕੀਤੀ ਸੀ। ਉਂਜ, ਇੱਥੇ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਚਿਦੰਬਰਮ ਬਹੁਤਾ ਕੂਲਾ, ਬਹੁਤਾ ਉਦਾਰ ਬੰਦਾ ਨਹੀਂ। ਉਹ ਕਦੇ ਵੀ ਨਰਮ ਉਦਾਰਵਾਦੀ ਨਹੀਂ ਰਿਹਾ। ਉਹ ਕੋਈ 'ਛੁਪਿਆ' ਨਕਸਲਵਾਦੀ ਵੀ ਨਹੀਂ। ਕਿਸੇ ਵੀ ਸੂਰਤ ਵਿੱਚ ਨਹੀਂ। ਉਸ ਅੰਦਰ ਅਜਿਹੀ ਕੋਈ ਉਦਾਰ ਰੂਹ ਨਹੀਂ ਧੜਕਦੀ। ਬਤੌਰ ਗ੍ਰਹਿ ਮੰਤਰੀ ਇੱਕ ਵਾਰ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਵਿੱਚ ਉਸ ਦੇ ਇੱਕ ਸਾਥੀ ਨੇ ਉਸ ਉੱਤੇ ਦੋਸ਼ ਲਗਾਇਆ ਸੀ ਕਿ ਉਹ ਭਾਰਤ ਵਿੱਚ ਵੀ "ਗੈਸਟਾਪੋ" (ਹਿਟਲਰ ਵੇਲੇ ਦੀ ਜਰਮਨ ਖ਼ੁਫ਼ੀਆ ਪੁਲੀਸ) ਬਣਾਉਣਾ ਚਾਹੁੰਦਾ ਹੈ। ਪਰ ਹੁਣ ਇਸੇ ਬੰਦੇ ਦੇ ਵਿਚਾਰਾਂ ਨੂੰ ਕੌਮੀ ਸੁਰੱਖਿਆ ਬਾਰੇ ਧਾਰਨਾ ਲਈ ਧਮਕੀਆਂ ਮੰਨਿਆ ਜਾ ਰਿਹਾ ਹੈ!

ਤੇ, ਕੌਮੀ ਸੁਰੱਖਿਆ ਦੀ ਅਜਿਹੀ ਉਨਮਾਦੀ ਧਾਰਨਾ ਕਿਸ ਨੇ ਪੈਦਾ ਕੀਤੀ? ਯਕੀਨਨ, ਨਰਿੰਦਰ ਮੋਦੀ ਸਰਕਾਰ ਨੇ ਨਹੀਂ। ਇਹ ਕਹਿਣ ਦਾ ਵੀ ਕੋਈ ਆਧਾਰ ਨਹੀਂ ਹੈ ਕਿ ਸਾਊਥ ਜਾਂ ਨੌਰਥ ਬਲਾਕ ਵਿਚਲੀ ਕਿਸੇ ਤਾਕਤ ਨੇ ਚਿਦੰਬਰਮ ਦੇ ਖਿਆਲਾਤ ਨਸ਼ਰ ਹੋਣ ਤੋਂ ਰੋਕਣ ਲਈ ਐਨਡੀਟੀਵੀ ਨੂੰ ਕੁਝ ਕਿਹਾ ਹੋਵੇ। ਇਹ ਹੁਣ ਮੰਨਣਾ ਹੀ ਪੈਣਾ ਹੈ ਕਿ ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਨੂੰ ਸੈਂਸਰ ਕਰਨ ਦਾ ਫ਼ੈਸਲਾ ਇਸ ਮੀਡੀਆ ਹਾਊਸ ਦਾ ਆਪਣਾ ਸੀ ਅਤੇ ਸ਼ਾਇਦ ਇਹ ਫ਼ੈਸਲਾ ਦਮ-ਖ਼ਮ ਵਾਲੇ 'ਖ਼ੁਦਮੁਖਤਾਰ' ਸੰਪਾਦਕਾਂ ਵੱਲੋਂ ਲਿਆ ਗਿਆ। ਸ਼ਾਇਦ, ਇਸ ਦੀ ਸਭ ਤੋਂ ਸਰਲ ਵਿਆਖਿਆ ਇਹ ਹੋ ਸਕਦੀ ਹੈ ਕਿ ਚੈਨਲ ਅਤੇ ਇਸ ਦੇ ਆਕਾ 'ਸਰਜੀਕਲ ਸਟਰਾਈਕ' ਦੇ ਮੱਦੇਨਜ਼ਰ ਉਨਮਾਦੀ ਫੜ੍ਹਾਂ ਦੇ ਮੁਕਾਬਲੇ ਵਿੱਚ ਰੁੜ੍ਹ ਗਏ। ਹੋ ਸਕਦਾ ਹੈ, ਕਿਤੇ ਸਿਧਾਂਤਕ ਸੰਜਮ ਵਾਲੇ ਪੇਸ਼ੇਵਰ ਕਾਰਜਾਂ 'ਤੇ ਪੂਰੇ ਉਤਰਨ ਲਈ ਲੋੜੀਂਦੇ ਬੌਧਿਕ ਧੀਰਜ ਅਤੇ ਸਵੈ-ਵਿਸ਼ਵਾਸ ਦੀ ਘਾਟ ਕਾਰਨ ਅਜਿਹਾ ਹੋਇਆ ਹੋਵੇ। ਇਹ ਵੀ ਸੋਚਿਆ ਹੋ ਸਕਦਾ ਹੈ ਕਿ ਕੌਮੀ ਮਿਜ਼ਾਜ, ਦਰਅਸਲ, ਬਹੁਤ ਕੁਢੱਬਾ ਹੋ ਗਿਆ ਹੈ ਅਤੇ ਹੁਣ ਭੀੜ ਦੇ ਜਨੂੰਨ ਮੁਤਾਬਕ ਚੱਲਿਆ ਜਾਵੇ। ਹੋਰ ਵੀ ਕਈ ਦਲੀਲਾਂ ਹੋ ਸਕਦੀਆਂ ਹਨ। ਐਨਡੀਟੀਵੀ ਨੂੰ ਫਿਟਕਾਰ ਲਾਜ਼ਮੀ ਹੋ ਸਕਦੀ ਹੈ, ਪਰ ਇਹ ਕਾਫ਼ੀ ਨਹੀਂ। ਅਜਿਹਾ ਸ਼ਾਇਦ ਦਰਬਾਰੀ ਪੱਤਰਕਾਰੀ ਬਾਰੇ ਵੀ ਨਹੀਂ।

ਐਨਡੀਟੀਵੀ-ਚਿਦੰਬਰਮ ਸੈਂਸਰਸ਼ਿਪ ਮਾਮਲੇ ਵਿੱਚ ਸਰਗਰਮ ਹਸਤੀਆਂ ਅਤੇ ਗਿਣਤੀਆਂ-ਮਿਣਤੀਆਂ ਤੋਂ ਪਾਰ, ਸਾਨੂੰ ਜਿਸ ਦਾ ਮਰਸੀਆ ਪੜ੍ਹਨਾ ਚਾਹੀਦਾ ਹੈ, ਉਹ ਹੈ ਉਦਾਰਵਾਦ ਦੀ ਅਚਾਨਕ ਮੌਤ। ਕੁਝ ਕੁ ਸਰਜੀਕਲ ਸਟਰਾਈਕ ਹੋਏ ਅਤੇ ਅਚਾਨਕ ਆਪੂੰ ਬਣੇ ਸਾਰੇ ਉਦਾਰਵਾਦੀ ਖੋਲ ਵਿਚੋਂ ਬਾਹਰ ਆਉਣ ਲੱਗ ਪਏ। ਐਲਾਨ ਹੋਣ ਲੱਗ ਪਏ ਕਿ ਜਮਹੂਰੀ ਵਿਰੋਧ ਅਤੇ ਸੰਵਾਦ ਲਈ ਉਨ੍ਹਾਂ ਦੀ ਮੁਖ਼ਾਲਫ਼ਤ ਅਤੇ ਵਚਨਬੱਧਤਾ ਸਭ ਜਾਅਲੀ ਸੀ। ਤੇ, ਉਹ ਸਾਰੇ ਕੌਮੀ ਸੁਰੱਖਿਆ ਅਸਥਾਨ ਦੇ ਬੀਬੇ ਭਗਤ/ਸ਼ਰਧਾਲੂ ਬਣਨ ਦੀ ਪੁਰਜੋਸ਼ ਇੱਛਾ ਦਿਖਾਉਣ ਲੱਗੇ।

ਇਹ ਬੇਹੱਦ ਅਫ਼ਸੋਸ ਅਤੇ ਦੁੱਖ ਵਾਲਾ ਮਸਲਾ ਹੋ ਸਕਦਾ ਹੈ। ਇਹ 'ਮੋਦੀ ਪ੍ਰਭਾਵ' ਹੋ ਵੀ ਸਕਦਾ ਹੈ ਅਤੇ ਨਹੀਂ ਵੀ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤੀ ਉਦਾਰਵਾਦੀਆਂ (ਖ਼ਾਸ ਕਰ ਨਹਿਰੂ ਵਾਲੀ ਵੰਨਗੀ ਵਾਲੇ) ਨੂੰ ਆਪਣੇ ਵਿਸ਼ਵਾਸਾਂ, ਵਿਹਾਰਾਂ ਅਤੇ ਮਨਜ਼ੂਰੀ ਤੇ ਨਾ-ਮਨਜ਼ੂਰੀ ਦਾ ਯਕੀਨ ਹੀ ਨਹੀਂ ਰਹਿ ਗਿਆ ਜਿਨ੍ਹਾਂ ਨੂੰ ਇੱਕ "ਦਲੀਲ-ਪਸੰਦ ਭਾਰਤੀ" ਦੇ ਘੱਟ ਤੋਂ ਘੱਟ ਲਾਜ਼ਮੀ ਸ਼ਰਤ ਵਜੋਂ ਇੰਨੇ ਸਾਲਾਂ ਦੌਰਾਨ ਜਸ਼ਨਾਂ ਵਾਂਗ ਮਨਾਇਆ, ਇੱਥੋਂ ਤੱਕ ਕਿ ਪ੍ਰਚਾਰਿਆ ਵੀ। ਅਚਾਨਕ ਇਹ ਉਦਾਰਵਾਦੀ ਇਹ ਮੰਗ ਕਰਦੇ ਦਿਸਣ ਲੱਗੇ: "ਬੋਲਣਾ ਬੰਦ ਕਰੋ ਅਤੇ ਸਲਾਮ ਕਰੋ"। ਫ਼ੌਜ ਨੂੰ ਸਲਾਮ ਕਰੋ। ਜਰਨੈਲ ਨੂੰ ਸਲਾਮ ਕਰੋ। ਕਮਾਂਡੋ ਨੂੰ ਸਲਾਮ ਕਰੋ। ਸਾਬਕਾ ਕਰਨੈਲਾਂ ਨੂੰ ਸਲਾਮ ਕਰੋ। ਉਸ਼ਟੰਡਬਾਜ਼ ਸਿਆਸਤਦਾਨਾਂ ਨੂੰ ਸਲਾਮ ਕਰੋ ਜਿਹੜੇ ਨਿੱਤ ਦਿਨ ਜਵਾਨਾਂ ਨੂੰ ਸਲਾਮ ਕਰਨ ਦਾ ਮਕਰ ਕਰਦੇ ਹਨ। ਹਰ ਉਸ 'ਖਬਰ' ਜਾਂ ਟਿੱਪਣੀ ਨਾਲ ਸਹਿਮਤ ਹੋਵੋ ਜਿਹੜੀ 'ਬਹਾਦਰ ਜਵਾਨਾਂ' ਦੇ ਨਾਂ ਉੱਤੇ ਘੜੀ ਜਾ ਰਹੀ ਹੈ। ਜਾਂ, ਰਾਸ਼ਟਰ ਵਿਰੋਧੀ ਵਜੋਂ ਆਪਣੀ ਮੌਤ ਦਾ ਜੋਖ਼ਿਮ ਉਠਾਉਣ ਲਈ ਤਿਆਰ ਰਹੋ; ਦੇਸ਼ ਭਗਤੀ ਦੀ ਘਾਟ ਦੀ ਨੁਕਤਾਚੀਨੀ ਦਾ ਜੋਖ਼ਿਮ ਉਠਾਉਣ ਲਈ ਤਿਆਰ ਰਹੋ।

ਇਸ ਉਦਾਰਵਾਦੀ ਭੇਖ ਦਾ ਮੁਖੌਟਾ ਲਾਹੁਣਾ ਇੰਨਾ ਹੀ ਸਹਿਜ ਹੈ ਜਿਵੇਂ ਸਰਦੀਆਂ ਦੀ ਕਿਸੇ ਸਵੇਰ ਨੂੰ ਬਾਹਰ ਨਿਕਲਦਿਆਂ ਠੰਢੀ ਸੀਤ ਮੂੰਹ 'ਤੇ ਪੈਂਦੀ ਹੈ। ਇੰਨੀ ਸ਼ਾਂਤ, ਜਿਵੇਂ ਐਲ.ਕੇ. ਅਡਵਾਨੀ ਨੇ ਐਮਰਜੈਂਸੀ ਦੌਰਾਨ ਭਾਰਤੀ ਮੀਡੀਆ ਬਾਰੇ ਟਿੱਪਣੀ ਕੀਤੀ ਸੀ: "ਜਦੋਂ ਲਿਫ਼ਣ ਲਈ ਕਿਹਾ ਗਿਆ, ਇਹ ਰੀਂਗਣ ਲਈ ਤਿਆਰ ਹੋ ਗਿਆ।" ਉਹ 'ਤਾਨਾਸ਼ਾਹ' ਇੰਦਰਾ ਗਾਂਧੀ ਦਾ ਜ਼ਮਾਨਾ ਸੀ। ਉਸ ਤੋਂ ਬਾਅਦ ਅਸੀਂ ਅਕਸਰ ਆਪਣੀ ਮਜ਼ਬੂਤ, ਖਰੀ ਜਮਹੂਰੀਅਤ ਅਤੇ ਇਸ ਦੇ ਸ਼ੋਰੀਲੇ, ਝਗੜਾਲੂ ਮੀਡੀਆ ਦੇ ਵਿਕਾਸ ਦੇ ਜਸ਼ਨ ਮਨਾਉਂਦੇ ਹਾਂ। ਜੀ ਹਾਂ, ਉਦੋਂ ਤੋਂ ਹੀ ਅਸੀਂ ਸੈਂਸਰਸ਼ਿਪ ਅਤੇ ਸਮਰਪਣ ਦੀ ਮਰਿਆਦਾ ਵੀ ਮੁੜ ਲਿਖ ਲਈ ਹੈ। ਡਰ ਵਾਲਾ ਕੰਮ ਆਪੂੰ ਬਣੇ ਉਦਾਰਵਾਦੀਆਂ ਨੇ ਆਪੇ ਅਗਾਂਹ ਠੇਕੇ 'ਤੇ ਲੈ ਲਿਆ ਹੈ।

ਨਿਰਪੱਖਤਾ ਨਾਲ ਗੱਲ ਕਰੀਏ ਤਾਂ ਮੋਦੀ ਸਰਕਾਰ ਨੇ ਉਦਾਰਵਾਦੀਆਂ ਨੂੰ ਲਿਫ਼ਣ ਜਾਂ ਰੀਂਗਣ ਲਈ ਨਹੀਂ ਕਿਹਾ। ਹੋ ਸਕਦਾ ਹੈ, ਆਪਣੀ ਗੱਲ ਖ਼ਾਤਰ ਇਸ ਨੇ ਆਪਣੀ ਸ਼ਕਤੀ ਅਤੇ ਹੋਰ ਸਾਰੇ ਢੰਗ ਤਰੀਕੇ ਵਰਤੇ ਹੋਣ (ਸਾਰੀਆਂ ਸਰਕਾਰਾਂ ਇਹੀ ਕੋਸ਼ਿਸ਼ ਕਰਦੀਆਂ ਹਨ)। ਕਿਸੇ ਨੂੰ ਵੀ ਪਤਿਆਉਣ ਦਾ, ਸਰਕਾਰ ਦਾ ਇਹੀ ਦਾਅਪੇਚ ਹੁੰਦਾ ਹੈ। ਇਸ ਨੇ ਅਜਿਹਾ (ਵਧੀਆ ਕਾਨੂੰਨੀ ਢੰਗ ਨਾਲ) ਆਪਣੇ ਵਿਸ਼ਾਲ ਸਾਧਨਾਂ ਦੀ ਵਰਤੋਂ ਰਾਹੀਂ ਕੀਤਾ ਹੋਵੇਗਾ, ਤਾਂ ਕਿ ਸਮੁੱਚਾ ਮਾਹੌਲ ਇਸ ਦੇ ਵਿਚਾਰਧਾਰਕ ਵਖਰੇਵਿਆਂ ਅਤੇ ਸਿਆਸੀ ਤਰਜੀਹਾਂ ਨਾਲ ਇਕਸੁਰ ਹੋ ਜਾਵੇ। ਉੱਤਮ ਤਰੀਕੇ ਨਾਲ ਅਜਿਹਾ ਕੰਮ ਕਰਨ ਲਈ ਇਸ ਦੇ ਕੀੜੇ ਨਹੀਂ ਕੱਢੇ ਜਾ ਸਕਦੇ।

ਨਾ ਹੀ ਸਰਹੱਦ ਪਾਰ 29 ਸਤੰਬਰ ਨੂੰ ਕੀਤੇ 'ਸਰਜੀਕਲ ਸਟਰਾਈਕ' ਨੂੰ ਈਵੈਂਟ ਮੈਨੇਜਮੈਂਟ ਤੱਕ ਘਟਾਉਣ ਲਈ ਮੋਦੀ ਸਰਕਾਰ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਹੁਣ ਜੇ ਇਸ ਸਰਕਾਰ ਨੇ ਜਨਤਕ ਅਤੇ ਸਿਆਸੀ ਤੌਰ 'ਤੇ ਸਰਹੱਦ ਪਾਰ ਇਹ ਕਾਰਵਾਈ ਕਰਨ ਦਾ ਜ਼ਿੰਮਾ ਲਿਆ ਹੈ ਅਤੇ ਪਿਛਲੀਆਂ ਸਰਕਾਰਾਂ ਅਜਿਹਾ ਕਰਨ ਦੀ ਦਲੇਰੀ ਨਹੀਂ ਦਿਖਾ ਸਕੀਆਂ, ਤਾਂ ਫਿਰ ਇਸ ਸਰਕਾਰ ਨੇ ਹਿੱਕ ਠੋਕਣੀ ਹੀ ਹੈ। ਸੱਚ ਜਾਣੋ, ਪਿਛਲੀਆਂ ਸਰਕਾਰਾਂ ਕੋਲ ਮਨੋਹਰ ਪਰੀਕਰ ਵਰਗਾ ਬਿਲਕੁਲ ਬੇਬਾਕ ਰੱਖਿਆ ਮੰਤਰੀ ਨਹੀਂ ਸੀ। "ਸਰਜੀਕਲ ਸਟਰਾਈਕਸ" ਤੋਂ ਸਿਆਸੀ ਤੇ ਚੁਣਾਵੀ ਲਾਹਾ ਲੈਣ ਅਤੇ "ਫ਼ੌਜ" ਨੂੰ ਵਰਤਣ ਦੇ ਮਾਮਲੇ 'ਤੇ ਮੋਦੀ ਸਰਕਾਰ ਅਤੇ ਭਾਜਪਾ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਮਈ 2014 ਤੋਂ ਬਾਅਦ ਇਹ ਨਿਜ਼ਾਮ ਇਹੀ ਮੁਹਾਰਨੀ ਹੀ ਤਾਂ ਬੋਲ ਰਿਹਾ ਹੈ।

ਹੈਰਾਨ ਕਰਨ ਵਾਲੀ ਗੱਲ ਇਹ ਨਹੀਂ ਕਿ ਨਰਿੰਦਰ ਮੋਦੀ-ਅਮਿਤ ਸ਼ਾਹ ਵਾਲਾ ਬੰਦੋਬਸਤ ਕੀ ਕੁਝ ਕਰ ਰਿਹਾ ਹੈ; ਦਿਲ-ਢਾਹੂ ਅਤੇ ਮਾਯੂਸੀ ਵਾਲਾ ਮਾਮਲਾ ਉਦਾਰਵਾਦੀਆਂ ਦੀ ਸਮੂਹਿਕ ਨਾਕਾਮਯਾਬੀ ਦਾ ਹੈ ਜਿਹੜੇ ਪਾਕਿਸਤਾਨ ਨਾਲ ਟਕਰਾਅ ਨੂੰ ਲੀਡਰੀ ਚਮਕਾਉਣ ਅਤੇ ਸਿਆਸੀ ਲਾਹੇ ਲਈ ਲੋਕਾਂ ਦੀਆਂ ਭਾਵਨਾਵਾਂ ਨੂੰ ਲਾਮਬੰਦ ਕਰਨ ਬਾਰੇ ਰਣਨੀਤੀ ਨੂੰ ਸਮਝ ਵੀ ਨਹੀਂ ਸਕੇ, ਇਸ ਦਾ ਟਾਕਰਾ ਕਰਨ ਤਾਂ ਬਾਅਦ ਦੀ ਗੱਲ ਹੈ। ਮੋਦੀ ਵਾਲੀ ਭੀੜ ਅਜਿਹਾ ਕਪਟ ਘੜਨ ਵਾਲੀ ਕੋਈ ਪਹਿਲੀ ਨਹੀਂ ਹੈ। ਦੁਨੀਆ ਭਰ ਦੇ ਲੀਡਰ (ਜਮਹੂਰੀ, ਅਰਧ-ਜਮਹੂਰੀ, ਸੱਤਾਵਾਦੀ) ਫ਼ੌਜੀਆਂ ਦੀ ਬਹਾਦਰੀ ਅਤੇ ਵਚਨਬੱਧਤਾ ਨੂੰ ਆਪਣੇ ਸਿਆਸੀ ਅਤੇ ਚੁਣਾਵੀ ਲਾਹੇ ਲਈ ਵਰਤਦੇ ਰਹੇ ਹਨ। ਨਰਿੰਦਰ ਮੋਦੀ-ਮਨੋਹਰ ਪਰੀਕਰ ਦੀ ਜੁਗਲਬੰਦੀ ਨੂੰ ਇਹ ਸ਼ਾਬਾਸ਼ੀ ਮਿਲਣੀ ਚਾਹੀਦੀ ਹੈ ਕਿ ਇਨ੍ਹਾਂ ਨੇ ਆਪਣੀ ਖੇਡ ਪੂਰੀ ਸ਼ਾਤਿਰਤਾ ਨਾਲ ਖੇਡੀ ਹੈ। ਐਨਡੀਟੀਵੀ-ਚਿਦੰਬਰਮ ਮਾਮਲਾ, ਉਦਾਰ ਭਾਰਤ ਦੇ ਸੰਕਟ ਦੀ ਵਿਰਾਟ ਕਮਜ਼ੋਰੀ ਦਾ ਸੰਕੇਤ-ਮਾਤਰ ਹੈ। ਵੀਹ ਮਹੀਨਿਆਂ ਤੋਂ ਵੀ ਘੱਟ ਸਮੇਂ ਅੰਦਰ ਹੀ ਉਦਾਰ ਆਵਾਜ਼ਾਂ, ਹਸਤੀਆਂ ਅਤੇ ਸੰਸਥਾਵਾਂ ਗੋਡਣੀਆਂ ਲਾ ਗਈਆਂ ਹਨ। ਹੁਣ ਵੇਲੇ ਸਿਰ ਇਸ ਬਾਰੇ ਖ਼ਬਰ ਹੋ ਗਈ ਹੈ। ਜੇ ਸੰਜੀਦਾ ਉਦਾਰ ਤਾਕਤਾਂ ਸੱਤਾਵਾਦੀਆਂ ਦੀ ਹੇਠਾਂ ਲਾਉਣ ਵਾਲੀ, ਨਵੀਂ ਸਰਦਾਰੀ ਦਾ ਵਿਰੋਧ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀਆਂ ਰਣਨੀਤੀਆਂ ਨਵੇਂ ਸਿਰਿਓਂ ਘੜਨੀਆਂ ਪੈਣਗੀਆਂ। ਜਮੂਹਰੀ ਭਾਰਤ ਇੰਨੀ ਅਸਾਨੀ ਨਾਲ ਗੋਡੇ ਨਹੀਂ ਲਾਵੇਗਾ।

## ਸਰਜੀਕਲ ਸਟ੍ਰਾਈਕ ਪਿੱਛੇ ਆਰ.ਐਸ.ਐਸ. ਦੀ ਪ੍ਰੇਰਨਾ ਸੀ : ਪਰੀਕਰ

**ਅਹਿਮਦਾਬਾਦ/ਬਿਊਰੋ ਨਿਊਜ਼ :**
ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਉੜੀ ਹਮਲੇ ਮਗਰੋਂ ਭਾਰਤੀ ਸੈਨਾ ਵੱਲੋਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਸਰਜੀਕਲ ਸਟ੍ਰਾਇਕ ਨੂੰ ਲੈ ਕੇ ਵੱਡਾ ਖੁਲਾਸਾ ਕੀਤਾ ਹੈ। ਰੱਖਿਆ ਮੰਤਰੀ ਨੇ ਕਿਹਾ ਹੈ ਕਿ ਇਸ ਦੇ ਪਿੱਛੇ ਦਾ ਕਾਰਨ ਆਰ.ਐਸ.ਐਸ. ਦੀ ਪ੍ਰੇਰਨਾ ਸੀ। ਉਨ੍ਹਾਂ ਇਕ ਪ੍ਰੋਗਰਾਮ ਦੌਰਾਨ ਕਿਹਾ ਕਿ ਸ਼ਾਇਦ ਆਰ.ਐਸ. ਐਸ. ਦੀ ਸਿੱਖਿਆ ਹੀ ਇਸ ਕਾਰਵਾਈ ਦੀ ਬੁਨਿਆਦ ਬਣੀ। ਉਨ੍ਹਾਂ ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ ਵਿਚ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਸਰਜੀਕਲ ਹਮਲੇ ਸਬੰਧੀ ਸਬੂਤ ਮੰਗਣ ਵਾਲਿਆਂ ਦੀ ਤਿੱਖੀ ਅਲੋਚਨਾ ਕੀਤੀ ਹੈ। ਅਹਿਮਦਾਬਾਦ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪਿਛਲੇ 5-6 ਸਾਲਾਂ ਤੋਂ ਸਰਹੱਦ 'ਤੇ ਜੰਗਬੰਦੀ ਦੀ ਉਲੰਘਣਾ ਲਗਾਤਾਰ ਹੁੰਦੀ ਰਹੀ ਹੈ, ਪਰ ਜੋ ਚੀਜ਼ ਬਦਲੀ ਹੈ ਉਹ ਇਹ ਹੈ ਕਿ ਅਸੀਂ ਇਸ ਦਾ ਪ੍ਰਭਾਵਸ਼ਾਲੀ ਜਵਾਬ ਦਿੱਤਾ ਹੈ। ਸੁਰੱਖਿਆ ਖਾਮੀਆਂ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਕੋਈ ਕੰਮ ਕਰਦੇ ਹੋ ਅਤੇ ਉਸ ਵਿਚ ਕੋਈ ਖਾਮੀ ਰਹਿ ਜਾਵੇ ਤਾਂ ਇਸ ਨੂੰ ਸੋਧਿਆ ਜਾ ਸਕਦਾ ਹੈ। ਬਿਨਾਂ ਕਿਸੇ ਦਾ ਨਾਂਅ ਲਏ ਪਰੀਕਰ ਨੇ ਕਿਹਾ ਕਿ ਸਰਜੀਕਲ ਹਮਲੇ ਵਾਲੇ ਦਿਨ ਤੋਂ ਅੱਜ ਤੱਕ ਕਈ ਸਿਆਸੀ ਨੇਤਾ ਸਰਜੀਕਲ ਹਮਲੇ ਦੇ ਸਬੂਤ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਭਾਰਤੀ ਫੌਜ ਕੁਝ ਕਹਿੰਦੀ ਹੈ ਤਾਂ ਸਾਨੂੰ ਉਸ 'ਤੇ ਯਕੀਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਫੌਜ ਦੁਨੀਆ ਦੀ ਸਭ ਤੋਂ ਵਧੀਆ, ਪੇਸ਼ੇਵਰ, ਬਹਾਦਰ ਅਤੇ ਨਿਸ਼ਠਾਵਾਨ ਹੈ। ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਲਗਦਾ ਕਿ ਸਾਨੂੰ ਫੌਜ ਤੋਂ ਸਬੂਤ ਮੰਗਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਜੀਕਲ ਹਮਲੇ ਤੋਂ ਬਾਅਦ ਦੋ ਚੰਗੀਆਂ ਚੀਜ਼ਾਂ ਵਾਪਰੀਆਂ ਹਨ। ਪਹਿਲੀ ਤਾਂ ਇਹ ਕਿ ਕੁਝ ਇਕ ਸਿਆਸੀ ਆਗੂਆਂ ਨੂੰ ਛੱਡ ਕੇ ਬਾਕੀ ਸਾਰੇ ਦੇਸ਼ ਵਾਸੀ ਸਾਡੀ ਬਹਾਦਰ ਫੌਜ ਦੇ ਸਮਰਥਨ ਵਿਚ ਖੜ੍ਹੇ ਸਨ ਅਤੇ ਦੂਜੀ ਇਹ ਕਿ ਅਸੀਂ ਰਾਸ਼ਟਰੀ ਸੁਰੱਖਿਆ ਨੂੰ ਲੈ ਕੇ ਬਹੁਤ ਸੰਵੇਦਨਸ਼ੀਲਤਾ ਦਿਖਾਈ ਹੈ।

## ਭੁਬਨੇਸ਼ਵਰ ਦੇ ਹਸਪਤਾਲ ਵਿੱਚ ਅੱਗ ਲੱਗਣ ਕਾਰਨ 23 ਮਰੀਜ਼ ਮਰੇ

**ਭੁਬਨੇਸ਼ਵਰ/ਬਿਊਰੋ ਨਿਊਜ਼ :** ਇਥੋਂ ਦੇ ਸਮ ਹਸਪਤਾਲ ਦੇ ਡਾਇਲਿਸਿਸ ਵਾਰਡ ਦੇ ਆਈਸੀਯੂ 'ਚ ਭਿਆਨਕ ਅੱਗ ਲੱਗਣ ਕਾਰਨ 23 ਮਰੀਜ਼ਾਂ ਦੀ ਮੌਤ ਹੋ ਗਈ। ਕਈ ਮਰੀਜ਼ ਜ਼ਖ਼ਮੀ ਹੋਏ ਹਨ, ਜਿਸ ਕਾਰਨ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਸੈਂਕੜੇ ਮਰੀਜ਼ਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਗਿਆ ਹੈ। ਹਸਪਤਾਲ ਦੇ ਡਿਪਟੀ ਸੁਪਰਡੈਂਟ ਡਾਕਟਰ ਬਸੰਤ ਕੁਮਾਰ ਪੱਤਰੀ ਨੇ ਦੱਸਿਆ ਕਿ ਅੱਗ ਪਹਿਲੀ ਮੰਜ਼ਿਲ 'ਤੇ ਸ਼ਾਰਟ ਸਰਕਿਟ ਹੋਣ ਕਾਰਨ ਲੱਗੀ ਜਾਪਦੀ ਹੈ। ਸ਼ਹਿਰ ਦੇ ਬਾਹਰਵਾਰ ਸ਼ਾਮਪੁਰ ਵਿਚ ਬਣੇ ਇਸ ਹਸਪਤਾਲ ਵਿਚ ਤੁਰੰਤ ਅੱਗ ਬੁਝਾਊ ਅਮਲਾ ਅਤੇ ਪੁਲੀਸ ਪਹੁੰਚ ਗਈ ਅਤੇ ਉਨ੍ਹਾਂ ਲੋਕਾਂ ਨੂੰ ਬਾਹਰ ਕੱਢਿਆ। ਹਸਪਤਾਲ ਪ੍ਰਸ਼ਾਸਨ ਨੇ ਪਹਿਲਾਂ ਖ਼ੁਦ ਹੀ ਅੱਗ ਬੁਝਾਉਣ ਦੇ ਯਤਨ ਕੀਤੇ ਪਰ ਅੱਗ ਬੇਕਾਬੂ ਹੋ ਗਈ। ਮਰੀਜ਼ ਅਤੇ ਉਨ੍ਹਾਂ ਦੀ ਦੇਖ-ਰੇਖ ਵਿਚ ਲੱਗੇ ਲੋਕ ਸੁਰੱਖਿਅਤ ਥਾਵਾਂ ਵੱਲ ਭੱਜਣ ਲੱਗੇ। ਪੁਲੀਸ ਕਮਿਸ਼ਨਰ ਵਾਈ ਬੀ ਖੁਰਾਨੀਆ ਅਤੇ ਸੀਨੀਅਰ ਪੁਲੀਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਰਾਹਤ ਅਤੇ ਬਚਾਅ ਕਾਰਜਾਂ ਦੀ ਨਿਗਰਾਨੀ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਾਦਸੇ 'ਤੇ ਦੁੱਖ ਜ਼ਾਹਰ ਕਰਦਿਆਂ ਗੰਭੀਰ ਜ਼ਖ਼ਮੀਆਂ ਨੂੰ ਏਮਜ਼ ਵਿਚ ਦਾਖਲ ਕਰਨ ਦੀ ਹਦਾਇਤ ਦਿੱਤੀ ਹੈ।

# ਡਾ. ਅੰਬੇਦਕਰ ਨੇ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਮੰਗਣ ਦੀ ਦਿੱਤੀ ਸੀ ਸਲਾਹ

**ਇਹ ਵੀ ਦਿਲਚਸਪ ਘਟਨਾਕ੍ਰਮ ਹੈ ਕਿ ਕੇਂਦਰ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਖਿਲਾਫ਼ ਮੋਰਚੇ ਲਗਾ ਰਹੇ ਅਕਾਲੀ ਦਲ ਨੇ ਕਾਂਗਰਸ ਨਾਲ ਸਮਝੌਤਾ ਕਰਦਿਆਂ ਖੁਦ ਨੂੰ ਸਿਆਸਤ ਤੋਂ ਅਲੱਗ ਰੱਖਣ ਦਾ ਫੈਸਲਾ ਕਰ ਲਿਆ ਅਤੇ ਅਕਾਲੀ ਆਗੂਆਂ ਨੇ 1957 ਦੀ ਵਿਧਾਨ ਸਭਾ ਚੋਣ ਕਾਂਗਰਸ ਦੀ ਟਿਕਟ ਉੱਤੇ ਲੜੀ। ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਇਸੇ ਪ੍ਰਬੰਧ ਤਹਿਤ ਕਾਂਗਰਸ ਦੀ ਟਿਕਟ 'ਤੇ ਚੋਣ ਲੜੇ ਸਨ। ਇਹ ਅਲੱਗ ਗੱਲ ਹੈ ਕਿ ਮਾਸਟਰ ਤਾਰਾ ਸਿੰਘ ਇਸ ਸਮਝੌਤੇ ਤੋਂ ਨਾਰਾਜ਼ ਸਨ। ਉਨ੍ਹਾਂ ਨੇ ਆਜ਼ਾਦ ਉਮੀਦਵਾਰ ਖੜ੍ਹੇ ਕੀਤੇ। 24 ਫੀਸਦ ਵੋਟ ਲੈਣ ਦੇ ਬਾਵਜੂਦ ਉਨ੍ਹਾਂ ਦਾ ਕੋਈ ਉਮੀਦਵਾਰ ਨਹੀਂ ਜਿੱਤਿਆ ਸੀ।**



**ਹਮੀਰ ਸਿੰਘ**

ਦੇਸ਼ ਦੀ ਵੰਡ ਮੌਕੇ ਭਾਰਤ ਨਾਲ ਰਹਿਣ ਦਾ ਫ਼ੈਸਲਾ ਕਰ ਲੈਣ ਤੋਂ ਬਾਅਦ ਭੰਬਲਭੂਸੇ ਵਿੱਚ ਫਸੇ ਅਕਾਲੀ ਆਗੂਆਂ ਨੂੰ ਡਾ. ਭੀਮ ਰਾਓ ਅੰਬੇਦਕਰ ਨੇ ਭਾਸ਼ਾ ਦੇ ਆਧਾਰ ਉੱਤੇ ਪੰਜਾਬੀ ਸੂਬਾ ਮੰਗਣ ਦੀ ਸਲਾਹ ਦਿੱਤੀ ਸੀ। ਇਹ ਅਲੱਗ ਗੱਲ ਹੈ ਕਿ ਪੰਜਾਬੀ ਸੂਬੇ ਦੀ ਮੰਗ ਨੂੰ ਵੀ ਕੇਵਲ ਸਿੱਖਾਂ ਦੀ ਮੰਗ ਨਾਲ ਜੋੜ ਕੇ ਫਿਰਕੂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ। ਜਨਸੰਘ ਅਤੇ ਆਰੀਆ ਸਮਾਜ ਨੇ ਉਸ ਵਕਤ ਪੰਜਾਬੀ ਸੂਬੇ ਦੇ ਮੁਕਾਬਲੇ ਮਹਾਂਪੰਜਾਬ ਅਤੇ ਹਿੰਦੀ ਦੇ ਪੱਖ ਵਿੱਚ ਅੰਦੋਲਨ ਛੇੜ ਦਿੱਤਾ ਸੀ। ਸਿੱਖਾਂ ਅੰਦਰ ਪੰਜਾਬੀ ਸੂਬੇ ਦੀ ਤਾਂਘ ਲਗਾਤਾਰ ਪ੍ਰਬਲ ਰਹੀ ਜਿਸ ਕਾਰਨ ਅਕਾਲੀ ਦਲ ਦੇ ਵੱਡੇ ਆਗੂਆਂ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਨੂੰ ਪੰਜਾਬੀ ਸੂਬੇ ਦੀ ਮੰਗ ਮਨਵਾਏ ਬਿਨਾਂ ਵਰਤ ਤੋੜਨ ਦੇ ਇਲਜ਼ਾਮ ਹੇਠ ਸ੍ਰੀ ਅਕਾਲ ਤਖ਼ਤ ਤੋਂ ਤਨਖ਼ਾਹ ਵੀ ਲਗਾਈ ਗਈ। ਲੰਬੀ ਜਦੋ-ਜਹਿਦ ਤੋਂ ਬਾਅਦ ਜੋ ਸੂਬਾ ਮਿਲਿਆ, ਅਕਾਲੀ ਦਲ ਨੇ ਇਸ ਨੂੰ ਧੋਖਾ ਕਰਾਰ ਦਿੱਤਾ ਅਤੇ ਸੰਤ ਫਤਹਿ ਸਿੰਘ ਨੇ ਮੁੜ ਮਰਨ ਵਰਤ ਵੀ ਰੱਖਿਆ।

ਪੰਜਾਬੀ ਸੂਬਾ ਮੋਰਚੇ ਸਮੇਂ ਅਕਾਲੀ ਆਗੂਆਂ ਦੀ ਮੂਹਰਲੀ ਕਤਾਰ ਦੇ ਆਗੂ ਰਹੇ ਹਰਚਰਨ ਸਿੰਘ ਬਾਜਵਾ ਵੱਲੋਂ ਆਪਣੀ ਪੁਸਤਕ 'ਪੰਜਾਬ ਦੀ ਰਾਜਨੀਤੀ ਦੇ ਸੱਠ ਸਾਲ' ਵਿੱਚ ਲਿਖੀ ਇਬਾਰਤ ਨੂੰ ਜੇ ਸੱਚ ਮੰਨਿਆ ਜਾਵੇ ਤਾਂ ਅਕਾਲੀਆਂ ਨੂੰ ਪੰਜਾਬੀ ਸੂਬਾ ਮੰਗਣ ਦੀ ਸਲਾਹ ਡਾ. ਅੰਬੇਦਕਰ ਨੇ ਦਿੱਤੀ ਸੀ। ਉਨ੍ਹਾਂ ਅਨੁਸਾਰ ਪ੍ਰੇਸ਼ਾਨੀ ਦੀ ਹਾਲਤ ਵਿੱਚ ਉਨ੍ਹਾਂ, ਭੁਪਿੰਦਰ ਸਿੰਘ ਮਾਨ ਅਤੇ ਗਿਆਨੀ ਕਰਤਾਰ ਸਿੰਘ ਨੇ ਡਾ. ਅੰਬੇਦਕਰ ਦੇ ਦਰਵਾਜ਼ੇ ਉੱਤੇ ਦਸਤਕ ਦਿੱਤੀ। ਰਾਹ ਪੁੱਛਣ ਉੱਤੇ ਡਾ.ਅੰਬੇਦਕਰ ਨੇ ਕਿਹਾ ਕਿ ਜੇਕਰ ਸਿੱਖ ਸਟੇਟ ਦਾ ਮੁਤਾਲਬਾ ਕੀਤਾ ਤਾਂ ਤੁਹਾਡਾ ਰੌਲਾ ਕਿਸੇ ਨੇ ਨਹੀਂ ਸੁਣਨਾ। ਤੁਸੀਂ ਪੰਜਾਬੀ ਸੂਬਾ ਕਿਉਂ ਨਹੀਂ ਮੰਗਦੇ ? ਕਾਂਗਰਸ ਪ੍ਰਾਂਤਾਂ ਦਾ ਭਾਸ਼ਾਈ ਆਧਾਰ ਉੱਤੇ ਪੁਨਰਗਠਨ ਕਰਨ ਲਈ ਵਚਨਬੱਧ ਹੈ। ਉਹ ਇਸ ਮੰਗ ਨੂੰ ਕੁਝ ਚਿਰ ਟਾਲ ਸਕਦੀ ਹੈ ਪਰ ਲੰਬਾ ਸਮਾਂ ਇਸ ਤੋਂ ਮੁਨਕਰ ਨਹੀਂ ਹੋ ਸਕਦੀ। ਤੁਸੀਂ ਪੰਜਾਬੀ ਸੂਬੇ ਦੇ ਭੇਸ ਵਿੱਚ ਸਿੱਖ ਸਟੇਟ ਲੈ ਸਕਦੇ ਹੋ। ਪੰਜਾਬੀ ਸੂਬੇ ਦੇ ਨਾਅਰੇ ਉੱਤੇ 1955 ਵਿੱਚ ਲਗਾਈ ਰੋਕ ਦੇ ਖਿਲਾਫ਼ ਅਕਾਲੀਆਂ ਵੱਲੋਂ ਲਗਾਏ ਮੋਰਚੇ ਦੌਰਾਨ 12 ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ। ਆਰੀਆ ਸਮਾਜੀਆਂ ਅਤੇ ਜਨਸੰਘ ਨੇ ਤਾਂ ਪੰਜਾਬੀ ਸੂਬੇ ਦੀ ਮੰਗ ਦੇ ਵਿਰੋਧ ਵਿੱਚ ਮਹਾਂਪੰਜਾਬ ਦਾ ਅੰਦੋਲਨ ਸ਼ੁਰੂ ਕਰ ਦਿੱਤਾ। ਇੱਥੋਂ ਤੱਕ ਕਿ ਪੰਜਾਬ ਨੂੰ ਦੋ ਭਾਸ਼ੀ ਸੂਬਾ ਦਿਖਾਉਣ ਲਈ 1951 ਅਤੇ 1961 ਦੀ ਮਰਦਮਸ਼ੁਮਾਰੀ ਵਿੱਚ ਹਿੰਦੂਆਂ ਨੂੰ ਆਪਣੀ ਮਾਤ-ਭਾਸ਼ਾ ਹਿੰਦੀ ਲਿਖਾਉਣ ਵੱਲ ਪ੍ਰੇਰਿਤ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ 1956 ਵਿੱਚ ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੇ ਗਠਨ ਦੀ ਨੀਤੀ ਆਂਧਰਾ ਪ੍ਰਦੇਸ਼ ਤੇ ਹੋਰ ਰਾਜਾਂ ਲਈ ਲਾਗੂ ਕਰਨ ਦੇ ਬਾਵਜੂਦ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਭਾਸ਼ਾ ਦੇ ਆਧਾਰ ਉੱਤੇ ਪੰਜਾਬ ਦੇ ਪੁਨਰਗਠਨ ਦੇ ਹੱਕ ਵਿੱਚ ਨਹੀਂ ਸਨ। ਤਤਕਾਲੀ ਮੁੱਖ ਮੰਤਰੀ ਭੀਮ ਸੈਨ ਸੱਚਰ ਵੱਲੋਂ ਬਣਾਏ ਰਿਜਨਲ ਫਾਰਮੂਲੇ ਦਾ ਵੀ ਆਰੀਆ ਸਮਾਜ ਅਤੇ ਜਨਸੰਘ ਨੇ ਵਿਰੋਧ ਕੀਤਾ ਹਾਲਾਂਕਿ ਇਸ ਦੇ ਮੁਤਾਬਕ ਪੰਜਾਬੀ ਬੋਲਣ ਵਾਲੇ ਖੇਤਰਾਂ ਵਿੱਚ ਪੰਜਾਬੀ ਅਤੇ ਹਿੰਦੀ ਬੋਲਣ ਵਾਲੇ ਇਲਾਕਿਆਂ ਵਿੱਚ ਹਿੰਦੀ ਪ੍ਰਮੁੱਖ ਭਾਸ਼ਾਵਾਂ ਹੋਣੀਆਂ ਸਨ। ਅਕਾਲੀ ਦਲ ਨੇ ਟਕਰਾਅ ਟਾਲਣ ਦੇ ਮਕਸਦ ਨਾਲ 11 ਮਾਰਚ 1956 ਨੂੰ ਇਹ ਫਾਰਮੂਲਾ ਮਨਜ਼ੂਰ ਕਰ ਲਿਆ। ਇਸ ਦੇ ਤਹਿਤ ਹੀ ਪੈਪਸੂ ਸੂਬੇ ਨੂੰ 1956 ਦੌਰਾਨ ਪੰਜਾਬ ਵਿੱਚ ਸ਼ਾਮਲ ਕਰ ਲਿਆ ਗਿਆ। ਇਤਿਹਾਸਕਾਰ ਪ੍ਰੋਫੈਸਰ ਸੁਖਦਿਆਲ ਸਿੰਘ ਦਾ ਮੰਨਣਾ ਹੈ ਕਿ ਪੈਪਸੂ ਆਪਣੇ ਆਪ ਵਿੱਚ ਸਿੱਖ ਬਹੁਗਿਣਤੀ ਵਾਲਾ ਰਾਜ ਸੀ। ਇਸ ਨੂੰ ਪੰਜਾਬ ਵਿੱਚ ਸ਼ਾਮਲ ਕਰਵਾਉਣਾ ਅਕਾਲੀਆਂ ਲਈ ਸਿਆਣਪ ਵਾਲਾ ਕੰਮ ਨਹੀਂ ਸੀ। ਇਹ ਵੀ ਦਿਲਚਸਪ ਘਟਨਾਕ੍ਰਮ ਹੈ ਕਿ ਕੇਂਦਰ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਖਿਲਾਫ਼ ਮੋਰਚੇ ਲਗਾ ਰਹੇ ਅਕਾਲੀ ਦਲ ਨੇ ਕਾਂਗਰਸ ਨਾਲ ਸਮਝੌਤਾ ਕਰਦਿਆਂ ਖੁਦ ਨੂੰ ਸਿਆਸਤ ਤੋਂ ਅਲੱਗ ਰੱਖਣ ਦਾ ਫੈਸਲਾ ਕਰ ਲਿਆ ਅਤੇ ਅਕਾਲੀ ਆਗੂਆਂ ਨੇ 1957 ਦੀ ਵਿਧਾਨ ਸਭਾ ਚੋਣ ਕਾਂਗਰਸ ਦੀ ਟਿਕਟ ਉੱਤੇ ਲੜੀ। ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਇਸੇ ਪ੍ਰਬੰਧ ਤਹਿਤ ਕਾਂਗਰਸ ਦੀ ਟਿਕਟ 'ਤੇ ਚੋਣ ਲੜੇ ਸਨ। ਇਹ ਅਲੱਗ ਗੱਲ ਹੈ ਕਿ ਮਾਸਟਰ ਤਾਰਾ ਸਿੰਘ ਇਸ ਸਮਝੌਤੇ ਤੋਂ ਨਾਰਾਜ਼ ਸਨ। ਉਨ੍ਹਾਂ ਨੇ ਆਜ਼ਾਦ ਉਮੀਦਵਾਰ ਖੜ੍ਹੇ ਕੀਤੇ।24 ਫੀਸਦ ਵੋਟ ਲੈਣ ਦੇ ਬਾਵਜੂਦ ਉਨ੍ਹਾਂ ਦਾ ਕੋਈ ਉਮੀਦਵਾਰ ਨਹੀਂ ਜਿੱਤਿਆ ਸੀ। ਅਜੀਤ ਸਿੰਘ ਸਰਹੱਦੀ ਵੱਲੋਂ 'ਪੰਜਾਬੀ ਸੂਬੇ ਦੀ ਗਾਥਾ' ਪੁਸਤਕ ਵਿੱਚ ਦਿੱਤੇ ਤੱਥਾਂ ਅਨੁਸਾਰ ਰਿਜਨਲ ਫਾਰਮੂਲਾ ਲਾਗੂ ਕਰਨ ਵਿੱਚ ਗ਼ੈਰ ਸੰਜੀਦਗੀ ਕਾਰਨ ਅਕਾਲੀ ਦਲ ਨੇ ਆਪਣੇ ਸਾਰੇ 24 ਵਿਧਾਇਕਾਂ ਨੂੰ ਕਾਂਗਰਸ ਤੋਂ ਅਸਤੀਫ਼ੇ ਦੇਣ ਦਾ ਹੁਕਮ ਦੇ ਦਿੱਤਾ। ਗਿਆਨੀ ਕਰਤਾਰ ਸਿੰਘ ਸਮੇਤ ਬਹੁਤ ਸਾਰੇ ਅਕਾਲੀਆਂ ਨੇ ਹੁਕਮ ਨਹੀਂ ਮੰਨਿਆ। ਕੇਵਲ ਪੰਜ ਵਿਧਾਇਕ ਤੁਰੰਤ ਅਸਤੀਫ਼ਾ ਦੇ ਕੇ ਅਕਾਲੀ ਦਲ ਵਿੱਚ ਵਾਪਸ ਆਏ। ਉਨ੍ਹਾਂ ਵਿੱਚ ਸਰੂਪ ਸਿੰਘ, ਆਤਮਾ ਸਿੰਘ, ਹਰਗੁਰਨਾਦ ਸਿੰਘ, ਊਧਮ ਸਿੰਘ ਨਾਗੋਕੇ ਅਤੇ ਮਾਸਟਰ ਪ੍ਰਤਾਪ ਸਿੰਘ ਸ਼ਾਮਲ ਸਨ। ਸਿੱਖ ਇਤਿਹਾਸਕਾਰ ਪ੍ਰਿਥੀਪਾਲ ਸਿੰਘ ਕਪੂਰ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਕੁਝ ਦਿਨ ਸੋਚ ਵਿਚਾਰ ਤੋਂ ਬਾਅਦ ਅਕਾਲੀ ਦਲ ਵਿੱਚ ਵਾਪਸ ਆ ਗਏ ਸਨ।

ਭਾਵੇਂ ਹੁਣ ਪੰਜਾਬ ਸਰਕਾਰ ਵੱਲੋਂ ਪੰਜਾਬੀ ਸੂਬੇ ਦੇ ਪੰਜਾਹ ਸਾਲਾ ਜਸ਼ਨ ਮਨਾਏ ਜਾ ਰਹੇ ਹਨ ਪਰ ਅਕਾਲੀ ਦਲ 1961 ਦੀ ਫਿਰਕੂ ਆਧਾਰ ਉੱਤੇ ਹੋਈ ਮਰਦਮਸ਼ੁਮਾਰੀ ਨੂੰ ਪੰਜਾਬੀ ਸੂਬੇ ਦਾ ਆਧਾਰ ਬਣਾਉਣ ਉੱਤੇ ਖੁਸ਼ ਨਹੀਂ ਸੀ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਪੰਜਾਬ ਬਾਰੇ ਸਰਹੱਦੀ ਕਮਿਸ਼ਨ ਦੀ ਰਿਪੋਰਟ ਰੱਦ ਕਰ ਦਿੱਤੀ। ਪੰਜਾਬ ਪੁਨਰਗਠਨ ਕਾਨੂੰਨ 1966 ਮੁਤਾਬਕ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ, ਦਰਿਆਈ ਪਾਣੀਆਂ ਦੀ ਵੰਡ ਅਤੇ ਹੈਂਡਵਰਕਸ ਉੱਤੇ ਕੇਂਦਰ ਦੇ ਕੰਟਰੋਲ ਦੇ ਖਿਲਾਫ਼ ਸੰਤ ਫਤਹਿ ਸਿੰਘ ਨੇ 17 ਦਸੰਬਰ 1966 ਨੂੰ ਮਰਨ ਵਰਤ ਰੱਖ ਲਿਆ ਅਤੇ ਦਸ ਦਿਨ ਬਾਅਦ ਆਤਮਦਾਹ ਕਰਨ ਦਾ ਐਲਾਨ ਕਰ ਦਿੱਤਾ। ਆਖਰੀ ਦਿਨ 27 ਦਸੰਬਰ ਨੂੰ ਸੰਤ ਫਤਹਿ ਸਿੰਘ ਨੇ ਮਰਨ ਵਰਤ ਖ਼ਤਮ ਕਰਦਿਆਂ ਐਲਾਨ ਕੀਤਾ ਕਿ ਅਕਾਲੀ ਦਲ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਰਮਿਆਨ ਸਾਲਸ ਵਜੋਂ ਆਏ ਲੋਕ ਸਭਾ ਸਪੀਕਰ ਸ੍ਰੀ ਹੁਕਮ ਸਿੰਘ ਨੇ ਯਕੀਨ ਦਿਵਾਇਆ ਕਿ ਪੰਜਾਬ ਦੀਆਂ ਮੰਗਾਂ ਮੰਨ ਲਈਆਂ ਜਾਣਗੀਆਂ। ਪਰ ਦੋ ਜਨਵਰੀ 1967 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਜਿਹੇ ਕਿਸੇ ਵਾਅਦੇ ਤੋਂ ਇਨਕਾਰ ਕਰ ਦਿੱਤਾ। ਪੰਜਾਬੀ ਸੂਬੇ ਨਾਲ ਨਿਆਂ ਹੋਇਆ ਜਾਂ ਨਹੀਂ, ਪਰ ਇਸ ਦੇ ਬਣਨ ਤੋਂ ਇੱਕ ਸਾਲ ਬਾਅਦ ਭਾਵ 1967 ਵਿੱਚ ਇਕ ਦੂਸਰੇ ਦੀਆਂ ਕੱਟੜ ਵਿਰੋਧੀ ਅਕਾਲੀ ਦਲ ਅਤੇ ਜਨਸੰਘ ਨੇ ਮਿਲ ਕੇ ਪੰਜਾਬ ਵਿੱਚ ਪਹਿਲੀ ਗ਼ੈਰਕਾਂਗਰਸੀ ਸਰਕਾਰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਜ਼ਰੂਰ ਬਣਾ ਲਈ।

**ਪੰਜਾਬੀ ਸੂਬੇ ਦਾ ਸੱਚ ਤੇ ਕੱਚ :**

ਪੰਜਾਬ ਸਰਕਾਰ ਵੱਲੋਂ ਪਹਿਲੀ ਨਵੰਬਰ ਤੋਂ ਪੰਜਾਬੀ ਸੂਬੇ ਦੀ ਸਥਾਪਨਾ ਦੀ ਗੋਲਡਨ ਜੁਬਲੀ ਮਨਾਈ ਜਾ ਰਹੀ ਹੈ। 50 ਸਾਲਾਂ ਦੌਰਾਨ ਪੰਜਾਬ ਵਿੱਚ ਦੋ ਨਵੀਆਂ ਪੀੜ੍ਹੀਆਂ ਆ ਚੁੱਕੀਆਂ ਹਨ, ਫਿਰ ਵੀ ਲੋਕਾਂ ਵਿੱਚ ਇਹ ਭਾਵਨਾ ਮੌਜੂਦ ਹੈ ਕਿ ਸੂਬੇ ਦੇ ਨਾਂ 'ਤੇ ਪੰਜਾਬੀਆਂ ਨੂੰ ਸੂਬੀ ਹੀ ਮਿਲੀ, ਇਸ ਲਈ ਜਸ਼ਨ ਕਿਉਂ ?

# ਕੈਪਟਨ ਫੇਰ ਪਏ ਨਰਮ, ਕਿਹਾ-ਬਾਦਲ ਨੂੰ ਹਰਾਉਣ ਲਈ ਸਿੱਧੂ ਸਮੇਤ ਸਾਰਿਆਂ ਦਾ ਸਵਾਗਤ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਚਨਚੇਤੀ ਯੂ-ਟਰਨ ਲੈਂਦਿਆਂ ਸਾਬਕਾ ਸੰਸਦ ਮੈਂਬਰ ਅਤੇ ਆਵਾਜ਼-ਏ-ਪੰਜਾਬ ਦੇ ਆਗੂ ਨਵਜੋਤ ਸਿੰਘ ਸਿੱਧੂ ਨੂੰ ਵੀ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਨਾ ਸਿਰਫ ਸ੍ਰੀ ਸਿੱਧੂ ਬਲਕਿ ਸਮੂਹ ਬਾਦਲ ਵਿਰੋਧੀ ਤਾਕਤਾਂ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ। ਉਹ ਇੱਥੇ ਵਿਧਾਨ ਸਭਾ ਹਲਕਾ ਰਾਜਾਸਾਂਸੀ ਅਤੇ ਅਟਾਰੀ ਦੀਆਂ ਦਾਣਾ ਮੰਡੀਆਂ ਦਾ ਦੌਰਾ ਕਰ ਰਹੇ ਸਨ। ਉਹ ਪਿਛਲੇ ਤਿੰਨ ਦਿਨਾਂ ਤੋਂ ਅੰਮ੍ਰਿਤਸਰ ਵਿੱਚ ਹਨ।

ਰਾਜਾਸਾਂਸੀ ਦਾਣਾ ਮੰਡੀ ਵਿੱਚ ਗੱਲਬਾਤ ਦੌਰਾਨ ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਕਾਂਗਰਸ ਵਿੱਚ ਉਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਦਾ ਸਵਾਗਤ ਹੈ, ਜੋ ਧਰਮ ਨਿਰਪੱਖ ਸੋਚ ਰੱਖਦੇ ਹਨ, ਲੋਕਾਂ ਨੂੰ ਵਧੀਆ ਸ਼ਾਸਨ ਦੇਣਾ ਚਾਹੁੰਦੇ ਹਨ ਅਤੇ ਕਾਂਗਰਸ ਦੀਆਂ ਨੀਤੀਆਂ ਦਾ ਸਮਰਥਨ ਕਰਦੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਸ੍ਰੀ ਸਿੱਧੂ ਸਮੇਤ ਆਵਾਜ਼-ਏ-ਪੰਜਾਬ ਦੇ ਸਾਰੇ ਆਗੂ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਕਾਂਗਰਸ ਨੇ ਬਾਦਲ ਵਿਰੋਧੀ ਤਾਕਤਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ ਤਾਂ ਜੋ ਪੰਜਾਬ ਦੀ ਬੇਹਤਰੀ ਲਈ ਇਕਜੁਟ ਹੋ ਕੇ ਕੰਮ ਕੀਤਾ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਵਿੱਚ ਕਾਂਗਰਸ ਪੱਖੀ ਹਵਾ ਚੱਲ ਰਹੀ ਹੈ ਅਤੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਉਨ੍ਹਾਂ ਨੂੰ ਸਮਰਥਨ ਦਿੱਤਾ ਹੈ।

ਦੱਸਣਯੋਗ ਹੈ ਕਿ ਬੀਤੇ ਦਿਨ ਕੈਪਟਨ ਨੇ ਸਿੱਧੂ ਜੋੜੇ ਨੂੰ ਅਨੁਸ਼ਾਸਨਹੀਣ ਆਗੂ ਕਰਾਰ ਦਿੰਦਿਆਂ ਆਖਿਆ ਸੀ ਕਿ ਅਜਿਹੇ ਲੋਕਾਂ ਲਈ ਕਾਂਗਰਸ ਵਿੱਚ ਕੋਈ ਥਾਂ ਨਹੀਂ ਹੈ। ਸੂਤਰਾਂ



ਅਨੁਸਾਰ ਕਾਂਗਰਸ ਵੱਲੋਂ ਸਿੱਧੂ ਅਤੇ ਉਨ੍ਹਾਂ ਦੇ ਸਾਥੀਆਂ ਦੀ ਕਾਂਗਰਸ ਵਿੱਚ ਸ਼ਮੂਲੀਅਤ ਲਈ ਯੋਜਨਾ ਤਿਆਰ ਕੀਤੀ ਗਈ ਹੈ, ਜਿਸ ਤਹਿਤ ਕਾਂਗਰਸ ਦੇ ਸੱਤਾ ਵਿੱਚ ਆਉਣ 'ਤੇ ਉਪ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਵਿੱਚ ਇਕ ਰਾਖਵਾਂ ਥਾਂ ਉਨ੍ਹਾਂ ਲਈ ਹੋਵੇਗਾ। ਜੇਕਰ ਕੈਪਟਨ ਸੰਸਦ ਦੀ ਸੀਟ ਛੱਡਦੇ ਹਨ ਤਾਂ ਇਹ ਸੀਟ ਵੀ ਨਵਜੋਤ ਸਿੰਘ ਸਿੱਧੂ ਵਾਸਤੇ ਹੋਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਬਾਰੇ ਗੱਲ ਕਰਦਿਆਂ ਦੋਸ਼ ਲਾਇਆ ਕਿ ਇਹ ਅਪਰਾਧੀਆਂ ਦੀ ਪਾਰਟੀ ਹੈ, ਜੋ ਪੰਜਾਬ ਨੂੰ ਆਪਣੇ ਹਿੱਤਾਂ ਲਈ ਵਰਤਣਾ ਚਾਹੁੰਦੇ ਹਨ ਪਰ ਪੰਜਾਬ ਦੇ ਲੋਕ ਇਨ੍ਹਾਂ ਤੋਂ ਜਾਣੂ ਹੋ ਚੁੱਕੇ ਹਨ। ਉਨ੍ਹਾਂ ਦੋਵਾਂ ਹਲਕਿਆਂ ਦੀਆਂ ਵੱਖ-ਵੱਖ ਦਾਣਾ ਮੰਡੀਆਂ ਦਾ ਦੌਰਾ ਕੀਤਾ ਅਤੇ ਮੰਡੀਆਂ ਵਿੱਚ ਝੋਨੇ ਦੀ ਹੋ ਰਹੀ ਖਰੀਦ ਬਾਰੇ ਜਾਣਕਾਰੀ ਲਈ।

## ਮੇਜਰ ਰਾਜਬੀਰ ਸਿੰਘ ਮੁੜ ਕਾਂਗਰਸ ਵਿੱਚ ਸ਼ਾਮਲ :

ਸਾਬਕਾ ਕਾਂਗਰਸੀ ਆਗੂ ਮੇਜਰ ਰਾਜਬੀਰ ਸਿੰਘ ਅਜਨਾਲਾ, ਜੋ ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ, ਦੀ ਘਰ ਵਾਪਸੀ ਦਾ ਕੈਪਟਨ ਅਮਰਿੰਦਰ ਸਿੰਘ ਨੇ ਸਵਾਗਤ ਕੀਤਾ। ਉਹ ਅਜਨਾਲਾ ਹਲਕੇ ਤੋਂ ਟਿਕਟ ਦੇ ਚਾਹਵਾਨ ਸਨ ਅਤੇ ਕਾਂਗਰਸ ਵੱਲੋਂ ਟਿਕਟ ਨਾ ਮਿਲਣ ਕਾਰਨ 'ਆਪ' ਵਿੱਚ ਚਲੇ ਗਏ ਸਨ। ਹੁਣ 'ਆਪ' ਨੇ ਵੀ ਅਜਨਾਲਾ ਹਲਕੇ ਤੋਂ ਕਿਸੇ ਹੋਰ ਉਮੀਦਵਾਰ ਨੂੰ ਟਿਕਟ ਦੇ ਦਿੱਤੀ ਹੈ। ਅਜਿਹੀ ਸਥਿਤੀ ਵਿੱਚ ਸ੍ਰੀ ਅਜਨਾਲਾ ਨੇ ਮੁੜ ਕਾਂਗਰਸ ਵਿੱਚ ਵਾਪਸੀ ਕਰ ਲਈ ਹੈ।

# ਫਿਰੌਤੀ ਮਾਮਲੇ ਵਿਚ 'ਆਪ' ਵਿਧਾਇਕ ਗੁਲਾਬ ਸਿੰਘ ਯਾਦਵ ਗ੍ਰਿਫ਼ਤਾਰ

**ਸੂਰਤ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਗੁਜਰਾਤ ਮਾਮਲਿਆਂ ਦੇ ਇੰਚਾਰਜ ਗੁਲਾਬ ਸਿੰਘ ਯਾਦਵ ਨੂੰ ਦਿੱਲੀ ਪੁਲੀਸ ਨੇ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਨ੍ਹਾਂ ਥਾਣੇ ਵਿਚ ਆਤਮ ਸਮਰਪਣ ਕਰ ਦਿੱਤਾ। ਉਨ੍ਹਾਂ ਖ਼ਿਲਾਫ਼ ਫਿਰੌਤੀ ਦੇ ਮਾਮਲੇ ਵਿਚ ਗ਼ੈਰਜ਼ਮਾਨਤੀ ਵਾਰੰਟ ਜਾਰੀ ਹੋਏ ਸਨ। ਇਹ ਗ੍ਰਿਫ਼ਤਾਰੀ ਉਸ ਸਮੇਂ ਹੋਈ ਹੈ ਜਦੋਂ ਕੁਝ ਘੰਟਿਆਂ ਬਾਅਦ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਲੇਠੀ ਰੈਲੀ ਹੋਣ ਵਾਲੀ ਸੀ। ਸ੍ਰੀ ਕੇਜਰੀਵਾਲ ਨੇ ਕਿਹਾ ਹੈ ਕਿ ਮਟਿਆਲਾ ਦੇ ਵਿਧਾਇਕ ਦੀ ਗ੍ਰਿਫ਼ਤਾਰੀ ਉਨ੍ਹਾਂ ਦੀ ਰੈਲੀ ਨੂੰ ਸਾਬੋਤਾਜ ਕਰਨ ਦੇ ਇਰਾਦੇ ਨਾਲ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਪ੍ਰਧਾਨ ਅਮਿਤ ਸ਼ਾਹ ਸੂਰਤ ਦੇ ਪ੍ਰੋਗਰਾਮ ਵਿਚ ਅੜਿੱਕੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਸੂਰਤ ਦੇ ਪੁਲੀਸ ਕਮਿਸ਼ਨਰ ਸਤੀਸ਼ ਸ਼ਰਮਾ ਨੇ ਦੱਸਿਆ ਕਿ ਸ੍ਰੀ ਯਾਦਵ ਪਹਿਲਾਂ ਹੀ ਉੜਮਾ ਥਾਣੇ ਵਿਚ ਪਹੁੰਚ ਗਏ ਸਨ ਅਤੇ ਉਨ੍ਹਾਂ ਨੂੰ ਦਿੱਲੀ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ। ਦਿੱਲੀ ਪੁਲੀਸ ਸ੍ਰੀ ਯਾਦਵ ਨੂੰ ਅਦਾਲਤ ਵਿਚ ਪੇਸ਼ ਕਰ ਕੇ ਉਨ੍ਹਾਂ ਨੂੰ ਦਿੱਲੀ ਲਿਜਾਣ ਲਈ ਟਰਾਂਜ਼ਿਟ ਰਿਮਾਂਡ ਲਏਗੀ। 'ਆਪ' ਵਿਧਾਇਕ ਨੇ ਕਿਹਾ ਕਿ 13 ਸਤੰਬਰ ਨੂੰ ਜਦੋਂ ਉਸ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਤਾਂ ਉਹ ਗੁਜਰਾਤ ਵਿਚ ਸਨ। 'ਪੁਲੀਸ ਨੇ ਮੇਰੇ ਦਫ਼ਤਰ 'ਤੇ ਛਾਪਾ ਵੀ ਮਾਰਿਆ ਅਤੇ ਉਥੋਂ ਕੋਈ ਵੀ ਇਤਰਾਜ਼ਯੋਗ ਦਸਤਾਵੇਜ਼ ਨਹੀਂ ਮਿਲੇ। ਕੇਂਦਰ ਸਰਕਾਰ 'ਆਪ' ਵਿਧਾਇਕਾਂ ਪਿੱਛੇ ਪਈ ਹੋਈ ਹੈ ਅਤੇ ਅਸੀਂ ਝੁਕਣ ਵਾਲੇ ਨਹੀਂ। ਹਰ ਹਾਲਤ ਦਾ ਸਾਹਮਣਾ ਕਰਨ ਲਈ ਅਸੀਂ ਤਿਆਰ ਹਾਂ।'

# ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਇੱਥੇ ਗੁਰੂ ਰਾਮਦਾਸ ਦਾ ਪ੍ਰਕਾਸ਼ ਦਿਹਾੜਾ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਭਾ ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ ਅੰਮ੍ਰਿਤ ਵੇਲੇ ਤੋਂ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤੇ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈਆਂ। ਸ਼ਾਮ ਨੂੰ ਰਹਿਰਾਸ ਮਗਰੋਂ ਆਤਿਸ਼ਬਾਜ਼ੀ ਕੀਤੀ ਗਈ ਅਤੇ ਸਮੂਹ ਇਮਾਰਤਾਂ 'ਤੇ ਦੀਪਮਾਲਾ ਕੀਤੀ ਗਈ। ਇਸ ਦਿਹਾੜੇ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਵੇਰੇ 8.30 ਤੋਂ ਦੁਪਹਿਰ 12 ਵਜੇ ਤਕ ਸੁੰਦਰ ਜਲੌਅ ਸਜਾਏ ਗਏ।

ਇਸ ਦੌਰਾਨ ਮੁੰਬਈ ਤੋਂ ਆਈ ਸਿੱਖ ਸੰਗਤ ਵੱਲੋਂ ਕੋਲਕਾਤਾ ਤੋਂ ਸੱਦੇ ਕਾਰੀਗਰਾਂ ਦੀ ਮਦਦ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਸੁੰਦਰ ਫੁੱਲਾਂ ਨਾਲ ਸਜਾਇਆ ਗਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਿਸ ਉਪਰੰਤ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਸੰਗਤਾਂ ਵਾਸਤੇ ਵਿਸ਼ੇਸ਼ ਪਕਵਾਨ ਤਿਆਰ ਕੀਤੇ ਗਏ ਸਨ। ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਵੀ ਲੰਗਰ ਲਾਏ ਗਏ ਸਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਦੱਸਿਆ ਕਿ ਲੱਖਾਂ ਦੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਪੁੱਜੀ। ਜ਼ਿਕਰਯੋਗ ਹੈ ਕਿ ਅਕਾਲੀ ਸਰਕਾਰ ਵੱਲੋਂ ਵੱਖ ਵੱਖ ਮੌਕਿਆਂ 'ਤੇ ਵੱਡੇ ਇਸ਼ਤਿਹਾਰਾਂ ਰਾਹੀਂ ਗੁਰਪੁਰਬ ਤੇ ਹੋਰ ਤਿਉਹਾਰਾਂ ਦੀ ਸੰਗਤ ਨੂੰ ਵਧਾਈ ਦਿੱਤੀ ਜਾਂਦੀ ਹੈ ਪਰ ਇਸ ਸਬੰਧੀ ਕੁਝ ਵੀ ਨਹੀਂ ਕੀਤਾ ਗਿਆ। ਸ਼ਹਿਰ ਦੀਆਂ ਪ੍ਰਮੁੱਖ ਇਮਾਰਤਾਂ ਜੋ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਪ੍ਰਬੰਧ ਹੇਠ ਹਨ, 'ਤੇ ਵੀ ਦੀਪਮਾਲਾ ਨਹੀਂ ਸੀ ਜਦਕਿ ਅੰਮ੍ਰਿਤਸਰ ਦੇ ਬਾਨੀ ਦਾ ਜਨਮ ਦਿਹਾੜਾ ਸਮੁੱਚੇ ਤੌਰ 'ਤੇ ਮਨਾਇਆ ਜਾਣਾ ਚਾਹੀਦਾ ਸੀ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨੇ ਆਖਿਆ ਕਿ ਭਵਿੱਖ ਵਿੱਚ ਪ੍ਰਕਾਸ਼ ਪੁਰਬ ਮੌਕੇ ਨਗਰ ਨਿਗਮ ਅਤੇ ਜ਼ਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਪਹਿਲਾਂ ਮੀਟਿੰਗ ਕਰ ਕੇ ਪ੍ਰਬੰਧ ਕੀਤੇ ਜਾਣਗੇ।



ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਅਲੌਕਿਕ ਨਜ਼ਾਰਾ

# ਕਾਰੀਗਰਾਂ ਨੇ ਵਿਦੇਸ਼ੀ ਫੁੱਲਾਂ ਨਾਲ ਸਜਾਇਆ ਸ੍ਰੀ ਦਰਬਾਰ ਸਾਹਿਬ

**ਅੰਮ੍ਰਿਤਸਰ/ਬਿਊਰੋ ਨਿਊਜ਼**

ਮੁੰਬਈ ਤੋਂ ਆਈ ਸਿੱਖ ਸੰਗਤ ਵੱਲੋਂ ਕਲਕੱਤਾ ਤੋਂ ਸੱਦੇ ਕਾਰੀਗਰਾਂ ਦੀ ਮਦਦ ਨਾਲ ਥਾਈਲੈਂਡ, ਮਲੇਸ਼ੀਆ ਤੇ ਹੋਰ ਮੁਲਕਾਂ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਮੰਗਵਾਏ ਫੁੱਲਾਂ ਨਾਲ ਕੀਤੀ ਗਈ ਸਜਾਵਟ ਨਾਲ ਸ੍ਰੀ ਦਰਬਾਰ ਸਾਹਿਬ ਦੀ ਸੁੰਦਰਤਾ ਹੋਰ ਵੱਧ ਗਈ ਹੈ। ਇਹ ਸਜਾਵਟ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਕੀਤੀ ਗਈ ਹੈ। ਪ੍ਰਕਾਸ਼ ਪੁਰਬ ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ 17 ਅਕਤੂਬਰ ਨੂੰ ਮਨਾਇਆ ਗਿਆ। ਲਗਭਗ 12 ਟਨ ਫੁੱਲਾਂ ਨਾਲ ਪ੍ਰਕਾਸ਼ ਪੁਰਬ ਸਬੰਧੀ ਪਰਿਕਰਮਾ, ਸ੍ਰੀ ਅਕਾਲ ਤਖ਼ਤ, ਦਰਸ਼ਨੀ ਡਿਉਢੀ, ਪੁਲ ਦੇ ਦੋਵੇਂ ਪਾਸੇ ਤੇ ਸ੍ਰੀ ਦਰਬਾਰ ਸਾਹਿਬ ਦੀ ਸਜਾਵਟ ਕੀਤੀ ਗਈ ਹੈ।



ਮੁੰਬਈ ਤੋਂ ਆਏ ਇਕਬਾਲ ਸਿੰਘ ਨੇ ਦੱਸਿਆ ਕਿ 10-12 ਦਿਨ ਪਹਿਲਾਂ ਮੁੰਬਈ ਤੋਂ ਲਗਭਗ ਸਵਾ ਸੌ ਸਿੱਖ ਸ਼ਰਧਾਲੂਆਂ ਦਾ ਜੱਥਾ ਇਥੇ ਪੁੱਜਾ ਸੀ। ਇਸ ਸਜਾਵਟ ਵਾਸਤੇ ਕਲਕੱਤਾ ਤੋਂ 40 ਕਾਰੀਗਰ ਵੀ ਮੰਗਵਾਏ ਗਏ ਹਨ। ਮੁੰਬਈ ਦੀ ਸੰਗਤ ਤੇ ਕਾਰੀਗਰਾਂ ਵੱਲੋਂ ਸਥਾਨਕ ਸੰਗਤ ਦੀ ਮਦਦ ਨਾਲ ਤਿੰਨ ਦਿਨਾਂ ਵਿੱਚ ਸਜਾਵਟ ਕੀਤੀ ਗਈ ਹੈ। ਇਸ ਵਾਸਤੇ ਮਲੇਸ਼ੀਆ ਅਤੇ ਥਾਈਲੈਂਡ ਤੋਂ ਤਿੰਨ-ਚਾਰ ਵਿਸ਼ੇਸ਼ ਕਿਸਮਾਂ ਦੇ ਫੁੱਲ ਮੰਗਵਾਏ ਗਏ ਹਨ। ਭਾਰਤ ਵਿੱਚੋਂ ਮਹਾਰਾਸ਼ਟਰ, ਮੱਧ ਪ੍ਰਦੇਸ਼, ਕਲਕੱਤਾ ਤੋਂ ਫੁੱਲ ਮੰਗਵਾਏ ਗਏ ਹਨ। ਕਈ ਥਾਂ ਲੰਮੀਆਂ ਲੜੀਆਂ ਅਤੇ ਕਈ ਥਾਵਾਂ 'ਤੇ ਗੁੱਛੇ ਦੇ ਰੂਪ ਵਿੱਚ ਸਜਾਵਟ ਕੀਤੀ ਗਈ ਹੈ। ਉਹ 2010 ਤੋਂ ਲਗਾਤਾਰ ਸਿੱਖ ਸੰਗਤ ਨਾਲ ਅੰਮ੍ਰਿਤਸਰ ਆ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਦੀ ਸਜਾਵਟ ਕਰ ਰਹੇ ਹਨ। ਇਸ ਸੇਵਾ ਲਈ ਉਨ੍ਹਾਂ ਨੂੰ ਜਥੇਦਾਰ ਬਾਬਾ ਕੁਲਵੰਤ ਸਿੰਘ ਹਜ਼ੂਰ ਸਾਹਿਬ ਵਾਲਿਆਂ ਨੇ ਪ੍ਰੇਰਿਤ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਮੁੰਬਈ ਦੀ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਜਾਵਟ ਦੀ ਇਹ ਸੇਵਾ ਪਿਛਲੇ ਕੁਝ ਸਾਲਾਂ ਤੋਂ ਸ਼ੁਰੂ ਕੀਤੀ ਗਈ ਹੈ, ਜਿਸ ਦਾ ਸਿੱਖ ਸੰਗਤ ਵਲੋਂ ਭਰਵੀਂ ਸ਼ਲਾਘਾ ਹੋਈ ਹੈ। ਦੱਸਣਯੋਗ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਪ੍ਰਕਾਸ਼ ਪੁਰਬ 9 ਅਕਤੂਬਰ ਨੂੰ ਮਨਾਇਆ ਗਿਆ ਸੀ।

# ਬਹਿਬਲ ਕਾਂਡ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ

## *ਪੰਥਕ ਆਗੂਆਂ ਨੇ ਸਰਬੱਤ ਖ਼ਾਲਸਾ ਦੀ ਸਫ਼ਲਤਾ 'ਤੇ ਜ਼ੋਰ ਦਿੱਤਾ*

**ਜੈਤੋ/ਬਿਊਰੋ ਨਿਊਜ਼ :** ਪਿੰਡ ਬਹਿਬਲ ਖੁਰਦ ਵਿੱਚ ਬਹਿਬਲ ਕਾਂਡ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਹੋਇਆ, ਜਿਸ ਵਿੱਚ ਮੁਤਵਾਜ਼ੀ ਜਥੇਦਾਰਾਂ ਤੋਂ ਇਲਾਵਾ ਪੰਥਕ ਜਥੇਬੰਦੀਆਂ ਦੇ ਕਈ ਵੱਡੇ ਆਗੂ ਪੁੱਜੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬੁਲਾਰੇ ਕੁਲਤਾਰ ਸਿੰਘ ਸੰਧਵਾਂ ਸਮੇਤ ਬਸਪਾ ਆਗੂ ਕਿੱਕਰ ਸਿੰਘ ਧਾਲੀਵਾਲ ਪੁੱਜੇ ਪਰ ਰਵਾਇਤੀ ਰਾਜਨੀਤਕ ਪਾਰਟੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਨੁਮਾਇੰਦੇ ਨੇ ਹਾਜ਼ਰੀ ਨਹੀਂ ਭਰੀ। ਇਸ ਮੌਕੇ ਪੰਥਕ ਆਗੂਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ 10 ਨਵੰਬਰ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਹੋਣ ਵਾਲੇ ਸਰਬੱਤ ਖ਼ਾਲਸਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੰਗਤ ਨੂੰ ਪੁੱਜਣ ਦਾ ਸੱਦਾ ਦਿੱਤਾ। ਇਸ ਮੌਕੇ ਬਹਿਬਲ ਕਾਂਡ ਦੇ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸਰਾਵਾਂ ਦੇ ਪਰਿਵਾਰਕ ਮੈਂਬਰ ਅਤੇ ਜ਼ਖ਼ਮੀ ਹੋਏ ਬੇਅੰਤ ਸਿੰਘ ਦਾ ਸਨਮਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਫ਼ਾਰਗ ਪੰਜ ਪਿਆਰੇ ਵੀ ਸਮਾਗਮ ਵਿੱਚ ਆਏ ਅਤੇ ਇਨ੍ਹਾਂ ਦੀ ਅਗਵਾਈ ਕਰਨ ਵਾਲੇ ਭਾਈ ਸਤਨਾਮ ਸਿੰਘ ਨੇ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਜਾਰੀ ਸੰਦੇਸ਼ ਤਹਿਤ ਕੌਮ ਦੀ ਇਕਮੁੱਠਤਾ ਜੁਟਾਉਣ ਦਾ ਯਤਨ ਕੀਤਾ। ਸਾਲ ਪਹਿਲਾਂ ਵਾਪਰੇ ਬਹਿਬਲ ਕਾਂਡ ਦਾ ਜ਼ਿਕਰ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਦਾ ਸ਼ਾਂਤਮਈ ਵਿਰੋਧ ਕਰਨ ਵਾਲੀ ਨਿਹੱਥੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਵਾਲਿਆਂ ਵਿਰੁੱਧ ਅਜੇ ਤੱਕ ਕਾਰਵਾਈ ਨਾ ਹੋਣਾ ਪੰਜਾਬ ਸਰਕਾਰ ਦੀ ਨਾਕਾਮੀ ਨੂੰ ਦਰਸਾਉਂਦਾ ਹੈ। ਬੁਲਾਰਿਆਂ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਪੜਤਾਲ 'ਤੇ ਕਿੰਤੂ-ਪ੍ਰੰਤੂ ਕਰਦਿਆਂ ਰਿਪੋਰਟ ਨੂੰ ਪੱਖਪਾਤੀ ਤੇ ਅਧੂਰੀ ਕਹਿ ਕੇ ਰੱਦ ਕਰ ਦਿੱਤਾ। ਉਨ੍ਹਾਂ ਜਸਟਿਸ (ਸੇਵਾਮੁਕਤ) ਮਾਰਕੰਡੇ ਕਾਟਜੂ ਕਮਿਸ਼ਨ ਵੱਲੋਂ ਘਟਨਾ ਦੀ ਕੀਤੀ ਪੜਤਾਲ ਨੂੰ ਦਰੁਸਤ ਕਹਿੰਦਿਆਂ ਸਰਕਾਰ ਨੂੰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਸਿਮਰਨਜੀਤ ਸਿੰਘ ਮਾਨ, ਕੈਪਟਨ ਹਰਚਰਨ ਸਿੰਘ ਖੰਡਾ, ਹਰਪਾਲ ਸਿੰਘ ਚੀਮ ਤੇ ਸਤਨਾਮ ਸਿੰਘ ਖੰਡਾ ਹਾਜ਼ਰ ਸਨ।



### *ਸਾਲ ਬੀਤ ਗਿਆ ਪਰ ਕਾਰਵਾਈ ਨਹੀਂ ਹੋਈ :*

*ਫ਼ਰੀਦਕੋਟ : ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਅਤੇ ਬਰਗਾੜੀ ਕਾਂਡ ਦੇ ਇੱਕ ਸਾਲ ਮਗਰੋਂ ਵੀ ਪੰਜਾਬ ਪੁਲੀਸ, ਸਰਕਾਰ ਤੇ ਸੀਬੀਆਈ ਦੇ ਹੱਥ ਖਾਲੀ ਹਨ। ਦੱਸਣਯੋਗ ਹੈ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਪਹਿਲੀ ਜੂਨ 2015 ਨੂੰ ਪਿੰਡ ਦੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋ ਗਿਆ ਸੀ ਅਤੇ ਇਸੇ ਦੇ ਪੱਤਰੇ ਪਿੰਡ ਬਰਗਾੜੀ ਵਿਚੋਂ ਮਿਲੇ ਸਨ। ਇਸ ਮਗਰੋਂ ਸੰਗਤ ਨੇ ਬੇਅਦਬੀ ਕਰਨ ਵਾਲਿਆਂ ਦੀ ਗ੍ਰਿਫ਼ਤਾਰੀ ਲਈ ਕੋਟਕਪੂਰਾ ਚੌਕ ਵਿਚ ਧਰਨਾ ਲਾ ਦਿੱਤਾ ਸੀ। ਪੁਲੀਸ ਨੇ ਇਹ ਧਰਨਾ ਚੁਕਵਾਉਣ ਲਈ 14 ਅਕਤੂਬਰ 2015 ਦੀ ਰਾਤ ਨੂੰ ਸਿੱਖਾਂ 'ਤੇ ਲਾਠੀਚਾਰਜ ਕਰ ਦਿੱਤਾ। ਲਾਠੀਚਾਰਜ ਤੋਂ ਭੜਕੇ ਸਿੱਖਾਂ ਨੇ ਪਿੰਡ ਬਹਿਬਲ ਕਲਾਂ ਕੋਲ ਸ਼ਾਂਤਮਈ ਤਰੀਕੇ ਨਾਲ ਸੜਕ 'ਤੇ ਚੱਕਾ ਜਾਮ ਕੀਤਾ ਸੀ ਤੇ ਪੁਲੀਸ ਵੱਲੋਂ ਜਾਮ ਖੁਲ੍ਹਵਾਉਣ ਲਈ ਸਿੱਖ ਸੰਗਤ ਉੱਪਰ ਗੋਲੀਆਂ ਚਲਾਉਣ ਨਾਲ ਗੁਰਜੀਤ ਸਿੰਘ ਸਰਾਵਾਂ ਅਤੇ ਕ੍ਰਿਸ਼ਨ ਭਗਵਾਨ ਸਿੰਘ ਸ਼ਹੀਦ ਹੋ ਗਏ ਸਨ। ਇਸ ਮਾਮਲੇ ਵਿਚ ਪੰਜਾਬ ਸਰਕਾਰ ਅਜੇ ਤੱਕ ਕਿਸੇ ਪੁਲੀਸ ਅਧਿਕਾਰੀ ਦੀ ਸ਼ਨਾਖ਼ਤ ਨਹੀਂ ਕਰ ਸਕੀ ਹੈ। ਸੂਤਰਾਂ ਅਨੁਸਾਰ ਕੋਤਾਹੀ ਵਰਤਣ ਵਾਲੇ ਅਫ਼ਸਰਾਂ ਨੂੰ ਕੁਝ ਸਮਾਂ ਪਹਿਲਾਂ ਚੁੱਪ-ਚੁਪੀਤੇ ਵਿਦੇਸ਼ ਭੇਜ ਦਿੱਤਾ ਸੀ ਤੇ ਸਖ਼ਤ ਵਿਰੋਧ ਮਗਰੋਂ ਇਨ੍ਹਾਂ ਅਧਿਕਾਰੀਆਂ ਨੂੰ ਵਾਪਸ ਆਉਣਾ ਪਿਆ ਸੀ। ਪੰਜਾਬ ਸਰਕਾਰ ਇਨ੍ਹਾਂ ਅਧਿਕਾਰੀਆਂ ਨੂੰ ਚੁੱਪ ਚੁਪੀਤੇ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਦੇਣ ਬਾਰੇ ਵਿਚਾਰ ਕਰ ਰਹੀ ਹੈ।*

# ਮੁੰਬਈ ਦੀ ਇਕ ਗੁਰਦੁਆਰਾ ਕਮੇਟੀ ਵਲੋਂ 'ਦਸਮ ਪ੍ਰਕਾਸ਼ ਯਾਤਰਾ' ਕੱਢੇ ਜਾਣ ਦਾ ਬਾਕੀ ਕਮੇਟੀਆਂ ਵਲੋਂ ਵਿਰੋਧ

## ਸਿੰਘ ਸਭਾ ਦਾਦਰ ਬੰਬਈ ਵਲੋਂ ਮਨਮਤਿ ਰੋਕਣ ਲਈ ਅਕਾਲ ਤਖ਼ਤ ਅੱਗੇ ਅਪੀਲ

**ਮੁੰਬਈ/ਬਿਊਰੋ ਨਿਊਜ਼ :** ਮੁੰਬਈ ਦੇ ਸ੍ਰੀ ਗੁਰੂ ਸਿੰਘ ਸਭਾ, ਮੁੰਬਈ ਦਾਦਰ ਦੀ ਕਮੇਟੀ ਦੇ ਪ੍ਰਧਾਨ ਰਘਬੀਰ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਮੁੰਬਈ ਦੀ ਇਕ ਗੁਰਦੁਆਰਾ ਕਮੇਟੀ ਵਲੋਂ 'ਦਸਮ ਪ੍ਰਕਾਸ਼ ਯਾਤਰਾ' ਕੱਢਣ ਦਾ ਐਲਾਨ ਕਰ ਕੇ ਘੋਰ ਮਨਮਤਿ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਆਪ ਜੀ ਭਲੀ ਭਾਂਤ ਜਾਣਦੇ ਹੋ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਸ਼ਤਾਬਦੀ ਗੁਰਪੁਰਬ ਨੂੰ ਸਮਰਪਿਤ ਜਾਗ੍ਰਿਤੀ ਯਾਤਰਾ ਪੰਥਕ ਤੌਰ 'ਤੇ ਤਖ਼ਤ ਸ੍ਰੀ ਹਰਮੰਦਰ ਸਾਹਿਬ ਜੀ, ਪਟਨਾ ਸਾਹਿਬ ਤੋਂ 13 ਅਕਤੂਬਰ ਨੂੰ ਸ਼ੁਰੂ ਹੋ ਚੁੱਕੀ ਹੈ।'

ਸ. ਰਘਬੀਰ ਸਿੰਘ ਨੇ ਕਿਹਾ ਕਿ ਮੁੰਬਈ, ਨਵੀਂ ਮੁੰਬਈ ਖੇਤਰ ਦੇ 100 ਤੋਂ ਵੱਧ ਗੁਰਦੁਆਰਿਆਂ ਵਿਚ ਕੇਵਲ 3 ਗੁਰਦੁਆਰਿਆਂ ਦੇ ਕੁੱਝ ਪ੍ਰਤੀਨਿਧਾਂ ਵਲੋਂ ਆਪਹੁਦਰੀ ਕਰ ਕੇ, ਪ੍ਰਕਾਸ਼ ਦਿਵਸ ਮੌਕੇ 21 ਅਕਤੂਬਰ ਨੂੰ ਹਜ਼ੂਰ ਸਾਹਿਬ ਤੋਂ ਮੁੰਬਈ ਲਈ 'ਸ੍ਰੀ ਦਸਮ ਪ੍ਰਕਾਸ਼ ਯਾਤਰਾ' ਕੱਢੀ ਜਾ ਰਹੀ ਹੈ। ਨਗਰ ਕੀਰਤਨ ਦੀ ਮਰਿਆਦਾ ਅਨੁਸਾਰ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਜਾਣਾ ਚਾਹੀਦਾ ਹੈ ਪਰ ਉਸ ਦੀ ਥਾਂ ਉਪਰੋਕਤ ਸੱਜਣਾਂ ਵਲੋਂ 'ਦਸਮ ਪ੍ਰਕਾਸ਼ ਯਾਤਰਾ' ਵਿਚ ਦਸਮ ਗ੍ਰੰਥ ਦੀ ਗੁਰੂ ਗ੍ਰੰਥ ਸਾਹਿਬ ਨਾਲ ਬਰਾਬਰੀ ਕਰਨਾ ਗੁਰਮਤਿ ਮਰਿਆਦਾ ਦੀ ਘੋਰ ਉਲੰਘਣਾ ਹੈ। ਇਸ ਨਾਲ ਸੰਸਾਰ ਭਰ ਦੀ ਸਿੱਖ ਸੰਗਤ ਲਈ ਦੁਚਿੱਤੀ/ਦੁਬਿਧਾ ਦਾ ਸਮਾਂ ਬਣਿਆ ਹੋਇਆ ਹੈ ਅਤੇ ਇਸ ਨਾਲ ਸਿੱਖ ਸੰਗਤਾਂ ਵਿਚ ਆਪਸੀ ਭਾਈਚਾਰੇ ਦਾ ਮਾਹੌਲ ਵੀ ਖ਼ਰਾਬ ਹੋ ਸਕਦਾ ਹੈ। ਚਿੱਠੀ ਵਿਚ ਲਿਖਿਆ ਹੈ, 'ਆਪ ਜੀ ਫ਼ੌਰੀ ਕਦਮ ਚੁਕਦੇ ਹੋਏ ਇਸ ਮਸਲੇ ਦਾ ਹੱਲ ਲੱਭ ਕੇ ਢੁਕਵੀਂ ਕਾਰਵਾਈ ਕਰੋ ਤਾਂ ਕਿ ਸੰਸਾਰ ਭਰ ਦੀਆਂ ਸਿੱਖ ਸੰਗਤਾਂ ਵਿਚ ਭਾਈਚਾਰਕ ਮਾਹੌਲ ਖ਼ਰਾਬ ਨਾ ਹੋਵੇ ਅਤੇ ਸਿੱਖ ਸੰਗਤ ਨੂੰ ਦੁਚਿੱਤੀ/ਦੁਬਿਧਾ ਦੇ ਹਨੇਰੇ ਤੋਂ ਬਚਾਇਆ ਜਾ ਸਕੇ। ਆਪ ਜੀ ਨੂੰ ਪਤਾ ਹੀ ਹੈ ਕਿ ਅਕਾਲ ਤਖ਼ਤ ਸਾਹਿਬ ਨੇ ਮਿਤੀ 6 ਜੂਨ, 2008 ਨੂੰ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਤਾਗੱਦੀ ਦਿਵਸ ਮੌਕੇ ਹੁਕਮਨਾਮਾ ਜਾਰੀ ਕਰ ਕੇ ਸਪਸ਼ਟ ਤੌਰ 'ਤੇ ਕੌਮ ਨੂੰ ਆਦੇਸ਼ ਦਿਤਾ ਹੈ ਕਿ 'ਸਿੱਖ ਪੰਥ ਨੇ ਹਰ ਕੌਮੀ ਸੰਕਟ ਦੇ ਨਿਵਾਰਨ ਲਈ ਜੁਗੋ-ਜੁਗ ਅਟੱਲ ਸਾਹਿਬ ਗੁਰੂ ਗ੍ਰੰਥ ਸਾਹਿਬ ਤੋਂ ਰਹਿਨੁਮਾਈ ਗ੍ਰਹਿਣ ਕੀਤੀ ਹੈ। ਦਸਮ ਗ੍ਰੰਥ ਸਬੰਧੀ ਖੜ੍ਹਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ।"

ਰਘਬੀਰ ਸਿੰਘ ਨੇ ਕਿਹਾ ਕਿ ਸਿੱਖ ਪੰਥ ਵਲੋਂ ਦਸਮ ਗ੍ਰੰਥ ਦੀਆਂ ਜਿਨ੍ਹਾਂ ਰਚਨਾਵਾਂ ਨੂੰ ਰਹਿਤ ਮਰਿਆਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁਕਾ ਹੈ, ਉਨ੍ਹਾਂ ਬਾਰੇ ਕਿਸੇ ਨੂੰ ਵੀ ਵਾਦ-ਵਿਵਾਦ ਖੜ੍ਹਾ ਕਰਨ ਦਾ ਕੋਈ ਅਧਿਕਾਰ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾਗੱਦੀ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਬਖ਼ਸ਼ੀ ਹੈ। ਇਸ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਕਰਨ ਘੋਰ ਮਨਮਤਿ ਹੈ। ਰਘਬੀਰ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਲੋੜੀਂਦੀ ਕਾਰਵਾਈ ਕੀਤੀ ਜਾਵੇ।

# ਪਾਕਿਸਤਾਨ ਸਕੂਲ ਸਮੂਹ ਨੇ ਪੰਜਾਬੀ ਨੂੰ 'ਖ਼ਰਾਬ' ਦੱਸ ਕੇ ਲਾਈ ਪਾਬੰਦੀ

**ਲਾਹੌਰ/ਬਿਊਰੋ ਨਿਊਜ਼ :** ਪਾਕਿਸਤਾਨ ਵਿੱਚ ਸਾਬਕਾ ਵਿਦੇਸ਼ ਮੰਤਰੀ ਖ਼ੁਰਸ਼ੀਦ ਮਹਿਮੂਦ ਕਸੂਰੀ ਦੀ ਮਾਲਕੀ ਵਾਲੇ ਪ੍ਰਾਈਵੇਟ ਸਕੂਲਾਂ ਦੇ ਇਕ ਸਮੂਹ ਵੱਲੋਂ ਪੰਜਾਬੀ ਨੂੰ ਖ਼ਰਾਬ ਭਾਸ਼ਾ ਕਰਾਰ ਦਿੰਦਿਆਂ ਸਕੂਲ ਕੈਂਪਸ ਦੇ ਅੰਦਰ ਤੇ ਬਾਹਰ ਇਸ ਉਪਰ ਪਾਬੰਦੀ ਲਗਾ ਦਿੱਤੀ ਗਈ ਹੈ। ਵੱਡੀ ਗਿਣਤੀ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਹੈ। ਦਿ ਬਿਕਨਹਾਊਸ ਸਕੂਲ ਸਮੂਹ ਨੇ ਹਾਲ ਹੀ ਦੌਰਾਨ ਮਾਪਿਆਂ ਲਈ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬੀ ਨੂੰ ਬੱਚਿਆਂ ਤੇ ਮਾਤਾ-ਪਿਤਾ ਲਈ ਖ਼ਰਾਬ ਭਾਸ਼ਾ ਕਰਾਰ ਦਿੱਤਾ ਹੈ। ਨੋਟੀਫਿਕੇਸ਼ਨ ਦੇ ਪੰਜਵੇਂ ਪੁਆਇੰਟ ਵਿੱਚ ਕਿਹਾ ਗਿਆ ਹੈ ਕਿ ਖ਼ਰਾਬ ਭਾਸ਼ਾ ਦੀ ਸਕੂਲ ਸਮੇਂ, ਘਰ ਵਿੱਚ, ਸਕੂਲ ਕੈਂਪਸ ਦੇ ਅੰਦਰ ਤੇ ਬਾਹਰ ਬੋਲਣ ਦੀ ਇਜਾਜ਼ਤ ਨਹੀਂ ਹੈ। ਨੋਟਿਸ ਵਿੱਚ ਤਾਅਨੇ, ਗਾਲ੍ਹਾਂ, ਪੰਜਾਬੀ ਤੇ ਨਫ਼ਰਤ ਫੈਲਾਉਣ ਵਾਲੇ ਭਾਸ਼ਨ ਨੂੰ ਖ਼ਰਾਬ ਭਾਸ਼ਾ ਕਰਾਰ ਦਿੱਤਾ ਗਿਆ ਹੈ। ਕਈ ਮਾਪੇ, ਪ੍ਰਮੁੱਖ ਪੰਜਾਬੀ ਭਾਸ਼ਾ ਕਾਰਕੁਨ ਤੇ ਸਹਿਤਕਾਰਾਂ ਨੇ ਸਕੂਲ ਪ੍ਰਸ਼ਾਸਨ ਨੇ ਇਸ

**ਬਾਕੀ ਸਫ਼ਾ 32 'ਤੇ**

# ਡਾ. ਮਨਮੋਹਨ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਬੀਬੀ ਗੁਰਸ਼ਰਨ ਕੌਰ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਉਹ ਇੱਥੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਏ ਹਨ। ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਉਪਰੰਤ ਉਨ੍ਹਾਂ ਕੁਝ ਸਮਾਂ ਬੈਠ ਕੇ ਗੁਰਬਾਣੀ ਦਾ ਕੀਰਤਨ ਸੁਣਿਆ। ਉਹ ਲਗਭਗ ਅੱਧਾ



ਘੰਟਾ ਸ੍ਰੀ ਹਰਿਮੰਦਰ ਸਾਹਿਬ ਰਹੇ ਅਤੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿੱਚ ਜਾ ਕੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨਾਲ ਗੱਲਬਾਤ ਵੀ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਕੱਤਰ ਮਨਜੀਤ ਸਿੰਘ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ, ਨਿੱਜੀ ਸਹਾਇਕ ਪਰਮਜੀਤ ਸਿੰਘ ਤੇ ਸੁਲੱਖਣ ਸਿੰਘ ਮੈਨੇਜਰ ਨੇ ਸਾਬਕਾ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਡਾ. ਮਨਮੋਹਨ ਸਿੰਘ ਨੇ ਯਾਤਰੂ ਬੁੱਕ ਵਿੱਚ ਲਿਖਿਆ ਕਿ ਦੁਨੀਆਂ ਦੇ ਸਾਰੇ ਧਾਰਮਿਕ ਅਸਥਾਨ ਅਤਿ-ਸਤਿਕਾਰਤ ਹਨ ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ਹੈ' ਇਹ ਉਹ ਮੁਕੱਦਸ ਅਸਥਾਨ ਹੈ, ਜਿਥੇ ਆ ਕੇ ਮਨ ਤ੍ਰਿਪਤ ਹੋ ਜਾਂਦਾ ਹੈ ਉਨ੍ਹਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾ, ਲੋਈ ਤੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਭਰਾ ਸੁਰਜੀਤ ਸਿੰਘ ਕੋਹਲੀ ਵੀ ਹਾਜ਼ਰ ਸਨ।

# ਗੁਰਦੁਆਰਾ ਸਾਹਿਬ 'ਚ ਪ੍ਰਨੀਤ ਕੌਰ ਦੇ ਸਨਮਾਨ ਲਈ ਸਹਿਮਤੀ ਨਹੀਂ ਦਿੱਤੀ : ਸਿੱਖ ਜਥੇਬੰਦੀ

**ਲੰਡਨ/ਬਿਊਰੋ ਨਿਊਜ਼ :** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਨੇ ਕੁੱਝ ਲੋਕਾਂ ਵਲੋਂ ਭੁਲੇਖਾ ਪਾਊ ਪ੍ਰਚਾਰ ਨੂੰ ਰੱਦ ਕਰਦਿਆਂ ਸਪਸ਼ਟ ਕੀਤਾ ਕਿ ਸਾਊਥਾਲ ਗੁਰਦੁਆਰਾ ਸਾਹਿਬ ਵਿੱਚ ਕਾਂਗਰਸੀ ਆਗੂ ਪ੍ਰਨੀਤ ਕੌਰ ਨੂੰ ਸਨਮਾਨਿਤ ਕਰਨ ਵਿੱਚ ਉਨ੍ਹਾਂ ਵਲੋਂ ਕੋਈ ਸਹਿਮਤੀ ਨਹੀਂ ਦਿੱਤੀ ਗਈ ਅਤੇ ਨਾ ਹੀ ਕਦੇ ਸਿੱਖ ਵਿਰੋਧੀਆਂ ਦੇ ਹੱਕ ਵਿੱਚ ਉਹ ਭੁਗਤ ਸਕਦੇ ਹਨ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਇਸ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਸਿੱਖ ਜਥੇਬੰਦੀਆਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਇਹ ਕੇਵਲ ਕਮੇਟੀ ਦਾ ਆਪਣਾ ਫੈਸਲਾ ਹੋ ਸਕਦਾ ਹੈ। ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਬ੍ਰਮਿੰਘਮ ਵਿਖੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੀ ਵਿਸ਼ੇਸ਼ ਇਕੱਤਰਤਾ ਹੋਈ ਸੀ, ਜਿਸ ਵਿੱਚ ਪ੍ਰਨੀਤ ਕੌਰ ਦੇ ਇਸ ਸੰਭਾਵੀ ਸਨਮਾਨ ਬਾਰੇ ਵਿਚਾਰਿਆ ਗਿਆ ਸੀ। ਮੀਟਿੰਗ ਵਿੱਚ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਗੁਰਦੇਵ ਸਿੰਘ ਚੌਹਾਨ ਦੀ ਕਮੇਟੀ ਮੈਂਬਰਾਂ ਨਾਲ ਇਸ ਵਿਸ਼ੇ 'ਤੇ ਗੱਲ ਕਰਨ ਦੀ ਜ਼ਿੰਮੇਵਾਰੀ ਲਾਈ ਗਈ ਗਈ ਸੀ ਜਿਨ੍ਹਾਂ ਨੇ ਕਮੇਟੀ ਦੇ ਮੋਹਤਬਰ ਵਿਅਕਤੀਆਂ ਨਾਲ ਜਦੋਂ ਗੱਲ ਕੀਤੀ ਤਾਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਅਜਿਹਾ ਬਿਲਕੁਲ ਨਹੀਂ ਹੋਵੇਗਾ ਕਿਉਂਕਿ ਕਾਂਗਰਸ ਸਿੱਖਾਂ ਦੀ ਦੁਸ਼ਮਣ ਨੰਬਰ ਇੱਕ ਜਮਾਤ ਹੈ ਪਰ ਜਦੋਂ ਪਤਾ ਗੱਲਾ ਕਿ ਉਸ ਨੂੰ ਸਨਮਾਨਤ ਕਰ ਦਿੱਤਾ ਗਿਆ ਤਾਂ ਬਹੁਤ ਹੀ ਦੁੱਖ ਲਗਾ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ. ਵਿੱਚ ਸ਼ਾਮਲ ਸਿੱਖ ਜਥੇਬੰਦੀਆਂ ਸਿੱਖ ਫੈਡਰੇਸ਼ਨ ਯੂ.ਕੇ. ਭਾਈ ਅਮਰੀਕ ਸਿੰਘ ਗਿੱਲ, ਬੱਬਰ ਅਕਾਲੀ ਜਥੇਬੰਦੀ ਯੂ.ਕੇ. ਭਾਈ ਬਲਬੀਰ ਸਿੰਘ, ਯੂਨਾਈਟਿਡ ਖਾਲਸਾ ਦਲ ਯੂ.ਕੇ. ਭਾਈ ਨਿਰਮਲ ਸਿੰਘ ਸੰਧੂ, ਬ੍ਰਿਟਿਸ਼ ਸਿੱਖ ਕੌਂਸਲ ਭਾਈ ਤਰਸੇਮ ਸਿੰਘ ਦਿਓਲ, ਧਰਮ ਯੁੱਧ ਜਥਾ ਦਮਦਮੀ ਟਕਸਾਲ ਭਾਈ ਚਰਨ ਸਿੰਘ, ਦਲ ਖਾਲਸਾ ਯੂ.ਕੇ. ਭਾਈ ਮਨਮੋਹਣ ਸਿੰਘ ਖਾਲਸਾ, ਖਾਲਿਸਤਾਨ ਜਲਾਵਤਨ ਸਰਕਾਰ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਯੂ.ਕੇ. ਭਾਈ ਗੁਰਦੇਵ ਸਿੰਘ ਚੌਹਾਨ, ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਭਾਈ ਸਮਸ਼ੇਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਭਾਈ ਜਸਪਾਲ ਸਿੰਘ ਬੈਂਸ ਵਲੋਂ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਗੁਰਮਤਿ ਦੇ ਧਾਰਨੀ ਗੁਰਸਿੱਖਾਂ ਦੇ ਹਾਵਾਲੇ ਕਰਨ ਲਈ ਯਤਨ ਕੀਤੇ ਜਾਣ।

# ਮੁੰਬਈ ਦੀ ਸੁਰਜੀਤ ਕੌਰ ਨੇ ਦਰਬਾਰ ਸਾਹਿਬ ਲਈ ਸੋਨੇ ਦਾ ਹਾਰ ਦੀ ਸੇਵਾ ਕਰਵਾਈ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮੁੰਬਈ ਵਾਸੀ ਬੀਬੀ ਸੁਰਜੀਤ ਕੌਰ ਨੇ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਖੰਡੇ ਸਮੇਤ ਸੋਨੇ ਦੇ ਹਾਰ (ਸਿਹਰਾ ਪੱਟੀ) ਦੀ ਸੇਵਾ ਕਰਵਾਈ। ਇਹ ਸੋਨੇ ਦਾ ਹਾਰ ਲਗਭਗ 985 ਗ੍ਰਾਮ ਵਜ਼ਨ ਦਾ ਹੈ ਅਤੇ ਇਸ ਦਾ ਮੁੱਲ ਕਰੀਬ 32 ਲੱਖ ਰੁਪਏ ਹੈ। ਇਹ ਬੀਬੀ ਪਹਿਲਾਂ ਵੀ ਗੁਰੂ ਘਰ ਵਾਸਤੇ ਕਈ ਅਜਿਹੀਆਂ ਵਸਤਾਂ ਭੇਟ ਕਰ ਚੁੱਕੇ ਹਨ।

ਗੁਰੂ ਘਰ ਲਈ ਕੀਤੀ ਭੇਟਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਉਨ੍ਹਾਂ ਨੂੰ ਸਿਰੋਪਾ, ਲੋਈ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਦੱਸਿਆ ਕਿ ਬੀਬੀ ਸੁਰਜੀਤ ਕੌਰ ਨੇ ਸੋਨੇ ਦਾ ਇਹ ਹਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਜਾਏ ਜਾਂਦੇ ਚੰਦੋਏ 'ਤੇ ਲਾਉਣ ਵਾਸਤੇ ਤਿਆਰ ਕਰਵਾਇਆ ਹੈ, ਜਿਸ ਦਾ ਵਜ਼ਨ ਲਗਭਗ 985 ਗ੍ਰਾਮ ਹੈ ਅਤੇ ਇਹ 24 ਕੈਰੇਟ ਸੋਨੇ ਵਿੱਚ ਕਰੀਬ 32 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਹੈ। ਇਸ ਵਿੱਚ ਸੋਨੇ ਦਾ ਖੰਡਾ ਵੀ ਬਣਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਬੀਬੀ ਨੇ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ਲਈ ਸੋਨੇ ਦੇ ਛੱਬੇ ਤੇ ਝਾਲਰਾਂ ਦੀ ਸੇਵਾ ਕਰਵਾਈ ਸੀ, ਜੋ ਹਰ ਰੋਜ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੰਦੋਏ ਦੇ ਨਾਲ ਲੱਗਦੇ ਹਨ। ਇਸ ਤੋਂ ਇਲਾਵਾ ਵੀ ਉਨ੍ਹਾਂ ਨੇ ਸੋਨੇ, ਚਾਂਦੀ ਦੀਆਂ ਕਈ ਵਸਤਾਂ ਭੇਟ ਕੀਤੀਆਂ ਹਨ। ਬੀਬੀ ਸੁਰਜੀਤ ਕੌਰ ਨੇ ਕਿਹਾ ਕਿ ਉਹ ਗੁਰੂ ਘਰ ਦੀ ਸ਼ਰਧਾਲੂ ਹੈ ਅਤੇ ਹਿੱਸੇ ਆਈ ਸੇਵਾ ਲਈ ਗੁਰੂ ਘਰ ਦਾ ਸ਼ੁਕਰਾਨਾ ਕਰਦੀ ਹੈ। ਇਸ ਮੌਕੇ ਭਾਈ ਸਤਨਾਮ ਸਿੰਘ ਅਰਦਾਸੀਏ ਨੇ ਅਰਦਾਸ ਕੀਤੀ ਅਤੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਬੀਬੀ ਨੂੰ ਸਿਰੋਪਾ ਦਿੱਤਾ।



ਬੀਬੀ ਸੁਰਜੀਤ ਕੌਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਲਈ ਸੋਨੇ ਦੇ ਹਾਰ ਭੇਟ ਕੀਤੇ ਜਾਣ ਦਾ ਦ੍ਰਿਸ਼।

# ਬਰਤਾਨਵੀ ਪੁਲੀਸ ਨੇ ਲਮਿੰਗਟਨ ਗੁਰਦੁਆਰੇ ਤੋਂ ਗ੍ਰਿਫ਼ਤਾਰ 50 ਸਿੱਖ ਨੌਜਵਾਨਾਂ ਦੀਆਂ ਜ਼ਮਾਨਤਾਂ ਖ਼ਤਮ ਕੀਤੀਆਂ




**ਲੰਡਨ/ਬਿਊਰੋ ਨਿਊਜ਼ :** ਇੰਗਲੈਂਡ ਦੇ ਸ਼ਹਿਰ ਲਮਿੰਗਟਨ ਸਪਾ ਵਿਖੇ 11 ਸਤੰਬਰ ਨੂੰ ਹੋਣ ਜਾ ਰਹੇ ਅੰਤਰ ਧਰਮੀ (ਇੰਟਰ ਫੇਥ) ਅਨੰਦ ਕਾਰਜ ਨੂੰ ਰੋਕਣ ਲਈ ਪੁੱਜੇ ਜਿਨ੍ਹਾਂ 55 ਸਿੱਖ ਨੌਜਵਾਨਾਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਸੀ ਤੇ ਮਗਰੋਂ ਨਿੱਜੀ ਮੁਚੱਲਕਿਆਂ 'ਤੇ ਸ਼ਰਤਾਂ ਤਹਿਤ ਰਿਹਾਅ ਕਰ ਦਿੱਤਾ ਗਿਆ ਸੀ, ਹੁਣ ਕੋਈ ਪੁਖਤਾ ਸਬੂਤ ਨਾ ਮਿਲਣ ਕਾਰਨ ਪੁਲੀਸ ਨੇ ਕਰੀਬ 50 ਸਿੱਖ ਨੌਜਵਾਨਾਂ ਦੀਆਂ ਜ਼ਮਾਨਤਾਂ ਖਤਮ ਕਰ ਦਿੱਤੀਆਂ ਹਨ। ਇਨ੍ਹਾਂ ਨੂੰ ਵੱਖ ਵੱਖ ਤਰੀਕਾਂ 'ਤੇ ਪੁਲੀਸ ਥਾਣੇ ਵਿੱਚ ਸੱਦਿਆ ਗਿਆ ਸੀ। ਇਸ ਕਾਰਵਾਈ ਨਾਲ ਗ੍ਰਿਫ਼ਤਾਰ ਕੀਤੇ ਗਏ ਸਿੱਖ ਨੌਜਵਾਨਾਂ ਨੂੰ ਕਾਫੀ ਰਾਹਤ ਮਿਲੀ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਜਰਨਲ ਸਕੱਤਰ ਸ੍ਰ. ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਨੌਜਵਾਨਾਂ ਦੀਆਂ ਜ਼ਮਾਨਤਾਂ ਖ਼ਤਮ ਕਰਨ ਦਾ ਸਵਾਗਤ ਕਰਦਿਆਂ ਆਖਿਆ ਕਿ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋ ਕੇ ਸਿਮਰਨ ਕਰ ਰਹੇ ਇਨ੍ਹਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨਾ ਹੀ ਗਲਤ ਸੀ। ਇਸ ਸਬੰਧੀ ਸਿੱਖ ਆਗੂਆਂ ਵਲੋਂ ਪੁਲੀਸ ਨੂੰ ਸਿੱਖ ਧਾਰਮਿਕ ਰਹੁਰੀਤਾਂ, ਮਰਿਆਦਾ ਅਤੇ ਨੌਜਵਾਨਾਂ ਦੀਆਂ ਨਿਸ਼ਕਾਮ ਭਾਵਨਾਵਾਂ ਸਬੰਧੀ ਜਾਣਕਾਰੀ ਦਿੱਤੀ ਗਈ ਸੀ। ਯੂਨਾਈਟਿਡ ਖਾਲਸਾ ਦਲ ਯੂ.ਕੇ. ਸਮੇਤ ਯੂ.ਕੇ. ਦੀਆਂ ਸਮੂਹ ਸਿੱਖ ਜਥੇਬੀਦੀਆਂ ਵਲੋਂ ਸਿੱਖ ਨੌਜਵਾਨਾਂ ਦੀਆਂ ਕੌਮੀ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਡੱਟ ਕੇ ਸਮਰਥਨ ਕੀਤਾ ਗਿਆ ਸੀ ਕਿਉਂਕਿ ਨੌਜਵਾਨ ਕਿਸੇ ਵੀ ਪੱਖ ਤੋਂ ਗਲਤ ਨਹੀਂ ਸਨ। ਜ਼ਿਕਰਯੋਗ ਹੈ ਕਿ ਸਿੱਖ ਸਿਧਾਂਤਾਂ, ਸਿੱਖ ਫਲਸਫੇ ਅਤੇ ਸਾਹਿਬ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਬਣਾਈ ਮਰਿਆਦਾ ਅਨੁਸਾਰ ਅਨੰਦ ਕਾਰਜ ਕੇਵਲ ਸਿੱਖ ਬੱਚੇ-ਬੱਚੀ ਦਾ ਹੀ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਇੰਗਲੈਂਡ ਵਿੱਚ ਵਾਪਰੀ ਇਸ ਘਟਨਾ ਨੂੰ ਹਿੰਦੂਤਵੀ ਮੀਡੀਏ ਵਲੋਂ ਬਹੁਤ ਉਛਾਲਿਆ ਗਿਆ ਸੀ ਅਤੇ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਗਿਆ ਸੀ। ਇਸ ਗੱਲ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਸਿੱਖ ਨੌਜਵਾਨ ਅੰਤਰ ਜਾਤੀ ਅਨੰਦ ਕਾਰਜਾਂ ਦਾ ਵਿਰੋਧ ਕਰ ਰਹੇ ਹਨ, ਜਦਕਿ ਇਹ ਅੰਤਰ ਧਰਮ ਦਾ ਮਸਲਾ ਹੈ।

# ਭਾਰਤ-ਪਾਕਿ ਤਣਾਅ ਦੇ ਚਲਦਿਆਂ ਸਿੱਖਾਂ ਨੇ ਸੰਯੁਕਤ ਰਾਸ਼ਟਰ ਦੇ ਬਾਹਰ ਕੀਤਾ ਪ੍ਰਦਰਸ਼ਨ

## 'ਸਿੱਖਸ ਫਾਰ ਜਸਟਿਸ' ਵਲੋਂ ਪੰਜਾਬ ਵਿੱਚ ਰਾਇਸ਼ੁਮਾਰੀ ਦੀ ਮੰਗ




ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਹੈੱਡ ਕੁਆਰਟਰ ਦੇ ਬਾਹਰ ਪ੍ਰਦਰਸ਼ਨ ਕਰਦੇ ਹੋਏ ਸਿੱਖ।

**ਨਿਊਯਾਰਕ/ਬਿਊਰੋ ਨਿਊਜ਼ :** ਸਿੱਖ ਭਾਈਚਾਰੇ ਦੇ ਕਈ ਮੈਂਬਰਾਂ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਤੇ ਪੰਜਾਬ ਵਾਸੀਆਂ 'ਤੇ ਇਸ ਦੇ ਅਸਰ ਬਾਰੇ ਆਪਣੀ ਚਿੰਤਾ ਜ਼ਾਹਰ ਕਰਦਿਆਂ ਇਥੇ ਸੰਯੁਕਤ ਰਾਸ਼ਟਰ ਹੈੱਡਕੁਆਰਟਰ ਦੇ ਬਾਹਰ ਪ੍ਰਦਰਸ਼ਨ ਕੀਤਾ। 'ਸੇਵ ਪੰਜਾਬ ਰੈਲੀ' ਸਿੱਖਸ ਫਾਰ ਜਸਟਿਸ ਨੇ ਨਾਗਰਿਕ ਅਧਿਕਾਰ ਸਮੂਹਾਂ ਤੇ ਉੱਤਰੀ ਅਮਰੀਕਾ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨਾਲ ਮਿਲ ਕੇ ਕੀਤੀ। ਇਸ ਰੈਲੀ ਦੌਰਾਨ ਪੰਜਾਬ ਵਿੱਚ ਰਾਇਸ਼ੁਮਾਰੀ ਕਰਵਾਉਣ ਦੀ ਮੰਗ ਵੀ ਕੀਤੀ ਗਈ। ਸੰਯੁਕਤ ਰਾਸ਼ਟਰ ਹੈੱਡਕੁਆਰਟਰ ਸਾਹਮਣੇ ਬਣੀ ਸੜਕ 'ਤੇ ਕੀਤੀ ਗਈ ਇਸ ਰੈਲੀ ਵਿੱਚ ਪ੍ਰਦਰਸ਼ਨਕਾਰੀਆਂ ਨੇ ਆਪਣੇ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ 'ਤੇ ਲਿਖਿਆ ਸੀ, 'ਭਾਰਤ ਦੀਆਂ ਰਾਸ਼ਟਰਵਾਦੀ ਤਾਕਤੋ ਜੰਗ ਛੱਡੋ' ਅਤੇ 'ਪੰਜਾਬ ਵਿੱਚ ਰਾਇਸ਼ੁਮਾਰੀ ਦਾ ਸਮਰਥਨ ਕਰੋ।' ਇਨ੍ਹਾਂ ਪ੍ਰਦਰਸ਼ਨਕਾਰੀਆਂ ਵਿੱਚ ਖ਼ਾਲਿਸਤਾਨ ਸਮਰਥਕ ਸਿੱਖ ਵੀ ਮੌਜੂਦ ਸਨ। ਸਿੱਖਸ ਫਾਰ ਜਸਟਿਸ ਨੇ ਸੰਯੁਕਤ ਰਾਸ਼ਟਰ ਵਿੱਚ ਉਰੂਗੁਏ ਦੇ ਸਥਾਨਕ ਮਿਸ਼ਨ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਕਾਰਨ ਪੰਜਾਬ ਵਿੱਚ ਹਜ਼ਾਰਾਂ ਸਿੱਖ ਕਿਸਾਨਾਂ ਨੂੰ ਘਰ ਖਾਲੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ, ਜਿਸ ਨਾਲ ਉਹ ਸ਼ਰਨਾਰਥੀ ਬਣ ਰਹੇ ਹਨ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਨੇ ਕਿਹਾ ਕਿ ਜੰਗ ਕੋਈ ਹੱਲ ਨਹੀਂ ਹੈ ਤੇ ਪੰਜਾਬ ਵਿੱਚ ਰਾਇਸ਼ੁਮਾਰੀ ਕਰਵਾਈ ਜਾਣੀ ਚਾਹੀਦੀ ਹੈ।

# ਆਨਦੰਪੁਰ ਸਾਹਿਬ ਵਿੱਚ 81 ਫੁੱਟ ਉੱਚਾ ਖੰਡਾ ਮੁੜ ਸਥਾਪਤ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਤਿੰਨ ਹਫਤਿਆਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਵਾਲਿਆਂ ਦੇ ਸਹਿਯੋਗ ਨਾਲ



ਸਥਾਨਕ ਪੰਜ ਪਿਆਰਾ ਪਾਰਕ ਵਿਖੇ ਸਿੱਖੀ ਦੀ ਸ਼ਾਨ ਦਾ ਪ੍ਰਤੀਕ 81 ਫੁੱਟ ਉੱਚੇ ਖੰਡੇ ਨੂੰ ਮੁੜ ਸਥਾਪਤ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ 17 ਜੂਨ 2015 ਨੂੰ ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਸ਼ਵ ਭਰ ਦੀ ਸੰਗਤ ਨੂੰ ਸਮਰਪਿਤ ਕੀਤਾ ਗਿਆ 81 ਫੁੱਟ ਉੱਚਾ ਖੰਡਾ ਮਹਿਜ਼

ਬਾਕੀ ਸਫ਼ਾ 32 'ਤੇ

# ਪਿੰਡ ਬਾਦਲ ਵਿੱਚ ਸੁਵਿਧਾ ਮੁਲਾਜ਼ਮਾਂ ਨੂੰ ਛੱਲੀਆਂ ਵਾਂਗ ਕੁੱਟਿਆ

### ਡੇਢ ਦਰਜਨ ਜ਼ਖ਼ਮੀ; ਪੁਲੀਸ ਕਮਾਂਡੋ ਦੀ ਲੱਤ ਟੁੱਟੀ; ਤਿੰਨ ਸੌ ਤੋਂ ਵੱਧ ਪ੍ਰਦਰਸ਼ਨਕਾਰੀ ਗ੍ਰਿਫ਼ਤਾਰ

**ਲੰਬੀ/ਬਿਊਰੋ ਨਿਊਜ਼ :**
ਪਿੰਡ ਬਾਦਲ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਵੱਲ ਵਧਦੇ ਸੈਂਕੜੇ ਸੁਵਿਧਾ ਕਾਮਿਆਂ ਨੂੰ ਪੰਜਾਬ ਪੁਲੀਸ ਨੇ ਛੱਲੀਆਂ ਵਾਂਗ ਕੁੱਟਿਆ। ਪੁਲੀਸ ਨੇ ਇਨ੍ਹਾਂ ਨੂੰ ਕਾਬੂ ਕਰਨ ਲਈ ਦੋ ਘੰਟੇ ਲਗਾਏ, ਜਿਸ ਦੌਰਾਨ ਉਸ ਨੇ ਲਾਠੀਚਾਰਜ ਕੀਤਾ, ਅੱਥਰੂ ਗੈਸ ਦੇ ਗੋਲੇ ਬਰਸਾਏ ਅਤੇ ਜਲ ਤੋਪਾਂ ਵਰਤੀਆਂ। ਇਸ ਕਾਰਨ ਗਰਭਵਤੀ ਔਰਤ ਅਤੇ ਇਕ ਅਪਾਹਜ ਸਮੇਤ ਡੇਢ ਦਰਜਨ ਸੁਵਿਧਾ ਕਰਮਚਾਰੀ ਜ਼ਖ਼ਮੀ ਹੋ ਗਏ। ਦੂਜੇ ਪਾਸੇ ਲੱਤ ਟੁੱਟਣ ਕਰਕੇ ਜ਼ਖ਼ਮੀ ਕਮਾਂਡੋ ਸਮੇਤ ਤਿੰਨ ਪੁਲੀਸ ਮੁਲਾਜ਼ਮਾਂ ਦੇ ਸੱਟਾਂ ਲੱਗੀਆਂ।



ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸੁਵਿਧਾ ਕਰਮਚਾਰੀਆਂ ਨੂੰ ਨੌਕਰੀ ਤੋਂ ਫਾਰਗ ਕੀਤੇ ਜਾਣ ਬਾਅਦ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਇਥੇ ਸਟੇਡੀਅਮ ਵਿਚ ਧਰਨੇ ਵਾਲੀ ਜਗ੍ਹਾ ਤੋਂ ਸੁਵਿਧਾ ਕਾਮਿਆਂ ਨੇ ਅਚਾਨਕ ਪਿੰਡ ਬਾਦਲ ਵੱਲ ਵਹੀਰਾਂ ਘੱਤ ਦਿੱਤੀਆਂ। ਥਾਣੇ ਦੀ ਸਟੇਡੀਅਮ ਨਾਲ ਕੰਧ ਲੱਗਦੀ ਹੋਣ ਦੇ ਬਾਵਜੂਦ ਪੁਲੀਸ ਨੂੰ ਕਰਮਚਾਰੀਆਂ ਦੇ ਐਕਸ਼ਨ ਦੀ ਸੂਹ ਤੱਕ ਨਾ ਲੱਗੀ। ਸਟੇਡੀਅਮ ਦੇ ਬਾਹਰ ਪੁਲੀਸ ਮੁਲਾਜ਼ਮਾਂ ਅਤੇ ਬੈਰੀਕੇਡਾਂ ਦੇ ਬਾਵਜੂਦ ਸੁਵਿਧਾ ਕਰਮਚਾਰੀ ਅਗਾਂਹ ਵਧ ਗਏ। ਪੁਲੀਸ ਨੇ ਖਿਉਵਾਲੀ ਦੇ ਖੜਕਾ ਚੌਕ 'ਤੇ ਪੁੱਜੇ ਕਰਮਚਾਰੀਆਂ 'ਤੇ ਜ਼ੋਰਦਾਰ ਲਾਠੀਚਾਰਜ ਕੀਤਾ। ਸੁਵਿਧਾ ਕਰਮਚਾਰੀਆਂ ਨੇ ਵੀ ਪੁਲੀਸ 'ਤੇ ਪਥਰਾਅ ਕਰ ਦਿੱਤਾ। ਪੁਲੀਸ ਦਾ ਦੋਸ਼ ਹੈ ਕਿ ਇਸ ਥਾਂ 'ਤੇ ਸੁਵਿਧਾ ਕਰਮਚਾਰੀਆਂ ਨੇ ਕਮਾਂਡੋ ਵਰਿੰਦਰ ਸਿੰਘ ਦੀ ਲੱਤ ਤੋੜ ਦਿੱਤੀ, ਜਦ ਕਿ ਕਰਮਚਾਰੀਆਂ ਅਨੁਸਾਰ ਪੁਲੀਸ ਜੀਪ ਵਿੱਚ ਚੜ੍ਹਦੇ ਸਮੇਂ ਉਸ ਦੇ ਹੇਠਾਂ ਆਉਣ ਕਰਕੇ ਕਮਾਂਡੋ ਦੀ ਲੱਤ ਟੁੱਟੀ। ਪਿੰਡ ਖਿਉਵਾਲੀ ਵਿੱਚ ਟਕਰਾਅ ਬਾਅਦ ਪ੍ਰਦਰਸ਼ਨਕਾਰੀ ਨਾਅਰੇਬਾਜ਼ੀ ਕਰਦੇ ਹੋਏ ਪਿੰਡ ਬਾਦਲ ਵਿਚ ਨਰਸਿੰਗ ਕਾਲਜ ਨੂੰ ਪਾਰ ਕਰ ਮੁੱਖ ਮੰਤਰੀ ਦੀ ਕੋਠੀ ਵੱਲ ਵਧੇ। ਇਸੇ ਦੌਰਾਨ ਮਲੋਟ ਦੇ ਐਸਪੀ ਬਲਰਾਜ ਸਿੰਘ ਸਿੱਧੂ ਨੇ ਮੋਰਚਾ ਸੰਭਾਲਦਿਆਂ ਪੁਲੀਸ ਮੁਲਾਜ਼ਮਾਂ ਨੂੰ ਜ਼ਖ਼ਮੀ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈਣ ਦੇ ਨਿਰਦੇਸ਼ ਦਿੱਤੇ। ਇਥੇ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਭਜਾ-ਭਜਾ ਕੁੱਟਿਆ। ਇਸ ਦੌਰਾਨ ਸੁਵਿਧਾ ਕਰਮਚਾਰੀਆਂ ਨੇ ਵੀ ਪੁਲੀਸ 'ਤੇ ਪੱਥਰਬਾਜ਼ੀ ਕੀਤੀ। ਇਸ 'ਤੇ ਪੁਲੀਸ ਨੇ ਅੱਥਰੂ ਗੈਸ ਅਤੇ ਪਾਣੀ ਦੀਆਂ ਤੇਜ਼ ਬੁਛਾੜਾਂ ਨਾਲ ਉਨ੍ਹਾਂ ਨੂੰ ਖਦੇੜ ਦਿੱਤਾ। ਇਸ ਦੌਰਾਨ ਮਹਿਲਾ ਪੁਲੀਸ ਕਈ ਮੁਜ਼ਾਹਰਾਕਾਰੀ ਔਰਤਾਂ ਨੂੰ ਲੱਤਾਂ-ਬਾਹਾਂ ਤੋਂ ਘੜੀਸ ਕੇ ਲੈ ਗਈ। ਇਸ ਦੌਰਾਨ ਸੁਵਿਧਾ ਕਾਮੇ ਪੁਲੀਸ ਪ੍ਰਬੰਧਾਂ ਨੂੰ ਫੇਲ੍ਹ ਕਰਕੇ ਪਿੰਡ ਬਾਦਲ ਤੱਕ ਪੁੱਜ ਗਏ।

ਪੰਜਾਬ ਸਟੇਟ ਸੁਵਿਧਾ ਯੂਨੀਅਨ ਦੇ ਪ੍ਰਧਾਨ ਹਰਮੀਤ ਸਿੰਘ ਸੂਰੀ ਨੇ ਦੱਸਿਆ ਕਿ ਉਹ ਸ਼ਾਂਤਮਈ ਢੰਗ ਨਾਲ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਵੱਧ ਰਹੇ ਸਨ। ਲੰਬੀ ਬੈਰੀਅਰ 'ਤੇ ਪੁਲੀਸ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਤੇ ਲਾਠੀਚਾਰਜ ਕੀਤਾ। ਇਸ ਕਾਰਨ ਇੱਕ ਗਰਭਵਤੀ ਔਰਤ ਕੁਲਦੀਪ ਕੌਰ (ਜਲੰਧਰ) ਅਤੇ ਅਮਰੀਕ ਸਿੰਘ (ਜ਼ਿਲ੍ਹਾ ਲੁਧਿਆਣਾ), ਜੋ ਹਰਨੀਆਂ ਦਾ ਅਪਰੇਸ਼ਨ ਕਰਵਾ ਕੇ ਆਇਆ ਸੀ, ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਇਨ੍ਹਾਂ ਤੋਂ ਇਲਾਵਾ 40 ਫ਼ੀਸਦੀ ਅੰਗਹੀਣ ਚਰਨਜੀਤ ਸਿੰਘ ਤੋਂ ਇਲਾਵਾ ਸਤਨਾਮ ਸਿੰਘ ਰੋਪੜ, ਵਿਨੋਦ ਕੁਮਾਰ, ਨਰੇਸ਼ ਕੁਮਾਰ ਹੁਸ਼ਿਆਰਪੁਰ, ਵਰਿੰਦਪਾਲ ਸਿੰਘ ਲੁਧਿਆਣਾ, ਰਾਜੀਵ ਗਰੋਵਰ, ਗੌਰਵ ਕਾਂਤ ਫਾਜ਼ਿਲਕਾ, ਰਾਜਬੀਰ ਸਿੰਘ, ਵਿਨੀਤ ਵਸ਼ਿਸ਼ਟ (ਜ਼ਿਲ੍ਹਾ ਜਲੰਧਰ), ਲੱਖਾ ਸਿੰਘ (ਜ਼ਿਲ੍ਹਾ ਮਾਨਸਾ), ਸਰਬਜੀਤ ਕੌਰ, ਕਰਮਜੀਤ ਕੌਰ, ਮੋਹਨ ਲਾਲ (ਜ਼ਿਲ੍ਹਾ ਲੁਧਿਆਣਾ) ਅਤੇ ਦਲਜੀਤ ਕੌਰ (ਜ਼ਿਲ੍ਹਾ ਕਪੂਰਥਲਾ) ਨੂੰ ਗੰਭੀਰ ਸੱਟਾਂ ਲੱਗੀਆਂ। ਲਾਠੀਚਾਰਜ ਬਾਅਦ ਸੁਵਿਧਾ ਕਰਮਚਾਰੀਆਂ ਨੇ ਖਿਉਵਾਲੀ-ਬਠਿੰਡਾ ਸੜਕ 'ਤੇ ਜਾਮ ਲਗਾ ਦਿੱਤਾ। ਇਸ 'ਤੇ ਜ਼ਿਲ੍ਹਾ ਪੁਲੀਸ ਮੁਖੀ ਗੁਰਪ੍ਰੀਤ ਸਿੰਘ ਗਿੱਲ, ਐਸਪੀ (ਡੀ) ਬਲਜੀਤ ਸਿੰਘ ਸਿੱਧੂ ਤੇ ਮਲੋਟ ਦੇ ਤਹਿਸੀਲਦਾਰ ਅਸ਼ੋਕ ਬਾਂਸਲ ਵੱਲੋਂ ਕਾਮਿਆਂ ਨੂੰ ਸ਼ਾਂਤਮਈ ਢੰਗ ਨਾਲ ਗ੍ਰਿਫ਼ਤਾਰੀ ਦੇਣ ਜਾਂ ਪੁਲੀਸ ਐਕਸ਼ਨ ਲਈ ਤਿਆਰ ਹੋਣ ਦੀ ਚਿਤਾਵਨੀ ਦਿੱਤੀ। ਸੁਵਿਧਾ ਕਰਮਚਾਰੀ ਗ੍ਰਿਫ਼ਤਾਰੀਆਂ ਦੇਣ ਲਈ ਰਾਜ਼ੀ ਹੋ ਗਏ। ਜ਼ਿਲ੍ਹਾ ਪੁਲੀਸ ਮੁਖੀ ਨੇ ਕਿਹਾ ਕਿ ਪੁਲੀਸ ਨੂੰ ਮਜਬੂਰੀ ਵਿੱਚ ਤਾਕਤ ਦੀ ਵਰਤੋਂ ਕਰਨੀ ਪਈ। ਐਸਪੀ ਬਲਰਾਜ ਸਿੰਘ ਸਿੱਧੂ ਨੇ ਦੱਸਿਆ ਕਿ 304 ਸੁਵਿਧਾ ਕਰਮਚਾਰੀ ਹਿਰਾਸਤ ਵਿੱਚ ਲਏ ਗਏ ਹਨ, ਜਿਨ੍ਹਾਂ ਵਿੱਚ 158 ਪੁਰਸ਼ ਅਤੇ 95 ਔਰਤਾਂ ਹਨ। ਥਾਣਾ ਮੁਖੀ ਗੁਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਸੁਵਿਧਾ ਕਰਮਚਾਰੀ ਯੂਨੀਅਨ ਦੇ 15 ਆਗੂਆਂ ਨੂੰ ਨਾਮਜ਼ਦ ਕਰਕੇ ਹੋਰ ਅਣਪਛਾਤਿਆਂ ਖ਼ਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜ਼ਖ਼ਮੀ ਪੁਲੀਸ ਮੁਲਾਜ਼ਮਾਂ ਨੂੰ ਬਠਿੰਡਾ ਦਾਖਲ ਕਰਵਾਇਆ। ਉਨ੍ਹਾਂ ਕਿਹਾ ਕਿ ਸੁਵਿਧਾ ਕਰਮਚਾਰੀਆਂ ਦੇ ਮਾਮੂਲੀ ਝਰੀਟਾਂ ਆਈਆਂ ਹਨ।

## ਜੰਗੀ ਵਿਧਵਾਵਾਂ ਨੂੰ ਦਿੱਤੀ ਜਾਵੇਗੀ 50 ਲੱਖ ਦੀ ਵਿਸ਼ੇਸ਼ ਗ੍ਰਾਂਟ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਦਭਾਵਨਾ, ਸਤਿਕਾਰ ਤੇ ਸ਼ੁਕਰਾਨੇ ਦੀ ਭਾਵਨਾ ਵਜੋਂ 1965 ਤੇ 1971 ਦੀ ਭਾਰਤ-ਪਾਕਿਸਤਾਨ ਜੰਗ ਅਤੇ 1962 ਦੀ ਭਾਰਤ-ਚੀਨ ਜੰਗ ਵਿੱਚ ਸ਼ਹਾਦਤ ਦੇਣ ਵਾਲੇ ਬਹਾਦਰ ਸੈਨਿਕਾਂ ਦੀਆਂ ਜੰਗੀ ਵਿਧਵਾਵਾਂ ਜਾਂ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ 50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ-ਇਨ-ਏਡ ਦੇਣ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ 1975 ਵਿੱਚ ਇੱਕ ਨੀਤੀ ਐਲਾਨੀ ਗਈ ਸੀ ਅਤੇ 1500 ਜੰਗੀ ਵਿਧਵਾਵਾਂ ਨੇ ਨਿਰਧਾਰਤ ਸਮੇਂ ਵਿੱਚ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ। ਉਨ੍ਹਾਂ ਨੂੰ ਦਿਹਾਤੀ ਖੇਤਰ ਵਿੱਚ ਪੈਂਦੀ ਖੇਤੀ ਵਾਲੀ 10 ਏਕੜ ਜ਼ਮੀਨ ਜਾਂ ਸਮੇਂ-ਸਮੇਂ 'ਤੇ ਨੋਟੀਫਾਈ ਹੋਈ ਕੀਮਤ 'ਤੇ ਜ਼ਮੀਨ ਦੇ ਬਦਲੇ ਬਰਾਬਰ ਨਕਦ ਰਾਸ਼ੀ ਦਿੱਤੀ ਗਈ ਸੀ। ਪਰ ਬਿਨੈਕਾਰਾਂ ਦੇ ਲਗਭਗ 100 ਅਜਿਹੇ ਮਾਮਲੇ ਹਨ, ਜੋ ਕਿਸੇ ਨਾ ਕਿਸੇ ਕਾਰਨ ਨਿਰਧਾਰਤ ਤਰੀਕ ਤੱਕ ਅਰਜ਼ੀ ਨਹੀਂ ਦੇ ਸਕੇ। 4 ਜਨਵਰੀ, 2010 ਤੱਕ ਨਿਰਧਾਰਤ ਕੀਤੀ ਵਧਾਈ ਹੋਈ ਤਰੀਕ ਤੱਕ ਇਨ੍ਹਾਂ 100 ਤੋਂ ਵੱਧ ਬਿਨੈਕਾਰਾਂ ਦੀਆਂ ਅਰਜ਼ੀਆਂ ਹਾਸਲ ਹੋਈਆਂ ਸਨ। ਬੁਲਾਰੇ ਨੇ ਅੱਗੇ ਦੱਸਿਆ ਕਿ ਬਚੀ ਹੋਈ ਖੇਤੀ ਵਾਲੀ ਜ਼ਮੀਨ ਅਦਾਲਤੀ ਸੁਣਵਾਈ ਹੇਠ ਹੋਣ ਜਾਂ ਅਣਅਧਿਕਾਰਤ ਕਬਜ਼ੇ ਹੇਠ ਹੋਣ ਕਰਕੇ ਜੰਗੀ ਵਿਧਵਾਵਾਂ ਨੂੰ ਜ਼ਮੀਨ ਦਾ ਕਬਜ਼ਾ ਦੇਣਾ ਵਿਹਾਰਕ ਤੌਰ 'ਤੇ ਅਸੰਭਵ ਹੈ। ਇਸ ਕਰਕੇ ਜੰਗੀ ਵਿਧਵਾਵਾਂ ਜਾਂ ਉਨ੍ਹਾਂ ਦੇ ਵਾਰਸਾਂ ਦੀ ਮੰਗ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ ਬਾਕੀ ਰਹਿੰਦੇ ਮਾਮਲਿਆਂ ਦੀ ਤਸਦੀਕ ਕਰਕੇ ਜੰਗੀ ਵਿਧਵਾਵਾਂ ਦੇ ਬਣਦੇ ਕੇਸਾਂ ਵਿੱਚ ਨਕਦ ਗ੍ਰਾਂਟ ਦੇਣ ਦਾ ਫੈਸਲਾ ਕੀਤਾ ਹੈ। ਇਹ ਗ੍ਰਾਂਟ ਹਰ ਛਿਮਾਹੀ ਨੂੰ ਤਿੰਨ ਕਿਸ਼ਤਾਂ 20 ਲੱਖ ਰੁਪਏ, 15 ਲੱਖ ਰੁਪਏ ਅਤੇ 15 ਲੱਖ ਰੁਪਏ ਦੇ ਰੂਪ ਵਿੱਚ ਦਿੱਤੀ ਜਾਵੇਗੀ।

# ਏਡੀਸੀਪੀ ਦੀ ਬਦਲੀ ਮਗਰੋਂ ਕਾਂਗਰਸ ਨੇ ਬਾਦਲ ਦੀ ਕੋਠੀ ਮੂਹਰੋਂ ਚੁੱਕਿਆ ਧਰਨਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਲੁਧਿਆਣਾ ਦੇ ਵਧੀਕ ਡਿਪਟੀ ਕਮਿਸ਼ਨਰ ਪੁਲੀਸ (ਏਡੀਸੀਪੀ) ਜਸਵਿੰਦਰ ਸਿੰਘ ਨੂੰ ਬਦਲਣ ਦੀ ਮੰਗ ਮੰਨੇ ਜਾਣ ਤੋਂ ਬਾਅਦ ਕਾਂਗਰਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਦੇ ਬਾਹਰ ਤਿੰਨ ਦਿਨਾਂ ਤੋਂ ਦਿੱਤੇ ਜਾ ਰਹੇ ਧਰਨੇ ਨੂੰ ਸਮਾਪਤ ਕਰ ਦਿੱਤਾ ਹੈ। ਪੰਜਾਬੀ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨਾਲ ਕਾਂਗਰਸ ਆਗੂਆਂ ਦੇ ਵਫ਼ਦ ਦੀ ਬੈਠਕ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ। ਸ੍ਰੀ ਅਰੋੜਾ ਨੇ ਲੁਧਿਆਣਾ ਵਿਚ ਚਿੱਟਾ ਰਾਵਣ ਸਾੜਨ ਮੌਕੇ ਕਾਂਗਰਸੀਆਂ ਅਤੇ ਅਕਾਲੀਆਂ ਵਿਚਕਾਰ ਹੋਈ ਝੜਪ ਦੀ ਨਿਰਪੱਖ ਜਾਂਚ ਕਰਵਾਉਣ ਦਾ ਭਰੋਸਾ ਵੀ ਦਿੱਤਾ ਹੈ। ਸਰਕਾਰ ਨੇ ਰਾਤ ਨੂੰ ਹੀ ਏਡੀਸੀਪੀ ਜਸਵਿੰਦਰ ਸਿੰਘ ਨੂੰ ਅਗਲੇ ਹੁਕਮਾਂ ਤੱਕ ਪੰਜਾਬ ਪੁਲੀਸ ਹੈੱਡਕੁਆਰਟਰ ਚੰਡੀਗੜ੍ਹ ਵਿਚ ਰਿਪੋਰਟ ਕਰਨ ਲਈ ਕਿਹਾ ਹੈ।



ਚੰਡੀਗੜ੍ਹ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਅੱਗੇ ਸ਼ਨਿਚਰਵਾਰ ਨੂੰ ਧਰਨਾ ਦਿੰਦੇ ਹੋਏ ਅੰਬਿਕਾ ਸੋਨੀ ਅਤੇ ਹੋਰ ਕਾਂਗਰਸੀ ਆਗੂ।

ਸ੍ਰੀ ਅਰੋੜਾ ਨੂੰ ਮਿਲਣ ਵਾਲੇ ਵਫ਼ਦ ਵਿੱਚ ਵਿਧਾਇਕ ਸੁਖਜਿੰਦਰ ਰੰਧਾਵਾ, ਤ੍ਰਿਪਤ ਰਾਜਿੰਦਰ ਬਾਜਵਾ ਤੇ ਸੁਰਿੰਦਰ ਡਾਵਰ ਅਤੇ ਜਨਰਲ ਸਕੱਤਰ ਸੰਦੀਪ ਸੰਧੂ ਸ਼ਾਮਲ ਸਨ। ਦਿਲਚਸਪ ਗੱਲ ਇਹ ਹੈ ਕਿ ਤਿੰਨ ਦਿਨਾਂ ਤੋਂ ਕਾਂਗਰਸ ਦੇ ਸੂਬਾਈ ਲੀਡਰਾਂ ਸਮੇਤ ਅੰਬਿਕਾ ਸੋਨੀ, ਆਸ਼ਾ ਕੁਮਾਰੀ ਅਤੇ ਹਰੀਸ਼ ਚੌਧਰੀ ਵਰਗੇ ਸੀਨੀਅਰ ਆਗੂਆਂ ਵੱਲੋਂ ਧਰਨੇ ਵਿੱਚ ਸ਼ਾਮਲ ਹੋ ਕੇ ਇਸ ਨੂੰ ਮੁੱਖ ਮੁੱਦਾ ਬਣਾਇਆ ਗਿਆ ਸੀ ਪਰ ਸਰਕਾਰ ਵੱਲੋਂ ਮਹਿਜ਼ ਇਕ ਐਸਪੀ ਰੈਂਕ ਦੇ ਅਧਿਕਾਰੀ ਦੀ ਬਦਲੀ ਕਰਨ 'ਤੇ ਹੀ ਧਰਨਾ ਖ਼ਤਮ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਕਾਂਗਰਸੀਆਂ ਉਪਰ ਇਰਾਦਾ ਕਤਲ (307) ਦੇ ਕੇਸ ਬਰਕਰਾਰ ਰਹਿਣ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਆਗੂ ਵੀ ਅਜੇ ਤੱਕ ਰਿਹਾਅ ਨਹੀਂ ਹੋਏ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੀ ਪ੍ਰਚਾਰ ਕਮੇਟੀ ਦੀ ਇੰਚਾਰਜ ਅਤੇ ਰਾਜ ਸਭਾ ਮੈਂਬਰ ਅੰਬਿਕਾ ਸੋਨੀ, ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਕੌਮੀ ਸਕੱਤਰ ਤੇ ਸਹਿ ਇੰਚਾਰਜ ਹਰੀਸ਼ ਚੌਧਰੀ ਅਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਧਰਨੇ ਵਿੱਚ ਸ਼ਾਮਲ ਹੋ ਕੇ ਚਿਤਾਵਨੀ ਦਿੱਤੀ ਸੀ ਕਿ ਜਦੋਂ ਤੱਕ ਚਿੱਟੇ ਰਾਵਣ ਕਾਂਡ ਨਾਲ ਸਬੰਧਤ ਪੁਲੀਸ ਅਧਿਕਾਰੀਆਂ ਵਿਰੁੱਧ ਕਾਰਵਾਈ ਨਹੀਂ ਹੁੰਦੀ ਧਰਨਾ ਜਾਰੀ ਰਹੇਗਾ।

ਕਾਂਗਰਸ ਦੀ ਕੌਮੀ ਲੀਡਰਸ਼ਿਪ ਨੇ ਧਰਨੇ ਵਿੱਚ ਸ਼ਾਮਲ ਹੋ ਕੇ ਸਾਫ ਕਰ ਦਿੱਤਾ ਹੈ ਕਿ 'ਚਿੱਟੇ' ਦੇ ਮੁੱਦੇ ਉਪਰ ਪਾਰਟੀ ਨੇ ਬਾਦਲ ਸਰਕਾਰ ਨੂੰ ਚੋਣਾਂ ਦੌਰਾਨ ਘੇਰਨ ਦੀ ਰਣਨੀਤੀ ਬਣਾਈ ਹੈ। ਆਗੂਆਂ ਨੇ ਕਿਹਾ ਕਿ ਸ੍ਰੀ ਬਾਦਲ ਨੂੰ ਚਿੱਟੇ ਦਾ ਰਾਵਣ ਸਾੜਨ ਦਾ ਦੁੱਖ ਕਿਉਂ ਹੋਇਆ ਹੈ, ਕੀ ਚਿੱਟਾ ਬੁਰਾਈ ਦਾ ਪ੍ਰਤੀਕ ਨਹੀ ਹੈ ?

ਕਾਂਗਰਸ ਵਿਧਾਇਕ ਦਲ ਦੇ ਆਗੂ ਚਰਨਜੀਤ ਸਿੰਘ ਚੰਨੀ ਨੇ ਵੀ ਐਲਾਨ ਕੀਤਾ ਕਿ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਅਤੇ ਪਾਰਟੀ ਆਗੂਆਂ ਵਿਰੁੱਧ ਦਰਜ ਕੀਤੇ ਝੂਠੇ ਕੇਸ ਵਾਪਸ ਹੋਣ ਤੱਕ ਮੋਰਚਾ ਜਾਰੀ ਰਹੇਗਾ। ਧਰਨੇ ਵਿੱਚ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਵਿਧਾਇਕ ਬਲਬੀਰ ਸਿੱਧੂ, ਸਾਧੂ ਸਿੰਘ ਧਰਮਸੋਤ, ਰਣਦੀਪ ਨਾਭਾ, ਇੰਦਰਬੀਰ ਬੁਲਾਰੀਆ, ਗੁਰਜੀਤ ਰਾਣਾ, ਭਾਰਤ ਭੂਸ਼ਣ ਆਸ਼ੂ, ਰਾਕੇਸ਼ ਪਾਂਡੇ, ਗੁਰਇਕਬਾਲ ਕੌਰ, ਮੁਹੰਮਦ ਸਦੀਕ, ਰਾਜਿੰਦਰ ਦੀਪਾ ਸ਼ਾਮਲ ਸਨ।

### ਅਕਾਲੀ-ਕਾਂਗਰਸੀਆਂ 'ਚ ਲੜਾਈ ਦਾ ਮਾਮਲਾ

## ਲੁਧਿਆਣਾ ਤੋਂ ਤਬਦੀਲ ਕੀਤੇ ਏ.ਡੀ.ਸੀ.ਪੀ. ਦੀ ਅਹਿਮ ਨਿਯੁਕਤੀ ਚਰਚਾ ਦਾ ਵਿਸ਼ਾ ਬਣੀ

**ਲੁਧਿਆਣਾ/ਬਿਊਰੋ ਨਿਊਜ਼:** ਲੁਧਿਆਣਾ 'ਚ ਅਕਾਲੀ ਕਾਂਗਰਸੀਆਂ ਵਿਚਾਲੇ ਹੋਈ ਲੜਾਈ ਦੇ ਮਾਮਲੇ 'ਚ ਬੀਤੀ ਦੇਰ ਰਾਤ ਲੁਧਿਆਣਾ ਤੋਂ ਤਬਦੀਲ ਕੀਤੇ ਏ.ਡੀ.ਸੀ.ਪੀ. ਜਸਵਿੰਦਰ ਸਿੰਘ ਦੀ ਰਾਜਪੁਰਾ ਵਿਖੇ ਐਸ.ਪੀ. ਦੇ ਅਹਿਮ ਅਹੁਦੇ 'ਤੇ ਹੋਈ ਤੈਨਾਤੀ ਜਿੱਥੇ ਪੁਲਿਸ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਰਹੀ ਉਥੇ ਕਾਂਗਰਸੀਆਂ ਵਿਚਾਲੇ ਵੀ ਸਰਕਾਰ ਵੱਲੋਂ ਕੀਤੇ ਇਸ ਫੈਸਲੇ ਦੀ ਨੁਕਤਾਚੀਨੀ ਕੀਤੀ ਜਾਂਦੀ ਰਹੀ ।

ਕਾਂਗਰਸੀਆਂ ਵਲੋਂ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਬਾਅਦ ਦਿਨ ਰਾਤ ਧਰਨਾ ਦੇਣ ਨੂੰ ਧਿਆਨ ਵਿੱਚ ਰਖਦਿਆਂ ਵੱਲੋਂ ਸਰਕਾਰ ਵਲੋਂ ਡੀ.ਜੀ.ਪੀ. ਸੁਰੇਸ਼ ਅਰੋੜਾ ਨੂੰ ਜਾਂਚ ਲਈ ਲੁਧਿਆਣਾ ਭੇਜਿਆ ਗਿਆ ਸੀ । ਸ੍ਰੀ ਅਰੋੜਾ ਵੱਲੋਂ ਜਾਂਚ ਮੁਕੰਮਲ ਕਰਕੇ ਸਰਕਾਰ ਨੂੰ ਰਿਪੋਰਟ ਨੂੰ ਸੌਂਪੀ ਗਈ, ਜਿਸ ਆਧਾਰ 'ਤੇ ਮੁੱਖ ਮੰਤਰੀ ਵੱਲੋਂ ਤੁਰੰਤ ਜਸਵਿੰਦਰ ਸਿੰਘ ਦਾ ਲੁਧਿਆਣਾ ਤੋਂ ਤਬਾਦਲਾ ਕਰਕੇ ਉਸ ਨੂੰ ਚੰਡੀਗੜ੍ਹ ਪੁਲਿਸ ਮੁੱਖ ਦਫ਼ਤਰ 'ਚ ਰਿਪੋਰਟ ਕਰਨ ਦੇ ਹੁਕਮ ਦਿੱਤੇ ਸਨ।

ਪੁਲੀਸ ਅਫ਼ਸਰ ਦੀ ਬਦਲੀ ਦੇ ਹੁਕਮ ਆਉਣ ਤੋਂ ਬਾਅਦ ਜ਼ਿਲ੍ਹੇ ਦੇ ਕੁਝ ਅਕਾਲੀ ਆਗੂ ਹਰਕਤ 'ਚ ਆਏ ਤੇ ਉਨ੍ਹਾਂ ਇਸ ਸਬੰਧੀ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲ ਕੀਤੀ । ਇਨ੍ਹਾਂ ਅਕਾਲੀ ਆਗੂਆਂ ਨੇ ਹਾਈਕਮਾਨ ਨੂੰ ਦੱਸਿਆ ਕਿ ਸਰਕਾਰ ਵੱਲੋਂ ਕੀਤੇ ਫੈਸਲੇ ਨਾਲ ਅਕਾਲੀ ਵਰਕਰਾਂ 'ਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਇਸ ਨਾਲ ਜਿੱਥੇ ਅਕਾਲੀ ਵਰਕਰਾਂ ਦਾ ਮਨੋਬਲ ਡਿੱਗੇਗਾ ਉਥੇ ਕਾਂਗਰਸੀਆਂ ਦੇ ਹੌਸਲੇ ਬੁਲੰਦ ਹੋਣਗੇ। ਸੂਤਰਾਂ ਅਨੁਸਾਰ ਜ਼ਿਲ੍ਹੇ ਦੇ ਉਚ-ਪੁਲਿਸ ਅਧਿਕਾਰੀਆਂ ਵੱਲੋਂ ਪਹਿਲਾਂ ਅਕਾਲੀ ਆਗੂਆਂ ਦੇ ਕਹਿਣ 'ਤੇ ਹੀ ਕਾਂਗਰਸੀਆਂ ਖਿਲਾਫ਼ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਅਕਾਲੀ ਆਗੂਆਂ ਦੇ ਦਬਾਅ 'ਚ ਆ ਕੇ ਦੇਰ ਰਾਤ ਸਰਕਾਰ ਵੱਲੋਂ ਆਪਣੇ ਫੈਸਲੇ ਵਿਚ ਦਰੁੱਸਤੀ ਕਰਦਿਆਂ ਏ.ਡੀ.ਸੀ.ਪੀ. ਜਸਵਿੰਦਰ ਸਿੰਘ ਨੂੰ ਚੰਡੀਗੜ੍ਹ ਰਿਪੋਰਟ ਕਰਨ ਦੀ ਥਾਂ 'ਤੇ ਉਨ੍ਹਾਂ ਨੂੰ ਰਾਜਪੁਰਾ ਵਿਖੇ ਐਸ.ਪੀ. ਦੇ ਅਹਿਮ ਅਹੁਦੇ 'ਤੇ ਤੈਨਾਤ ਕਰ ਦਿੱਤਾ ਗਿਆ। ਇਹ ਮਾਮਲਾ ਰਿਾਜਸੀ ਤੇ ਪੁਲਿਸ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

# ਇੰਡੀਆ-ਟੂਡੇ ਐਕਸਿਸ ਓਪੀਨੀਅਨ ਪੋਲ- ਪੰਜਾਬ 'ਚ ਤ੍ਰਿਸ਼ੰਕੂ ਵਿਧਾਨ ਸਭਾ ਦੇ ਆਸਾਰ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਜੇਕਰ ਅੱਜ ਚੋਣਾਂ ਕਰਵਾਈਆਂ ਜਾਣ ਤਾਂ ਕਿਸੇ ਵੀ ਪਾਰਟੀ ਨੂੰ ਬਹੁਮਤ ਮਿਲਦਾ ਨਜ਼ਰ ਨਹੀਂ ਆ ਰਿਹਾ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੇਗੀ। ਦੂਜੇ ਨੰਬਰ 'ਤੇ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਹੋ ਸਕਦੀ ਹੈ। ਇਸੇ ਤਰ੍ਹਾਂ ਸੱਤਾਧਿਰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੀਸਰੇ ਨੰਬਰ 'ਤੇ ਰਹੇਗਾ। ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋਣ ਵਾਲੀਆਂ ਚੋਣਾਂ ਸਬੰਧੀ ਇਕ ਟੀ. ਵੀ. ਚੈਨਲ ਵਲੋਂ ਪੇਸ਼ ਕੀਤੇ ਗਏ ਚੋਣ ਸਰਵੇਖਣ ਨੇ ਸੂਬੇ ਦਾ ਸਿਆਸੀ ਪਾਰਾ ਇਕਦਮ ਸੱਤਵੇਂ ਅਸਮਾਨ 'ਤੇ ਪਹੁੰਚਾ ਦਿੱਤਾ ਹੈ। ਹਾਲਾਂਕਿ ਇਸ ਚੋਣ ਸਰਵੇਖਣ ਵਿਚ ਕਿੰਨੀ ਕੁ ਸਚਾਈ ਹੈ, ਇਹ ਇਕ ਵੱਖਰਾ ਵਿਸ਼ਾ ਹੈ ਪਰ ਜਿਸ ਤਰ੍ਹਾਂ ਇਸ ਸਰਵੇਖਣ ਨੂੰ ਲੈ ਕੇ ਸਿਆਸੀ ਪਾਰਟੀਆਂ ਵਿਚ ਘਮਸਾਣ ਮਚ ਗਿਆ ਹੈ, ਉਸ ਨਾਲ ਸੂਬੇ ਦੀ ਸਿਆਸਤ ਦਾ ਗਰਮਾਉਣਾ ਲਾਜ਼ਮੀ ਹੈ। ਇਸ ਚੋਣ ਸਰਵੇਖਣ ਨੂੰ ਲੈ ਕੇ ਜਿੱਥੇ ਕਾਂਗਰਸੀ ਆਗੂ ਤੇ ਵਰਕਰ ਬਾਗੋ-ਬਾਗ ਹਨ, ਉੱਥੇ ਇਹ ਸਰਵੇਖਣ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਲਈ ਨਿਰਾਸ਼ਾ ਵਾਲਾ ਹੈ ਤੇ ਆਮ ਆਦਮੀ ਪਾਰਟੀ ਦੇ ਆਗੂ ਵੀ ਇਸ ਸਰਵੇਖਣ ਤੋਂ ਸੰਤੁਸ਼ਟ ਨਹੀਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਇਸ ਸਰਵੇਖਣ 'ਤੇ ਸਵਾਲ ਉਠਾਉਂਦੇ ਹੋਏ ਇਸ ਨੂੰ ਪੂਰਨ ਤੌਰ 'ਤੇ ਪੱਖਪਾਤੀ ਦੱਸਦਿਆਂ ਕਿਹਾ ਹੈ ਕਿ ਉਕਤ ਚੈਨਲ ਵਲੋਂ ਪੰਜਾਬ ਸਬੰਧੀ ਪਹਿਲਾਂ ਵੀ ਸਰਵੇਖਣ ਹੁੰਦੇ ਰਹੇ ਹਨ, ਜੋ ਕਿ ਪੂਰੀ ਤਰ੍ਹਾਂ ਗਲਤ ਸਾਬਤ ਹੋਏ ਸਨ। ਇਸ ਦੌਰਾਨ ਨਿਊਜ਼ ਚੈਨਲ ਵਲੋਂ ਪੇਸ਼ ਕੀਤੇ ਗਏ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ 33 ਫੀਸਦੀ ਵੋਟ ਮਿਲਣਗੇ, ਜਿਸ ਨਾਲ ਉਹ 49 ਤੋਂ 55 ਸੀਟਾਂ ਜਿੱਤਣ ਵਿਚ ਕਾਮਯਾਬ ਰਹੇਗੀ। ਜਦਕਿ ਆਮ ਆਦਮੀ ਪਾਰਟੀ 30 ਫੀਸਦੀ ਵੋਟਾਂ ਨਾਲ 42 ਤੋਂ 46 ਸੀਟਾਂ 'ਤੇ ਜਿੱਤ ਹਾਸਲ ਕਰ ਸਕੇਗੀ। ਸਰਵੇਖਣ ਵਿਚ ਅਕਾਲੀ-ਭਾਜਪਾ ਗਠਜੋੜ ਦੀ ਹਾਲਤ ਕਾਫੀ ਪਤਲੀ ਪੇਸ਼ ਕੀਤੀ ਗਈ ਹੈ ਤੇ ਉਸ ਨੂੰ ਕੇਵਲ 22 ਫੀਸਦੀ ਵੋਟ ਮਿਲਣ ਦੀ ਸੰਭਾਵਨਾ ਪ੍ਰਗਟਾਉਂਦੇ ਹੋਏ ਕੇਵਲ 17 ਤੋਂ 21 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ।



### ਨਰੇਸ਼ ਗੁਜਰਾਲ ਨੇ ਕਿਹਾ-ਪਿਛਲੇ ਸਰਵੇਖਣ ਵੀ ਗ਼ਲਤ ਸਿੱਧ ਹੋਏ ਸਨ

ਉਧਰ ਇਸ ਚੋਣ ਸਰਵੇਖਣ 'ਤੇ ਟਿੱਪਣੀ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸ੍ਰੀ ਨਰੇਸ਼ ਗੁਜਰਾਲ ਨੇ ਉਕਤ ਟੀ.ਵੀ. ਚੈਨਲ ਵਲੋਂ ਪੇਸ਼ ਕੀਤੇ ਗਏ ਸਰਵੇਖਣ ਨੂੰ ਪੂਰਨ ਤੌਰ 'ਤੇ ਪੱਖਪਾਤੀ ਦੱਸਦੇ ਹੋਏ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਕਤ ਟੀ.ਵੀ. ਚੈਨਲ ਵਲੋਂ ਜੋ ਸਰਵੇਖਣ ਪੇਸ਼ ਕੀਤੇ ਗਏ ਸਨ, ਉਹ ਸਾਰੇ ਝੂਠੇ ਸਾਬਤ ਹੋਏ ਸਨ। ਇਸ ਚੈਨਲ ਵਲੋਂ 2002 ਵਿਚ ਚੋਣਾਂ ਵਾਲੇ ਦਿਨ ਇਹ ਕਿਹਾ ਗਿਆ ਸੀ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਹਾਰ ਮੰਨ ਲਈ ਹੈ ਅਤੇ ਅਕਾਲੀ ਦਲ ਦਾ ਪੰਜਾਬ ਵਿਚੋਂ ਸਫਾਇਆ ਹੋਣ ਜਾ ਰਿਹਾ ਹੈ, ਜਿਸ ਦਾ ਅਕਾਲੀ ਦਲ ਦੇ ਵਰਕਰਾਂ 'ਤੇ ਨਾਂਹ ਪੱਖੀ ਅਸਰ ਪਿਆ ਸੀ, ਇਸ ਦੇ ਬਾਵਜੂਦ ਅਕਾਲੀ ਦਲ ਨੇ 2002 ਵਿਚ 44 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਇਸ ਸਰਵੇਖਣ ਬਾਰੇ ਉਕਤ ਚੈਨਲ ਨੂੰ ਚੋਣ ਕਮਿਸ਼ਨ ਤੋਂ ਮੁਆਫੀ ਤੱਕ ਮੰਗਣੀ ਪਈ ਸੀ।

## ਪਿੰਡ ਹਸਤ ਕਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਫਾਜ਼ਿਲਕਾ/ਬਿਊਰੋ ਨਿਊਜ਼ :** ਫਾਜ਼ਿਲਕਾ ਦੇ ਸਰਹੱਦੀ ਪਿੰਡ ਹਸਤਾ ਕਲਾਂ ਵਿੱਚ ਇੱਕ ਨੌਜਵਾਨ ਗੁਰਦੁਆਰਾ ਸਾਹਿਬ ਦੇ ਤਾਲੇ ਤੋੜ ਕੇ ਅੰਦਰ ਦਾਖ਼ਲ ਹੋ ਗਿਆ ਅਤੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਫਾੜ ਦਿੱਤੇ। ਪੁਲੀਸ ਨੇ ਇਸ ਮਾਮਲੇ ਦੀ ਮੁੱਢਲੀ ਜਾਂਚ ਤੋਂ ਬਾਅਦ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਮੱਖਣ ਸਿੰਘ ਵਾਸੀ ਪਿੰਡ ਚਾਂਦਮਾਰੀ ਨੇ ਦੱਸਿਆ ਕਿ ਉਹ ਲਗਭਗ 20 ਵਰ੍ਹਿਆਂ ਤੋਂ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਸ਼ਾਮ ਸਮੇਂ ਰਹਿਰਾਸ ਦੇ ਪਾਠ ਮਗਰੋਂ ਗੁਰੂ ਗ੍ਰੰਥ ਸਾਹਿਬ ਦਾ ਸੁੱਖ ਆਸਨ ਲਗਾ ਕੇ ਨੇੜੇ ਹੀ ਇੱਕ ਦੋਧੀ ਦੇ ਘਰ ਤੋਂ ਦੁੱਧ ਲੈਣ ਲਈ ਚਲਾ ਗਿਆ। ਕਿਸੇ ਨੇ ਫੋਨ 'ਤੇ ਦੱਸਿਆ ਕਿ ਪਿੰਡ ਦੇ ਹੀ ਇੱਕ ਨੌਜਵਾਨ ਮਨੋਹਰ ਸਿੰਘ ਨੇ ਗੁਰਦੁਆਰੇ ਦੇ ਤਾਲੇ ਤੋੜ ਕੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੁਝ ਅੰਗ ਫਾੜ ਦਿੱਤੇ ਹਨ। ਉਸ ਨੇ ਦੱਸਿਆ ਕਿ ਉਹ ਜਦੋਂ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ ਤਾਂ ਉਸ ਦੇ ਘਰ ਵਾਲੇ ਉਸ ਨੌਜਵਾਨ ਨੂੰ ਫੜ ਕੇ ਲਿਆ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਸੂਚਨਾ ਪਿੰਡ ਦੇ ਸਰਪੰਚ ਜੰਗੀਰ ਸਿੰਘ, ਪੰਚ ਸੋਹਨ ਸਿੰਘ, ਰੋਸ਼ਨ ਸਿੰਘ ਅਤੇ ਪ੍ਰੀਤਮ ਸਿੰਘ ਨੂੰ ਦਿੱਤੀ ਗਈ। ਇਸ ਤੋਂ ਬਾਅਦ ਥਾਣਾ ਸਦਰ ਫਾਜ਼ਿਲਕਾ ਨੂੰ ਸੂਚਨਾ ਦਿੱਤੀ ਗਈ। ਜ਼ਿਲ੍ਹਾ ਪੁਲੀਸ ਮੁਖੀ ਡਾ. ਨਰਿੰਦਰ ਭਾਰਗਵ ਦੇ ਧਿਆਨ ਵਿੱਚ ਇਹ ਮਾਮਲਾ ਆਉਣ 'ਤੇ ਉਨ੍ਹਾਂ ਤੁਰੰਤ ਥਾਣਾ ਸਦਰ ਪੁਲੀਸ ਇੰਚਾਰਜ ਇੰਸਪੈਕਟਰ ਜਗਦੀਸ਼ ਕੁਮਾਰ ਅਤੇ ਉਨ੍ਹਾਂ ਦੀ ਟੀਮ ਨੂੰ ਪਿੰਡ ਭੇਜਿਆ। ਇੰਸਪੈਕਟਰ ਜਗਦੀਸ਼ ਕੁਮਾਰ ਨੇ ਦੇਰ ਰਾਤ ਲਗਭਗ ਇੱਕ ਵਜੇ ਤੱਕ ਪਿੰਡ ਵਿੱਚ ਇਸ ਮਾਮਲੇ ਦੀ ਜਾਂਚ ਕੀਤੀ ਅਤੇ ਬਾਅਦ ਵਿੱਚ ਮਨੋਹਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਮਨੋਹਰ ਸਿੰਘ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਪਿੰਡ ਵਾਸੀਆਂ ਮੁਤਾਬਕ ਮੁਲਜ਼ਮ ਮਨੋਹਰ ਸਿੰਘ ਪਿਛਲੇ ਕੁਝ ਦਿਨਾਂ ਤੋਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਚੱਲ ਰਿਹਾ ਹੈ।

### ਬੇਅਦਬੀ ਕਰਨ ਵਾਲੀ ਔਰਤ ਦੇ ਪਤੀ ਨੇ ਹੀ ਕੀਤਾ ਸੀ ਕਤਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਥਾਣਾ ਲੋਪੋਕੇ ਦੇ ਪਿੰਡ ਵੈਰੋਕੇ ਦੇ ਗੁਰਦੁਆਰਾ ਬਾਬੇ ਕੀ ਬੇਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੀ ਔਰਤ ਬਲਵਿੰਦਰ ਕੌਰ ਦਾ ਕਤਲ ਉਸ ਦੇ ਪਤੀ ਨੇ ਹੀ ਕੀਤਾ ਸੀ। ਬੇਅਦਬੀ ਕਾਂਡ ਵਿਚ ਪਿੰਡ ਵਿਚ ਨਮੋਸ਼ੀ ਝੱਲ ਰਹੇ ਔਰਤ ਦੇ ਪਤੀ ਨੇ ਖੁਦ ਹੀ ਆਪਣੀ ਪਤਨੀ ਦਾ ਦਾਤਰ ਮਾਰ ਕੇ ਕਤਲ ਕਰ ਦਿੱਤਾ ਤੇ ਪਿੰਡ ਵਿਚ ਅਣਪਛਾਤੇ ਲੋਕਾਂ ਵੱਲੋਂ ਕਤਲ ਕਰਨ ਦਾ ਰੌਲਾ ਪਾ ਦਿੱਤਾ। ਇਹ ਖੁਲਾਸਾ ਜ਼ਿਲ੍ਹਾ ਪੁਲੀਸ ਮੁਖੀ ਸ. ਹਰਕਮਲਪ੍ਰੀਤ ਸਿੰਘ ਖੱਖ ਨੇ ਕਰਦਿਆਂ ਦੱਸਿਆ ਕਿ ਇਹ ਘਟਨਾ ਬੀਤੇ 10-11 ਸਤਬੰਰ ਦੀ ਅੱਧੀ ਰਾਤ ਵੇਲੇ ਵਾਪਰੀ ਸੀ ਜਦੋਂ ਕਿ ਬਲਵਿੰਦਰ ਕੌਰ (55) ਦੇ ਕਤਲ ਉਪਰ ਉਸ ਦੇ

**ਬਾਕੀ ਸਫ਼ਾ 32 'ਤੇ**

## ਸ਼ਰਾਬ ਦੇ ਠੇਕੇਦਾਰਾਂ ਨੇ ਬਣਾਏ ਗ਼ੈਰਕਾਨੂੰਨੀ 'ਨਾਈਟ ਗੈਂਗ'

**ਬਠਿੰਡਾ/ਬਿਊਰੋ ਨਿਊਜ਼ :** ਸ਼ਰਾਬ ਠੇਕੇਦਾਰਾਂ ਨੇ ਹੁਣ ਗ਼ੈਰਕਨੂੰਨੀ ਤੌਰ ਉੱਤੇ 'ਨਾਈਟ ਗੈਂਗ' ਬਣਾ ਲਏ ਹਨ। ਬਠਿੰਡਾ, ਮਾਨਸਾ, ਫ਼ਰੀਦਕੋਟ ਤੇ ਫ਼ਾਜ਼ਿਲਕਾ ਵਿੱਚ ਅਜਿਹੇ 'ਨਾਈਟ ਗੈਂਗ' ਚੱਲ ਰਹੇ ਹਨ ਜੋ ਨਾਜਾਇਜ਼ ਸ਼ਰਾਬ ਦੀ ਵਿਕਰੀ ਰੋਕਣ ਦੇ ਨਾਮ ਹੇਠ ਖ਼ੁਦ 'ਸਿੱਧੀ ਕਾਰਵਾਈ' ਕਰਦੇ ਹਨ। ਫ਼ਾਜ਼ਿਲਕਾ ਕਾਂਡ ਸਮੇਤ ਮਾਲਵੇ ਵਿੱਚ ਦਰਜਨਾਂ ਦਲਿਤਾਂ ਨੂੰ ਇਨ੍ਹਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ। ਠੇਕੇਦਾਰਾਂ ਨੇ ਜੇਲ੍ਹਾਂ ਵਿਚੋਂ ਆਏ ਨੌਜਵਾਨਾਂ ਅਤੇ ਬੇਰੁਜ਼ਗਾਰਾਂ ਨੂੰ ਹਾਇਰ ਕਰਕੇ 'ਨਾਈਟ ਗੈਂਗ' ਬਣਾਏ ਹੋਏ ਹਨ ਜੋ ਆਪਣੇ ਤੌਰ 'ਤੇ ਸਿੱਧਾ ਹਮਲਾ ਕਰਦੇ ਹਨ। ਐਤਕੀਂ ਸਰਕਾਰ ਵੀ ਆਪਣੇ ਚਹੇਤੇ ਠੇਕੇਦਾਰਾਂ ਦੀ ਕਥਿਤ ਮਦਦ ਲਈ ਨਾਜਾਇਜ਼ ਸ਼ਰਾਬ ਦੇ ਧੜਾਧੜ ਕੇਸ ਦਰਜ ਕਰਾ ਰਹੀ ਹੈ। ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਦੀ ਰਿਪੋਰਟ ਅਨੁਸਾਰ ਕਰ ਅਤੇ ਆਬਕਾਰੀ ਵਿਭਾਗ ਨੇ ਬਠਿੰਡਾ ਤੇ ਮਾਨਸਾ ਵਿੱਚ ਪਹਿਲੀ ਅਪਰੈਲ ਤੋਂ 30 ਸਤੰਬਰ 2016 ਤੱਕ ਐਕਸਾਈਜ਼ ਐਕਟ ਤਹਿਤ 520 ਕੇਸ ਦਰਜ ਕਰਾਏ ਹਨ ਜੋ ਹੁਣ ਤੱਕ ਦਾ ਰਿਕਾਰਡ ਹੈ। ਬਠਿੰਡਾ ਵਿੱਚ ਇਸ ਸਮੇਂ ਦੌਰਾਨ 310 ਕੇਸ ਦਰਜ ਕਰਾਏ ਗਏ ਅਤੇ ਲੰਘੇ ਚਾਰ ਮਹੀਨਿਆਂ ਤੋਂ ਤਾਂ ਔਸਤਨ ਰੋਜ਼ਾਨਾ ਦੋ ਪੁਲੀਸ ਕੇਸ ਦਰਜ ਹੋਏ ਹਨ। ਮਾਨਸਾ ਵਿੱਚ ਛੇ ਮਹੀਨਿਆਂ ਦੌਰਾਨ ਐਕਸਾਈਜ਼ ਐਕਟ ਤਹਿਤ 210 ਕੇਸ ਦਰਜ ਹੋਏ ਹਨ। ਸੂਤਰਾਂ ਅਨੁਸਾਰ ਠੇਕੇਦਾਰਾਂ ਦੇ ਇੱਕ 'ਨਾਈਟ ਗੈਂਗ' ਵਿੱਚ ਦਰਜਨ ਦੇ ਕਰੀਬ ਨੌਜਵਾਨ ਕੰਮ ਕਰਦੇ ਹਨ, ਜਿਨ੍ਹਾਂ ਨੂੰ ਬਾਕਾਇਦਾ ਅਸਲੇ ਸਮੇਤ ਤਿੰਨ ਤਿੰਨ, ਚਾਰ ਚਾਰ ਗੱਡੀਆਂ ਦਿੱਤੀਆਂ ਹੋਈਆਂ ਹਨ ਅਤੇ ਰਾਤ ਵਕਤ ਇਹ ਗੈਂਗ ਗ਼ੈਰਕਨੂੰਨੀ ਤੌਰ 'ਤੇ ਨਾਕੇ ਵੀ ਲਾਉਂਦੇ ਹਨ। ਤਲਵੰਡੀ ਸਾਬੋ ਇਲਾਕੇ ਵਿੱਚ 'ਨਾਈਟ ਗੈਂਗ' ਵੱਲੋਂ ਇੱਕ ਵਾਹਨ ਸਵਾਰ ਨੂੰ ਨਾਜਾਇਜ਼ ਸ਼ਰਾਬ ਦੇ ਸ਼ੱਕ ਹੇਠ ਗੋਲੀ ਦਾ ਸ਼ਿਕਾਰ ਬਣਾਇਆ ਗਿਆ ਤੇ ਮਗਰੋਂ ਠੇਕੇਦਾਰਾਂ ਨੇ ਪਰਿਵਾਰ ਨਾਲ ਸਮਝੌਤਾ ਕਰ ਲਿਆ ਸੀ। ਹੁਣ ਘਰਾਂਗਣਾ ਵਿੱਚ ਦਲਿਤ ਨੌਜਵਾਨ ਨੂੰ ਮਾਰ ਮੁਕਾਇਆ ਹੈ।

'ਨਾਈਟ ਗੈਂਗ' ਰਾਤ ਬਰਾਤੇ ਲੋਕਾਂ ਦੇ ਘਰਾਂ ਵਿੱਚ ਛਾਪੇ ਵੀ ਮਾਰਦੇ ਹਨ। ਜੋਗਾ ਪੁਲੀਸ ਨੇ 22 ਅਗਸਤ ਨੂੰ ਹੈਪੀ ਠੇਕੇਦਾਰ ਤੇ ਬੰਟੀ ਠੇਕੇਦਾਰ ਖ਼ਿਲਾਫ਼ ਕੇਸ ਵੀ ਦਰਜ ਕੀਤਾ ਸੀ ਜਿਨ੍ਹਾਂ ਨੇ ਭਾਈ ਦੇਸਾ ਦੇ ਢਾਬੇ ਤੇ ਕੁਲਵੰਤ ਸਿੰਘ 'ਤੇ ਹਮਲਾ ਕਰ ਦਿੱਤਾ ਸੀ। ਜ਼ਖ਼ਮੀ ਕੁਲਵੰਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਠੇਕੇਦਾਰਾਂ ਨੇ ਨਾਜਾਇਜ਼ ਸ਼ਰਾਬ ਦੇ ਮਾਮਲੇ ਵਿੱਚ ਨਿਸ਼ਾਨਾ ਬਣਾਇਆ।



ਸ਼ਰਾਬ ਦੇ ਠੇਕੇਦਾਰ ਆਖਦੇ ਹਨ ਕਿ ਉਨ੍ਹਾਂ ਨੇ ਤਾਂ ਆਪਣੇ ਸੂਹੀਏ ਰੱਖੇ ਹੋਏ ਹਨ ਜੋ ਪੁਲੀਸ ਅਤੇ ਐਕਸਾਈਜ਼ ਵਿਭਾਗ ਨੂੰ ਸਿਰਫ਼ ਨਾਜਾਇਜ਼ ਸ਼ਰਾਬ ਦੀ ਸੂਹ ਹੀ ਦਿੰਦੇ ਹਨ। ਉਨ੍ਹਾਂ ਵੱਲੋਂ ਕਿਤੇ ਵੀ ਕਾਨੂੰਨ ਨੂੰ ਹੱਥ ਵਿੱਚ ਨਹੀਂ ਲਿਆ ਜਾਂਦਾ ਹੈ। ਬਠਿੰਡਾ ਦੇ ਵਿਧਾਇਕ ਸਰੂਪ ਚੰਦ ਸਿੰਗਲਾ ਦਾ ਕਹਿਣਾ ਸੀ ਕਿ ਸ਼ਰਾਬ ਠੇਕੇਦਾਰ ਆਪਣੇ ਕੋਲ ਪ੍ਰਾਈਵੇਟ ਆਦਮੀ ਤਾਂ ਰੱਖਦੇ ਹਨ ਪਰ ਉਨ੍ਹਾਂ ਦੀ ਕੋਈ ਗ਼ੈਰਕਾਨੂੰਨੀ ਕਾਰਵਾਈ ਦੀ ਜਾਣਕਾਰੀ ਨਹੀਂ ਹੈ। ਜੇਕਰ ਅਜਿਹੇ ਗੈਂਗ ਹਨ ਤਾਂ ਸਰਕਾਰ ਸਖ਼ਤੀ ਨਾਲ ਰੋਕੇਗੀ। ਉਨ੍ਹਾਂ ਘਰਾਂਗਣਾ ਕਾਂਡ ਦੀ ਉੱਚ ਪੱਧਰੀ ਜਾਂਚ ਹੋਣ ਦੀ ਗੱਲ ਵੀ ਆਖੀ। ਬਠਿੰਡਾ ਜ਼ੋਨ ਦੇ ਆਈਜੀ ਐਸ.ਕੇ. ਅਸਥਾਨਾ ਦਾ ਕਹਿਣਾ ਸੀ ਕਿ ਉਹ ਠੇਕੇਦਾਰਾਂ ਨੂੰ ਅਜਿਹਾ ਮਾਮਲਾ ਧਿਆਨ ਵਿੱਚ ਆਉਣ 'ਤੇ ਤਾੜਨਾ ਕਰਦੇ ਹਨ। ਜਿੱਥੇ ਅਜਿਹਾ ਮਾਮਲਾ ਨੋਟਿਸ ਵਿੱਚ ਆਉਂਦਾ ਹੈ, ਉਸ 'ਤੇ ਫੌਰੀ ਪੁਲੀਸ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਆਖਿਆ ਕਿ ਕੋਈ ਵੀ ਗ਼ੈਰਕਾਨੂੰਨੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਬੀਮੇ ਦੀ ਰਕਮ ਲਈ ਖ਼ੁਦ ਨੂੰ ਮਰਿਆ ਦਿਖਾਉਣ ਦੇ ਦੋਸ਼ ਹੇਠ 6 ਦੋਸ਼ੀਆਂ ਨੂੰ ਉਮਰ ਕੈਦ

### *ਦੋ ਮਜ਼ਦੂਰਾਂ ਨੂੰ ਕਾਰ ਵਿਚ ਜਿਉਂਦਾ ਸਾੜ ਦਿੱਤਾ ਸੀ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੀਵਨ ਬੀਮੇ ਦੇ ਸਾਢੇ ਚਾਰ ਕਰੋੜ ਰੁਪਏ ਹੜੱਪਣ ਲਈ ਖ਼ੁਦ ਨੂੰ ਮਰਿਆ ਸਿੱਧ ਕਰਨਾ ਸੀ, ਇਸ ਲਈ ਦੋ ਮਜ਼ਦੂਰਾਂ ਨੂੰ ਕਾਰ ਵਿਚ ਜ਼ਿੰਦਾ ਸਾੜ ਦਿੱਤਾ। ਹੱਤਿਆ ਕਾਂਡ ਨੂੰ ਅੰਜਾਮ ਦੇਣ ਵਾਲੇ ਦੋ ਦੋਸ਼ੀਆਂ ਸਾਹਿਬ ਸਿੰਘ ਅਤੇ ਜਸਬੀਰ ਕੌਰ ਨੂੰ ਅਦਾਲਤ ਨੇ ਮੌਤ ਨਾ ਹੋਣ ਤਕ ਕੈਦ ਦੀ ਸਜ਼ਾ ਸੁਣਾਈ। ਇਨ੍ਹਾਂ ਦੋਸ਼ੀਆਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ। ਸਰਕਾਰੀ ਵਕੀਲ ਏ.ਪੀ.ਐਸ. ਖਹਿਰਾ(ਏਡੀਏ) ਨੇ ਦੱਸਿਆ ਕਿ ਵਧੀਕ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਜਿਨ੍ਹਾਂ ਛੇ ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਉਨ੍ਹਾਂ ਵਿੱਚੋਂ ਸਾਹਿਬ ਸਿੰਘ ਤੇ ਜਸਬੀਰ ਕੌਰ ਨੂੰ ਮਰਨ ਤੱਕ ਉਮਰ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਬਾਕੀ ਦੋਸ਼ੀਆਂ ਸੁਖਚੈਨ ਸਿੰਘ, ਸਰਬਜੀਤ ਕੌਰ, ਅਵਤਾਰ ਸਿੰਘ ਅਤੇ ਨਿਸ਼ਾਨ ਸਿੰਘ ਸ਼ਾਮਲ ਹਨ। ਇਸ ਮਾਮਲੇ ਵਿੱਚ ਪੰਜ ਵਿਅਕਤੀ ਅਜੇ ਵੀ ਭਗੌੜੇ ਹਨ ਜਿਨ੍ਹਾਂ ਵਿੱਚ ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਸੁਖਵੰਤ ਸਿੰਘ, ਮੁਖਤਿਆਰ ਸਿੰਘ ਤੇ ਸੁਰਿੰਦਰ ਸਿੰਘ ਸ਼ਾਮਲ ਹਨ ਜਦੋਂਕਿ ਰਣਜੀਤ ਸਿੰਘ ਨਾਮ ਦੇ ਵਿਅਕਤੀ ਦੀ ਕੇਸ ਦੀ ਸੁਣਵਾਈ ਦੌਰਾਨ ਹੀ ਮੌਤ ਹੋ ਗਈ ਸੀ। ਇਸ ਸਬੰਧੀ ਘਟਨਾ 22 ਜਨਵਰੀ 2014 ਨੂੰ ਤੜਕੇ ਵਾਪਰੀ ਸੀ ਜਿਸ ਤਹਿਤ ਜੀ.ਟੀ. ਰੋਡ 'ਤੇ ਦਬੁਰਜੀ ਨੇੜੇ ਇਕ ਕਾਰ ਨੂੰ ਅੱਗ ਲੱਗ ਗਈ ਸੀ। ਕਾਰ ਨੂੰ ਅੱਗ ਲੱਗਣ ਨਾਲ ਕਾਰ ਸਵਾਰ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਮਗਰੋਂ ਮਰਨ ਵਾਲਿਆਂ ਵਿੱਚੋਂ ਦੋ ਦੀ ਸ਼ਨਾਖਤ ਸਾਹਿਬ ਸਿੰਘ ਅਤੇ ਸੁਰਿੰਦਰ ਸਿੰਘ ਵਜੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਕੀਤੀ ਸੀ। ਇਸ ਮਾਮਲੇ ਨੇ ਉਸ ਵੇਲੇ ਨਵਾਂ ਮੋੜ ਲਿਆ ਜਦੋਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਕੀਤੀ ਗਈ ਜਾਂਚ ਦੌਰਾਨ ਇਹ ਮਾਮਲਾ ਗਲਤ ਸ਼ਨਾਖਤ ਦਾ ਦੱਸਿਆ ਗਿਆ ਅਤੇ ਇਸ ਦੇ ਪਿੱਛੇ ਬੀਮੇ ਦੀ ਰਕਮ ਹੜੱਪਣ ਦੀ ਯੋਜਨਾ ਦੱਸੀ ਗਈ। ਸੰਗਠਨ ਵੱਲੋਂ ਇਸ ਸਬੰਧ ਵਿੱਚ 13 ਮਾਰਚ 2014 ਨੂੰ ਪੁਲੀਸ ਕੋਲ ਸ਼ਿਕਾਇਤ ਦਰਜ ਕਰਾਈ ਗਈ ਅਤੇ ਚਾਟੀਵਿੰਡ ਥਾਣੇ ਦੀ ਪੁਲੀਸ ਵੱਲੋਂ 15 ਮਾਰਚ 2014 ਨੂੰ 302 ਸਮੇਤ ਵੱਖ ਵੱਖ ਧਾਰਾਵਾਂ ਤਹਿਤ 12 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ। ਪੁਲੀਸ ਨੇ ਸੱਤ ਵਿਅਕਤੀਆਂ ਨੂੰ ਕਾਬੂ ਕਰ ਲਿਆ ਸੀ ਜਦੋਂਕਿ ਪੰਜ ਫ਼ਰਾਰ ਸਨ।



### ਆਸਟਰੇਲੀਆ ਵਿਚ ਇਕ ਲੜੀਵਾਰ ਦੇਖ ਰਚੀ ਗਈ ਸਾਜ਼ਿਸ਼

ਮੁੱਖ ਸੂਤਰਧਾਰ ਸੁਰਿੰਦਰ, ਉਸ ਦੇ ਪੁੱਤਰ ਸੁਖਵੰਤ ਤੇ ਮੁਖਤਾਰ ਸਿੰਘ ਹਨ। ਸੁਖਵੰਤ ਅਤੇ ਮੁਖਤਾਰ ਆਸਟਰੇਲੀਆ ਵਿਚ ਰਹਿੰਦੇ ਹਨ। ਉਨ੍ਹਾਂ ਨੇ ਉਥੇ ਇਕ ਲੜੀਵਾਰ ਦੇਖਿਆ ਜਿਸ ਵਿਚ ਅਣਜਾਣ ਲੋਕਾਂ ਨੂੰ ਮਾਰ ਕੇ ਕਰੋੜਾਂ ਦੀ ਇੰਸ਼ੋਰੈਂਸ ਲਈ ਗਈ। ਉਸੇ ਤਰਜ਼ 'ਤੇ ਉਨ੍ਹਾਂ ਨੇ ਇਕ ਸਾਜ਼ਿਸ਼ ਰਚੀ, ਜਿਸ ਵਿਚ ਸੁਰਿੰਦਰ ਨੇ ਦੋਸਤ ਸਾਹਿਬ ਨੂੰ ਨਾਲ ਲਿਆ। ਸਤੰਬਰ 2013 ਵਿਚ ਸੁਰਿੰਦਰ ਨੇ 2. ਕਰੋੜ ਅਤੇ ਸਾਹਿਬ ਨੇ ਇਕ ਕਰੋੜ ਦੀ ਇੰਸ਼ੋਰੈਂਸ ਕਰਵਾਈ। ਨਾਲ ਹੀ ਕਾਰ ਇੰਸ਼ੋਰੈਂਸ ਵੀ ਕਰਵਾਈ, ਜਿਸ ਵਿਚ ਕਲਾਜ ਸੀ ਕਿ ਗੱਡੀ ਵਿਚ ਮੌਤ ਹੋਣ 'ਤੇ ਕੰਪਨੀ 40-40 ਲੱਖ ਦੇਵੇਗੀ। ਇਸੇ ਦੌਰਾਨ ਉਹ ਕਾਰ ਕੰਪਨੀ ਵਿਚ ਫਰਜ਼ੀ ਕੰਪਲੇਟ ਦੇਣ ਲੱਗੇ ਕਿ ਕਾਰ ਦਾ ਸੈਂਟਰ ਲਾਕ ਸਿਸਟਮ ਖ਼ਰਾਬ ਹੈ। ਜਦੋਂ ਇੰਸ਼ੋਰੈਂਸ ਦਾ ਸਾਰਾ ਸਿਲਸਿਲਾ ਪੂਰਾ ਹੋ ਗਿਆ ਤਾਂ ਇਹ ਦੋ ਮਜ਼ਦੂਰਾਂ ਨੂੰ ਨਾਲ ਲੈ ਆਏ। ਫਿਰ ਉਨ੍ਹਾਂ ਨੂੰ ਖ਼ੂਬ ਸ਼ਰਾਬ ਪਿਲਾਈ। ਜਦੋਂ ਉਹ ਬੇਸੁੱਧ ਹੋ ਗਏ ਤਾਂ ਵਾਰਦਾਤ ਨੂੰ ਅੰਜਾਮ ਦੇ ਦਿੱਤਾ।

## ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਨਹੋਜ਼ੇ/ਬਿਊਰੋ ਨਿਊਜ਼ :**
ਸਿੱਖ ਗੁਰਦੁਆਰਾ CFCF MURILO AVE SANJOSE CA. IEADH ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ 'ਪ੍ਰਵਾਨਾ' ਨੇ ਮੰਚ ਸੰਚਾਲਨ ਕੀਤਾ। ਹਾਜ਼ਰ ਕਵੀਆਂ ਨੇ ਗੁਰਮਤਿ ਗੁਰੂ ਨਾਲ, ਗੁਰੂ ਇਤਿਹਾਸ ਨਾਲ ਜੁੜੀਆਂ ਰਚਨਾਵਾਂ ਨਾਲ ਸਾਂਝ ਪਾਈ ਜਿਨ੍ਹਾਂ ਵਿਚ ਮਹਿੰਦਰ ਸਿੰਘ ਰਾਜਪੂਤ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮਾਂਟ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਸਨ। ਪ੍ਰਬੰਧਕਾਂ ਵੱਲੋਂ ਖੁਸ਼ੀ ਜ਼ਾਹਰ ਕਰਦੇ ਹੋਏ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਗਈ ਅਤੇ ਕਵੀਆਂ ਦਾ ਸਨਮਾਨ ਕੀਤਾ ਗਿਆ। ਧਾਰਮਿਕ ਕਵੀ ਦਰਬਾਰਾਂ ਵਿਚ ਸ਼ਾਮਲ ਹੋਣ ਲਈ (510) 415-9377 ਜਾਂ (408) 568-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਇਕੱਤਰਤਾ 23 ਅਕਤੂਬਰ ਨੂੰ

**ਸਟਾਕਟਨ/ਬਿਊਰੋ ਨਿਊਜ਼ :** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 23 ਅਕਤੂਬਰ ਐਤਵਾਰ ਨੂੰ ਨੇੜਲੇ ਕਸਬੇ India Taj Cuisine, 7400 South Eldorado St. French Camp CA 95231 ਵਿਚ ਆਪਣੀ ਤਿਮਾਹੀ ਇਕੱਤ੍ਰਤਾ ਕਰਵਾਈ ਜਾ ਰਹੀ ਹੈ ਜੋ ਦੁਪਹਿਰ 2.00 ਵਜੇ ਤੋਂ ਸ਼ਾਮ 5.00 ਵਜੇ ਤੱਕ ਚੱਲੇਗੀ। ਪ੍ਰੋਗਰਾਮ ਦੀ ਰੂਪ ਰੇਖਾ ਅਨੁਸਾਰ ਇਸ ਵਿਚ ਵਿਦਵਾਨ ਅਤੇ ਸਾਹਿਤਕਾਰ 'ਵਿਸ਼ਵੀਕਰਨ ਦੇ ਦੌਰ ਵਿਚ ਸਾਹਿਤ ਸਭਿਆਚਾਰ ਅਤੇ ਆਮ ਲੋਕ' ਬਾਰੇ ਆਪਣੇ ਸਾਰਥਕ ਵਿਚਾਰ ਸਾਂਝੇ ਕਰਨਗੇ। ਇਸ ਤੋਂ ਬਾਅਦ ਕਹਾਣੀ ਦਰਬਾਰ ਹੋਵੇਗਾ, ਜਿਸ ਵਿਚ ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਆਲੋਚਨਾਤਮਕ ਨਜ਼ਰੀਏ ਤੋਂ ਗੱਲਬਾਤ ਕੀਤੀ ਜਾਵੇਗੀ। ਇਸ ਉਪਰੰਤ ਗੀਤ, ਸੰਗੀਤ ਅਤੇ ਕਵਿਤਾਵਾਂ ਦਾ ਖੂਬਸੂਰਤ ਦੌਰ ਚਲੇਗਾ। ਵਧੇਰੇ ਜਾਣਕਾਰੀ ਲਈ ਹਰਜਿੰਦਰ ਪੰਧੇਰ ਨਾਲ 209-610- 5055 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਫਰਿਜ਼ਨੋ 'ਚ ਸਭਿਆਚਾਰਕ ਸ਼ਾਮ : ਜਸਵੀਰ ਗੁਣਾਚੌਰੀਆ ਤੇ ਧਰਮਵੀਰ ਥਾਂਦੀ ਨੇ ਲਵਾਈ ਹਾਜ਼ਰੀ

### *ਸਭਿਆਚਾਰਕ ਪੰਜਾਬੀ ਗਾਇਕੀ ਤੇ ਗੀਤਕਾਰੀ 'ਤੇ ਹੋਈ ਚਰਚਾ*



**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆ/ਨੀਟਾ ਮਾਛੀਕੇ :** ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਪਿੰਦਾ ਚੀਮਾ ਅਤੇ ਗੁੱਲੂ ਸਿੱਧੂ ਬਰਾੜ ਨੇ ਕਲੋਵਸ ਸ਼ਹਿਰ ਦੇ ਆਲੀਸ਼ਾਨ ਰੈਸ਼ਟੋਰੈਂਟ 'ਐਲੀਵੈਂਟ ਲੋਗ' ਵਿੱਚ ਪੰਜਾਬੀ ਗੀਤਕਾਰੀ ਨੂੰ ਸਮਰਪਤ ਸ਼ਾਮ ਮਨਾਈ। ਪੰਜਾਬੀ ਗਾਇਕੀ ਦੇ ਜਾਣੇ-ਪਛਾਣੇ ਲੇਖਕ ਜਸਵੀਰ ਗੁਣਾਚੌਰੀਆ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦੌਰਾਨ ਸਾਫ-ਸੁਥਰੀ ਸਭਿਆਚਾਰਕ ਗੀਤਕਾਰੀ ਅਤੇ ਗਾਇਕੀ 'ਤੇ ਭਰਪੂਰ ਵਿਚਾਰਾ ਹੋਈਆਂ। ਇਸ ਮਗਰੋਂ ਸ਼ਾਨਦਾਰ ਮਹਿਫਲ ਦਾ ਆਗਾਜ਼ ਹੋਇਆ। ਜਸਵੀਰ ਗੁਣਾਚੌਰੀਆ ਨੇ ਪੰਜਾਬੀ ਬੋਲੀ ਦੇ ਵਿਕਾਸ ਦੀ ਗੱਲ ਕਰਦਿਆਂ ਪੁਰਾਤਨ ਗੀਤਕਾਰੀ ਅਤੇ ਅੱਜ ਦੇ ਸਮੇਂ ਅੰਦਰ ਪ੍ਰਚੱਲਤ ਗੀਤਾਂ ਦੀ ਗੱਲ ਕੀਤੀ। ਉਨ੍ਹਾਂ ਆਪਣੇ ਬਹੁਤ ਸਾਰੇ ਮਕਬੂਲ ਗੀਤ ਸੁਣਾ ਕੇ ਹਾਜ਼ਰੀਨ ਦੀ ਵਾਹ-ਵਾਹ ਖੱਟੀ। ਪ੍ਰਸਿੱਧ ਗੀਤਕਾਰ ਸੁੱਖੀ ਧਾਲੀਵਾਲ, ਕਵੀ ਜਨਾਬ ਹਰਜਿੰਦਰ ਕੰਗ, ਅਵਤਾਰ ਗੋਂਦਾਰਾ, ਸੰਤੋਖ ਮਿਨਹਾਸ, ਗੈਰੀ ਢੇਸੀ, ਵਿੱਕੀ ਹੀਰ, ਬਲਵੀਰ ਢਿੱਲੋਂ, ਜਸਵੰਤ ਮਹਿੰਮੀ, ਦਿਲਬਾਗ ਬੰਗੜ, ਕੁਲਵੰਤ ਉੱਭੀ, ਪਿੰਦਾ ਚੀਮਾ, ਗੁੱਲੂ ਸਿੱਧੂ ਬਰਾੜ, ਅਵਤਾਰ ਲਾਖਾ, ਕੁਲਵੰਤ ਸੇਖੋਂ, ਪਾਲ ਧਾਲੀਵਾਲ, ਪ੍ਰਦੀਪ ਮਿਨਹਾਸ, ਬਹਾਦਰ ਸਿੰਘ ਚੀਮਾ, ਭਜਨ ਸਿੰਘ ਲੰਬੜਦਾਰ ਨੇ ਵਿਚਾਰ ਸਾਂਝੇ ਕਰਦਿਆਂ ਅਜੋਕੇ ਸਮੇਂ ਦੌਰਾਨ ਵੀਡੀਓ ਦੇ ਯੁੱਗ ਵਿੱਚ ਪੱਛਮੀ ਪ੍ਰਭਾਵ ਅਧੀਨ ਗਿਰਾਵਟ ਵੱਲ ਜਾ ਰਹੀ ਗਾਇਕੀ 'ਤੇ ਚਿੰਤਾ ਪ੍ਰਗਟ ਕੀਤੀ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਕੀਤਾ। ਦੇਰ ਰਾਤ ਤੱਕ ਚੱਲੀ ਇਸ ਮਹਿਫਲ ਵਿੱਚ ਹਾਜ਼ਰੀਨ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਧਰਮਵੀਰ ਥਾਂਦੀ ਨੇ ਆਪਣੀ ਗਾਇਕੀ ਰਾਹੀਂ ਹਾਜ਼ਰੀਨ ਨੂੰ ਕੀਲੀ ਰੱਖਿਆ।

# ਯੂਬਾ ਸਿਟੀ ਸਿੱਖ ਭਾਈਚਾਰੇ ਨੇ ਮੀਡੀਆ ਕੈਂਪੇਨ ਲਈ 135 ਹਜ਼ਾਰ ਡਾਲਰ ਜੁਟਾਏ



**ਯੂਬਾ ਸਿਟੀ/ਬਿਊਰੋ ਨਿਊਜ਼ :** ਅਮਰੀਕੀਆਂ ਨੂੰ ਸਿੱਖਾਂ ਅਤੇ ਸਿੱਖੀ ਬਾਰੇ ਜਾਗਰੂਕ ਕਰਨ ਲਈ ਸਿੱਖ ਭਾਈਚਾਰੇ ਵਲੋਂ ਚਲਾਈ ਜਾ ਰਹੀ ਨੈਸ਼ਨਲ ਸਿੱਖ ਕੈਂਪੇਨ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਸਬੰਧੀ ਕਰਵਾਏ ਗਏ ਸਮਾਰੋਹ ਦੌਰਾਨ 135,000 ਡਾਲਰ ਫੰਡ ਜੁਟਾਏ ਗਏ ਹਨ। ਇਸ ਵੱਡੇ ਸਮਾਰੋਹ ਵਿਚ ਸ਼ਿਰਕਤ ਕਰਨ ਲਈ ਸੈਕਰਾਮੈਂਟੋ ਤੇ ਰੋਜ਼ਵਿਲੇ ਤੋਂ ਵੀ ਸਿੱਖ ਪਹੁੰਚੇ। ਨੈਸ਼ਨਲ ਸਿੱਖ ਕੈਂਪੇਨ ਗੈਰ ਲਾਭਕਾਰੀ ਅਤੇ ਗੈਰ ਸਿਆਸੀ ਸੰਸਥਾ ਹੈ ਜੋ ਰਾਸ਼ਟਰਪਤੀ ਬਰਾਕ ਓਬਾਮਾ ਦੀ ਮੀਡੀਆ ਟੀਮ ਨਾਲ ਜੁੜੀ ਹੈ। ਇਹ ਟੀਮ ਟੀ.ਵੀ. ਅਤੇ ਸ਼ੋਸ਼ਲ ਮੀਡੀਆ ਲਈ ਇਸ਼ਤਿਹਾਰ ਤਿਆਰ ਕਰੇਗੀ ਜਿਸ ਰਾਹੀਂ ਸਿੱਖਾਂ ਦੀ ਪਛਾਣ ਬਾਰੇ ਅਮਰੀਕੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਇੰਡੀਅਨ ਆਇਡਲ ਰਾਹੀਂ ਪ੍ਰਸਿੱਧੀ ਹਾਸਲ ਕਰਨ ਵਾਲੇ ਦਵਿੰਦਰਪਾਲ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਦਾ ਜਾਦੂ ਬਿਖੇਰਿਆ। ਡਾ. ਜਸਬੀਰ ਸਿੰਘ ਕੰਗ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ, 'ਇਹ ਸਾਡੇ ਭਾਈਚਾਰੇ ਦੇ ਸਾਂਝੇ ਯਤਨ ਹਨ ਤਾਂ ਜੋ ਅਸੀਂ ਆਪਣੇ ਸਾਥੀ ਅਮਰੀਕੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਸਕੀਏ। ਇਹ ਬਹੁਤ ਮਹੱਤਵਪੂਰਨ ਹੈ ਕਿ ਅਮਰੀਕਾ ਜਾਣਦਾ ਹੈ ਕਿ ਅਸੀਂ ਇਸ ਦੇਸ਼ ਨੂੰ ਕਿੰਨਾ ਪਿਆਰ ਕਰਦੇ ਹਾਂ ਅਤੇ ਸੌ ਵਰ੍ਹਿਆਂ ਤੋਂ ਅਮਰੀਕਾ ਦਾ ਹਿੱਸਾ ਹਾਂ। ਸਾਡੀਆਂ ਨੈਤਿਕ ਕਦਰਾਂ ਕੀਮਤਾਂ ਬਿਲਕੁਲ ਅਮਰੀਕੀਆਂ ਵਾਲੀਆਂ ਹਨ।'

ਬਾਕੀ ਸਫ਼ਾ 33 'ਤੇ


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



JAI SHREE KRISHAN

ਗ੍ਰਹਿਸਥ ਕਮਜ਼ੋਰੀ ਦਾ ਪੱਕਾ ਇਲਾਜ

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਕਿਸੇ ਵੀ ਉਮਰ 'ਚ ਆਈ ਗ੍ਰਹਿਸਥ ਕਮਜ਼ੋਰੀ, ਸ਼ੁਕਰਾਣੂ ਘਾਟ ਆਦਿ ਗੁਪਤ ਰੋਗਾਂ ਨੂੰ ਜੜ੍ਹ ਤੋਂ ਪੁੱਟਣ ਲਈ ਟਿਕਾਊ ਇਲਾਜ ਕੀਤਾ ਜਾਂਦਾ ਹੈ। ਨਵਾਂ ਵਿਆਹ ਕਰਵਾਉਣ ਵਾਲੇ ਗੱਭਰੂਆਂ ਨੂੰ ਵਿਸ਼ੇਸ਼ ਦਵਾਈ ਦਿੱਤੀ ਜਾਂਦੀ ਹੈ। ਮੌਕੇ 'ਤੇ ਤੁਰੰਤ ਫਾਇਦਾ ਪਹੁੰਚਾਉਣ ਵਾਲੀ ਦਵਾਈ ਵੀ ਦਿੱਤੀ ਜਾਂਦੀ ਹੈ, ਜੋ ਕਿ ਜਵਾਨੀ ਵਿੱਚ ਹੀ ਨਹੀਂ, ਸਗੋਂ ਬੁਢਾਪੇ ਵਿੱਚ ਵੀ ਬਹੁਤ ਸ਼ਾਨਦਾਰ ਅਸਰ ਕਰਦੀ ਹੈ। ਘਰ ਬੈਠੇ ਫੋਨ ਕਰਕੇ ਦਵਾਈ ਮੰਗਵਾਓ।

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ

ਚਿਹਰੇ ਦੇ ਦਾਗ ਤੇ ਛਾਈਆਂ ਦਾ ਇਲਾਜ | ਸਿਹਤ ਬਣਾਓ ਤੇ ਪਤਲੇਪਨ ਦਾ ਇਲਾਜ
ਜੋੜਾਂ ਦਾ ਦਰਦ ਤੇ ਯੂਰਿਕ ਐਸਿਡ | ਵਾਲ ਝੜਨਾ ਜਾਂ ਸਫੈਦ ਹੋਣਾ

AYURVEDIC MEDICINE, NO SIDE EFFECT

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail :- shweat077@yahoo.com www.surajvanshipharmacy.com

Mobile : 98155-33933 Fax : 0091-181-5062627

# Sir Speedy Tustin

Printers to the Community

## Outdoor 3'x11' Promo Flag

Only $29/-

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

Only $69/-

## Receipt Books

Customized with your information and design. 2 part carbonless with numbering and perforation.

Call for Price

## Retractable 33"x 80" Banner

Includes stand and carry bag. Hi-res imaging, durable and Brilliant colors!

Only $225/-

## All Weather 18"x24" Yard Signs

Includes H-stakes. Single sided, durable to sunlight and rain. Reusable!

$49/- for 4

## 11" Printed Balloons

Printed with your logo and info. One color, one location. Min. qty 1000

19¢ each

## Your Printed T-Shirts

White T-Shirts, 1 color screen printing in 1 position. Min Qty. 100

Only $4.99

## Your Printed Caps

1 color in 1 position. Min Qty. 100

Only $4.99

## Trip Envelopes Qty 1000

Only $199/-

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

Call 562-881-7430

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਦਲਿਤਾਂ 'ਤੇ ਹੋ ਰਹੇ ਜ਼ੁਲਮਾਂ ਨਾਲ ਸਿਰ ਝੁਕ ਜਾਂਦੈ : ਮੋਦੀ

**ਲੁਧਿਆਣਾ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਕਿਹਾ ਕਿ 350 ਸਾਲ ਪਹਿਲਾਂ ਪੰਜਾਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਨੇ ਦੇਸ਼ ਵਾਸੀਆਂ ਨੂੰ 'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ' ਦੇ ਪੈਗਾਮ ਨਾਲ ਇਕ ਸੂਤਰ ਵਿੱਚ ਪਰੋਇਆ ਸੀ ਪਰ ਹੁਣ ਵੀ ਦਲਿਤਾਂ ਉੱਤੇ ਜਾਤ-ਪਾਤ ਦੇ ਨਾਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ, ਜਿਸ ਨਾਲ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਸਮਾਂ ਆ ਗਿਆ ਹੈ ਕਿ ਇਸ ਲਈ ਤੰਗਦਿਲੀ ਤੋਂ ਉਪਰ ਉਠਿਆ ਜਾਵੇ। ਇਸ ਮੌਕੇ ਉਨ੍ਹਾਂ ਇਥੇ ਐਸਸੀ/ਐਸਟੀ ਹੱਬ ਅਤੇ ਜ਼ੀਰੋ ਡਿਫੈਕਟ ਜ਼ੀਰੋ ਇਫੈਕਟ (ਬਗੈਰ ਕਿਸੇ ਖ਼ਾਮੀ ਵਾਲੇ ਅਤੇ ਵਾਤਾਵਰਨ 'ਤੇ ਕੋਈ ਪ੍ਰਭਾਵ ਨਾ ਪਾਉਣ ਵਾਲੇ ਤਰੀਕੇ) ਸਕੀਮਾਂ ਲਾਂਚ ਕੀਤੀਆਂ। ਉਨ੍ਹਾਂ ਦਾਅਵਾ ਕੀਤਾ ਕਿ ਲਾਂਚ ਕੀਤੀ ਗਈ ਸਕੀਮ ਨਾਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕੋਈ ਵੀ ਐਸਸੀ/ਐਸਟੀ ਵਰਗ ਦਾ ਵਿਅਕਤੀ ਨੌਕਰੀ ਲਈ ਕਤਾਰ ਵਿੱਚ ਖੜ੍ਹਾ ਨਹੀਂ ਹੋਣਾ ਨਹੀਂ ਚਾਹੁੰਦਾ ਤੇ ਜੇ ਉਸ ਨੂੰ ਸਵੈ-ਰੁਜ਼ਗਾਰ ਮਿਲੇਗਾ ਤਾਂ ਉਹ ਹੋਰਾਂ ਨੂੰ ਨੌਕਰੀਆਂ ਦੇਵੇਗਾ।

ਸ੍ਰੀ ਮੋਦੀ ਨੇ ਜ਼ੀਰੋ ਡਿਫੈਕਟ ਜ਼ੀਰੋ ਇਫੈਕਟ ਬਾਰੇ ਕਿਹਾ ਕਿ ਸੰਸਾਰ ਦੀ ਮੰਡੀ ਵਿੱਚ ਭਾਰਤ ਤਾਂ ਹੀ ਆਪਣੀ ਥਾਂ ਬਣਾਏਗਾ ਜੇ ਮਿਆਰ ਵੱਲ ਧਿਆਨ ਦੇਵਾਂਗੇ। ਉਨ੍ਹਾਂ ਕਿਹਾ ਕਿ ਹੁਣ ਇਹ ਜ਼ਰੂਰੀ ਨਹੀਂ ਕਿ ਸਭ ਕੰਮ ਦਿੱਲੀ ਵਿੱਚ ਹੀ ਹੋਣ ਕਿਉਂਕਿ ਦਿੱਲੀ ਤੋਂ ਬਾਹਰ ਵੀ ਦੇਸ਼ ਹੈ। ਇਸੇ ਲਈ ਇਨ੍ਹਾਂ ਸਕੀਮਾਂ ਨੂੰ ਲੁਧਿਆਣਾ ਵਿੱਚ ਲਾਂਚ ਕੀਤਾ ਗਿਆ ਹੈ। ਕੇਂਦਰੀ ਮੰਤਰੀ ਕਲਰਾਜ ਮਿਸ਼ਰਾ ਨੇ ਸ੍ਰੀ ਮੋਦੀ ਦੀ ਆਮਦ 'ਤੇ ਸਵਾਗਤੀ ਸ਼ਬਦ ਕਹੇ। ਕੇਂਦਰੀ ਮੰਤਰੀ ਤੇ ਪੰਜਾਬ ਭਾਜਪਾ ਪ੍ਰਧਾਨ ਵਿਜੈ ਸਾਂਪਲਾ ਪ੍ਰਧਾਨ ਮੰਤਰੀ ਨੂੰ ਜੀ ਆਇਆਂ ਕਿਹਾ, ਜਦਕਿ ਧੰਨਵਾਦ ਸ਼ਬਦ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਹੇ। ਇਸ ਮੌਕੇ 250 ਲਘੂ ਉੱਦਮੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚੋਂ ਸ੍ਰੀ ਮੋਦੀ ਨੇ 35 ਉੱਦਮੀਆਂ ਨੂੰ ਸਨਮਾਨਿਤ ਕੀਤਾ। ਇਨ੍ਹਾਂ ਵਿਚੋਂ ਗੁਰਦੇਵ ਕੌਰ ਜਲੰਧਰ ਅਤੇ ਪਰਮਜੀਤ ਸਿੰਘ ਮੁਹਾਲੀ ਹੀ ਪੰਜਾਬ ਤੋਂ ਸਨ, ਜਦਕਿ ਬਾਕੀ ਦੇਸ਼ ਦੇ ਹੋਰ ਹਿੱਸਿਆਂ ਵਿਚੋਂ ਸਨ। ਇਸ ਮੌਕੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਨਅਤ ਮੰਤਰੀ ਮਦਨ ਮੋਹਨ ਮਿੱਤਲ, ਭਾਜਪਾ ਆਗੂ ਪਿਯੂਸ਼ ਗੋਇਲ, ਹਰੀ ਭਾਈ ਚੌਧਰੀ, ਰਵਿੰਦਰ ਅਰੋੜਾ ਮੌਜੂਦ ਸਨ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਰਾਜਪਾਲ ਵੀ ਪੀ ਸਿੰਘ ਬਦਨੌਰ।

**'ਇਸਰਾਈਲ ਵਾਂਗ ਕੀਤਾ ਸਰਜੀਕਲ ਹਮਲਾ' :** ਮੰਡੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਤਿਵਾਦ ਖ਼ਿਲਾਫ਼ ਫ਼ੌਜ ਦੇ ਸਰਜੀਕਲ ਹਮਲਿਆਂ ਦੀ ਤੁਲਨਾ ਇਸਰਾਈਲੀ ਤਰਜ਼ ਦੀਆਂ ਮੁਹਿੰਮਾਂ ਨਾਲ ਕਰਦਿਆਂ ਕਿਹਾ ਕਿ ਭਾਰਤੀ ਸੁਰੱਖਿਆ ਬਲਾਂ ਨੇ ਦਿਖਾ ਦਿੱਤਾ ਹੈ ਕਿ ਉਹ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ, 'ਅੱਜ ਕੱਲ੍ਹ ਦੇਸ਼ ਭਰ ਵਿੱਚ ਸਾਡੀ ਫ਼ੌਜ ਦੀ ਬਹਾਦਰੀ ਦੇ ਚਰਚੇ ਹਨ। ਪਹਿਲਾਂ ਅਸੀਂ ਸੁਣਦੇ ਸੀ ਕਿ ਇਸਰਾਈਲ ਨੇ ਇਹ ਕੀਤਾ ਹੈ। ਦੇਸ਼ ਨੇ ਦੇਖਿਆ ਹੈ ਕਿ ਭਾਰਤੀ ਫ਼ੌਜ ਕਿਸੇ ਤੋਂ ਘੱਟ ਨਹੀਂ ਹੈ।' ਇਸਰਾਈਲ ਨੂੰ ਦੁਸ਼ਮਣ ਮੁਲਕਾਂ ਤੇ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਸਰਜੀਕਲ ਹਮਲਿਆਂ ਲਈ ਜਾਣਿਆ ਜਾਂਦਾ ਹੈ। ਪ੍ਰਧਾਨ ਮੰਤਰੀ ਹਿਮਾਚਲ ਪ੍ਰਦੇਸ਼ ਵਿੱਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਜਿਥੇ ਉਨ੍ਹਾਂ ਤਿੰਨ ਪਣ-ਬਿਜਲੀ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਸਰਜੀਕਲ ਹਮਲੇ ਬਾਰੇ ਵਿਰੋਧੀ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਭਾਜਪਾ ਤੇ ਇਸ ਦੀ ਸਰਕਾਰ ਵੱਲੋਂ ਇਸ ਹਮਲੇ ਨੂੰ ਰਾਜਸੀ ਲਾਭ ਲਈ ਪ੍ਰਚਾਰਿਆ ਜਾ ਰਿਹਾ ਹੈ। ਭਾਜਪਾ ਵੱਲੋਂ ਇਹ ਦੋਸ਼ ਰੱਦ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਫ਼ੌਜ ਦਾ ਮਨੋਬਲ ਵਧਾਉਣ ਤੇ ਪ੍ਰਧਾਨ ਮੰਤਰੀ ਦੀ ਮਜ਼ਬੂਤ ਇੱਛਾ ਸ਼ਕਤੀ ਨੂੰ ਉਭਾਰਨ ਲਈ ਇਸ ਮੁੱਦੇ ਨੂੰ ਜਨਤਾ ਤਕ ਲਿਜਾ ਰਹੇ ਹਨ। ਸੁਰੱਖਿਆ ਬਲਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸੇਵਾਮੁਕਤ ਸੈਨਿਕਾਂ ਲਈ 'ਇਕ ਰੈਂਕ-ਇਕ ਪੈਨਸ਼ਨ' ਦੇ ਵਾਅਦੇ ਨੂੰ ਪੂਰਾ ਕੀਤਾ ਹੈ, ਜੋ 40 ਸਾਲ ਤੋਂ ਵੱਧ ਸਮੇਂ ਤੋਂ ਲਟਕ ਰਿਹਾ ਸੀ। ਇਸ ਦੌਰਾਨ ਪ੍ਰਧਾਨ ਮੰਤਰੀ ਦੀ ਇਥੇ ਰੈਲੀ ਵਿੱਚ ਹਿਮਾਚਲ ਪ੍ਰਦੇਸ਼ ਦੇ ਸਾਰੇ ਸਿਖ਼ਰਲੇ ਨੇਤਾ ਮੌਜੂਦ ਸਨ ਪਰ ਪੋਸਟਰਾਂ ਵਿੱਚ ਸਥਾਨਕ ਨੇਤਾਵਾਂ ਦੇ ਚਿਹਰੇ ਨਜ਼ਰ ਨਹੀਂ ਆਏ।

## ਬਾਦਲ ਸਰਕਾਰ ਨੂੰ ਘੇਰਨ ਲਈ ਲੱਖਾਂ ਮੁਲਾਜ਼ਮਾਂ ਨੇ ਕਮਰ ਕੱਸੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਲੱਖਾਂ ਮੁਲਾਜ਼ਮਾਂ ਨੇ ਬਾਦਲ ਸਰਕਾਰ ਦੀਆਂ ਵਾਅਦਾ ਖ਼ਿਲਾਫ਼ੀਆਂ ਵਿਰੁੱਧ ਵਿਧਾਨ ਸਭਾ ਚੋਣਾਂ ਦੌਰਾਨ ਹੁਕਮਰਾਨ ਗਠਜੋੜ ਅਕਾਲੀ ਦਲ-ਭਾਜਪਾ ਨੂੰ ਘੇਰਨ ਦੀ ਤਿਆਰੀ ਕਸ ਲਈ ਹੈ। ਇਸ ਤਹਿਤ ਮੁਲਾਜ਼ਮਾਂ ਨੇ 20 ਅਕਤੂਬਰ ਤੋਂ ਹੜਤਾਲ 'ਤੇ ਜਾਣ ਅਤੇ 26 ਅਕਤੂਬਰ ਨੂੰ ਸਮੂਹਕ ਗ੍ਰਿਫ਼ਤਾਰੀਆਂ ਦੇਣ ਦੇ ਫ਼ੈਸਲੇ ਲਏ ਹਨ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਜਿਥੇ ਛੇਵੇਂ ਤਨਖਾਹ ਕਮਿਸ਼ਨ ਦੇ ਗਠਨ ਸਬੰਧੀ ਘੇਸਲ ਵੱਟ ਲਈ ਹੈ, ਉਥੇ ਕੀਤੇ ਵਾਅਦੇ ਅਨੁਸਾਰ ਡੀਏ ਦੀਆਂ 17 ਫ਼ੀਸਦ ਦੋ ਕਿਸ਼ਤਾਂ ਦੇ ਟੁੱਟਵੇਂ ਢੰਗ ਨਾਲ ਬਕਾਏ ਜਾਰੀ ਕਰਨ ਦੇ ਫ਼ੈਸਲਿਆਂ ਤੋਂ ਵੀ ਮੂੰਹ ਮੋੜ ਲਿਆ ਹੈ। ਇਸ ਤੋਂ ਇਲਾਵਾ ਸਰਕਾਰ ਕੇਂਦਰੀ ਪੈਟਰਨ 'ਤੇ 1 ਜੁਲਾਈ 2016 ਤੋਂ ਬਣਦੀ 6 ਫ਼ੀਸਦੀ ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਤੋਂ ਵੀ ਟਾਲਾ ਵੱਟ ਰਹੀ ਹੈ। ਸਰਕਾਰ ਅੰਤਰਿਮ ਰਾਹਤ ਦੇਣ ਬਾਰੇ ਵੀ ਚੁੱਪ ਹੈ ਅਤੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਮੁੱਦੇ ਨੂੰ ਵੀ ਲਮਕਾ ਰਹੀ ਹੈ। ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਐਸੋਸੀਏਸ਼ਨ ਦੇ ਪ੍ਰਧਾਨ ਨਛੱਤਰ ਸਿੰਘ ਭਾਈਰੂਪਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ 19 ਅਕਤੂਬਰ ਨੂੰ ਪੰਜਾਬ ਭਰ ਵਿਚ ਰੈਲੀਆਂ ਕਰਨ ਅਤੇ 20 ਤੇ 21 ਅਕਤੂਬਰ ਨੂੰ ਕਲਮ ਛੋੜ ਹੜਤਾਲ ਕਰਕੇ ਪੰਜਾਬ ਵਿੱਚ ਸਮੁੱਚਾ ਦਫਤਰੀ ਕੰਮ ਠੱਪ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਚਾਹਲ ਨੇ ਚਿਤਾਵਨੀ ਦਿੱਤੀ ਕਿ ਜੇਕਰ 21 ਅਕਤੂਬਰ ਤੱਕ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਿੱਧੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਪੰਜਾਬ ਅਤੇ ਯੂਟੀ ਦੇ ਮੁਲਾਜ਼ਮਾਂ ਦੀ ਸੰਘਰਸ਼ ਕਮੇਟੀ ਨੇ 19 ਅਕਤੂਬਰ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਸਰਕਾਰ ਦੀਆਂ ਅਰਥੀਆਂ ਫੂਕਣ ਅਤੇ 27 ਅਕਤੂਬਰ ਨੂੰ ਮੁਹਾਲੀ ਵਿੱਚ ਸੂਬਾਈ ਰੈਲੀ ਕਰਕੇ ਸਮੂਹਕ ਗ੍ਰਿਫ਼ਤਾਰੀਆਂ ਦੇਣ ਦਾ ਫ਼ੈਸਲਾ ਲਿਆ ਹੈ। ਸੰਘਰਸ਼ ਕਮੇਟੀ ਦੇ ਇਕ ਕਨਵੀਨਰ ਵੇਦ ਪ੍ਰਕਾਸ਼ ਨੇ ਕਿਹਾ ਕਿ ਪੰਜਾਬ ਵਿੱਚ ਕਿਸੇ ਵੇਲੇ ਵੀ ਚੋਣ ਜ਼ਾਬਤਾ ਲੱਗ ਸਕਦਾ ਹੈ, ਜਿਸ ਕਾਰਨ 26 ਅਕਤੂਬਰ ਤੋਂ ਫੈਸਲਾਕੁਨ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਗੌਰਮਿੰਟ ਟੀਚਰਜ਼ ਯੂਨੀਅਨ ਦੇ ਪ੍ਰੈੱਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਵੀ 21 ਤੋਂ 25 ਅਕਤੂਬਰ ਤੱਕ ਰਾਜ ਭਰ ਵਿੱਚ ਰੈਲੀਆਂ ਕਰਨ ਉਪਰੰਤ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੇ ਹਲਕੇ ਰੂਪਨਗਰ ਵਿੱਚ ਪ੍ਰਦਰਸ਼ਨ ਕਰਨ ਦੀ ਚਿਤਾਵਨੀ ਦਿੱਤੀ ਹੈ।

### ਡਿਗਰੀ ਵਿਵਾਦ

## ਸਮ੍ਰਿਤੀ ਇਰਾਨੀ ਨੂੰ ਮਿਲੀ ਰਾਹਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਡਿਗਰੀ ਵਿਵਾਦ ਵਿਚ ਘਿਰੀ ਕੇਂਦਰੀ ਕੱਪੜਾ ਮੰਤਰੀ ਸਮ੍ਰਿਤੀ ਇਰਾਨੀ ਨੂੰ ਦਿੱਲੀ ਦੀ ਅਦਾਲਤ ਨੇ ਰਾਹਤ ਦੇ ਦਿੱਤੀ। ਵਿਦਿਅਕ



ਯੋਗਤਾ ਬਾਰੇ ਚੋਣ ਕਮਿਸ਼ਨ ਨੂੰ ਝੂਠੀ ਜਾਣਕਾਰੀ ਦੇਣ ਦਾ ਦੋਸ਼ ਲਾਉਂਦਿਆਂ ਅਰਜ਼ੀ ਵਿਚ ਕਿਹਾ ਗਿਆ ਸੀ ਕਿ ਸਮ੍ਰਿਤੀ ਇਰਾਨੀ ਨੂੰ ਸੰਮਨ ਜਾਰੀ ਕੀਤੇ ਜਾਣ। ਅਦਾਲਤ ਨੇ ਕਿਹਾ ਕਿ ਇਹ ਪਟੀਸ਼ਨ ਬਿਨਾਂ ਵਜ੍ਹਾ ਪਰੇਸ਼ਾਨ ਕਰਨ ਦੇ ਮਕਸਦ ਨਾਲ ਦਾਖ਼ਲ ਕੀਤੀ ਗਈ ਸੀ ਕਿਉਂਕਿ ਉਹ ਕੇਂਦਰੀ ਮੰਤਰੀ ਹੈ। ਮੈਟਰੋਪਾਲਿਟਨ ਮੈਜਿਸਟਰੇਟ ਹਰਵਿੰਦਰ ਸਿੰਘ ਨੇ ਕੇਂਦਰੀ ਮੰਤਰੀ ਨੂੰ ਮੁਲਜ਼ਮ ਵਜੋਂ ਸੰਮਨ ਭੇਜਣ ਦੀ ਅਪੀਲ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਸ਼ਿਕਾਇਤ ਦਾਖ਼ਲ ਕਰਨ ਲਈ ਕਰੀਬ 11 ਸਾਲਾਂ ਦਾ ਸਮਾਂ ਲਾ ਦਿੱਤਾ ਗਿਆ। ਫ੍ਰੀਲਾਂਸ ਪੱਤਰਕਾਰ ਅਹਿਮਰ ਖ਼ਾਨ ਨੇ ਇਰਾਨੀ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਕਿ ਉਸ ਨੇ 2004, 2011 ਅਤੇ 2014 ਵਿਚ ਚੋਣ ਕਮਿਸ਼ਨ ਮੂਹਰੇ ਦਾਖ਼ਲ ਹਲਫ਼ਨਾਮੇ ਵਿਚ ਆਪਣੀ ਵਿਦਿਅਕ ਯੋਗਤਾ ਬਾਰੇ ਗ਼ਲਤ ਜਾਣਕਾਰੀ ਦਿੱਤੀ ਸੀ।

ਅਦਾਲਤ ਨੇ ਅਰਜ਼ੀ ਖ਼ਾਰਜ ਕਰਦਿਆਂ ਕਿਹਾ ਕਿ ਕਈ ਸਾਲ ਬੀਤਣ ਕਾਰਨ ਅਸਲ ਸਬੂਤ ਗੁਆਚ ਚੁੱਕੇ ਹਨ ਅਤੇ ਅਦਾਲਤ ਨੂੰ ਅਜਿਹੇ ਦਾਅਵਿਆਂ ਜਾਂ ਕੇਸਾਂ ਦੇ ਬੋਝ ਤੋਂ ਵੱਖ ਰੱਖਿਆ ਜਾਣਾ ਚਾਹੀਦਾ ਹੈ।

# ਕੰਵਰ ਸੰਧੂ ਨੂੰ ਟਿਕਟ ਦੇਣ ਦੇ ਵਿਰੋਧ 'ਚ 'ਆਪ' ਆਗੂਆਂ ਨੇ ਦਿੱਤਾ ਅਲਟੀਮੇਟਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਵੱਲੋਂ 29 ਉਮੀਦਵਾਰਾਂ ਦੀ ਐਲਾਨੀ ਤੀਸਰੀ ਸੂਚੀ ਵਿੱਚੋਂ ਸੱਤ ਉਮੀਦਵਾਰਾਂ ਵਿਰੁੱਧ ਬਗ਼ਾਵਤੀ ਸੁਰਾਂ ਉਠੀਆਂ ਹਨ ਅਤੇ ਪਾਰਟੀ ਨੇ ਇਨ੍ਹਾਂ ਉਮੀਦਵਾਰਾਂ ਨਾਲ ਇਥੇ ਮੁੱਖ ਦਫ਼ਤਰ ਵਿੱਚ ਮੀਟਿੰਗ ਕਰਕੇ ਬਗ਼ਾਵਤੀ ਸੁਰਾਂ ਠੱਲਣ ਲਈ ਯਤਨ ਵਿੱਢ ਦਿੱਤੇ ਹਨ। ਘੱਟੋ-ਘੱਟ ਸੱਤ ਹਲਕਿਆਂ ਵਿੱਚ ਬਾਹਰੀ ਤੇ ਦਲਬਦਲੂ ਆਗੂਆਂ ਨੂੰ ਟਿਕਟਾਂ ਦੇਣ ਕਾਰਨ ਵਾਲੰਟੀਅਰ ਭੜਕ ਗਏ ਹਨ। 'ਆਪ' ਨੇ ਤਰਨਤਾਰਨ ਤੋਂ ਪਹਿਲਵਾਨ ਕਰਤਾਰ ਸਿੰਘ, ਬੰਗਾ ਤੋਂ ਹਰਜੋਤ ਕੌਰ, ਖਰੜ ਤੋਂ ਪੱਤਰਕਾਰ ਕੰਵਰ ਸੰਧੂ, ਜਗਰਾਓਂ ਤੋਂ ਸਰਵਜੀਤ ਕੌਰ ਮਾਣੂਕੇ, ਮਾਨਸਾ ਤੋਂ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਤੋਂ ਅਗਾਊਂ ਸੇਵਾਮੁਕਤੀ ਲੈਣ ਵਾਲੇ ਨਾਜਰ ਸਿੰਘ ਮਨਸ਼ਾਹੀਆ, ਭਦੌੜ ਤੋਂ ਬੇਰੁਜ਼ਗਾਰ ਲਾਈਨਮੈਨ ਯੂਨੀਅਨ ਦੇ ਪ੍ਰਧਾਨ ਪਿਰਮਲ ਸਿੰਘ, ਮਹਿਲਕਲਾਂ ਤੋਂ ਪ੍ਰੈਸ ਕਲੱਬ ਦੇ ਪ੍ਰਧਾਨ ਕੁਲਵੰਤ ਪੰਡੋਰੀ, ਬਰਨਾਲਾ ਤੋਂ ਵਿਦਿਆਰਥੀ ਆਗੂ ਤੇ ਮਕੈਨੀਕਲ ਇੰਜਨੀਅਰ ਮੀਤ ਹੇਅਰ ਸਮੇਤ ਤਿੰਨ ਡਾਕਟਰਾਂ; ਸ਼ਾਹਕੋਟ ਤੋਂ ਡਾਕਟਰ ਅਮਰਜੀਤ ਸਿੰਘ ਥਿੰਦ, ਚਮਕੌਰ ਸਾਹਿਬ ਤੋਂ



ਕੰਵਰ ਸੰਧੂ — ਚਰਨਜੀਤ ਸਿੰਘ ਚੰਨੀ — ਜਗਤਾਰ ਸਿੰਘ ਸੰਘੇੜਾ

ਡਾਕਟਰ ਚਰਨਜੀਤ ਸਿੰਘ ਅਤੇ ਧਰਮਕੋਟ ਤੋਂ ਡਾਕਟਰ ਰਣਜੋਧ ਸਿੰਘ ਸਰਾ ਨੂੰ ਟਿਕਟਾਂ ਦਿੱਤੀਆਂ ਹਨ। ਖਰੜ ਹਲਕੇ ਤੋਂ ਪੰਚਾਇਤ ਯੂਨੀਅਨ ਦੇ ਸੂਬਾਈ ਪ੍ਰਧਾਨ ਹਰਮਿੰਦਰ ਸਿੰਘ ਮਾਵੀ, ਆਰਟੀਆਈ ਵਿੰਗ ਦੇ ਜੁਆਇੰਟ ਸਕੱਤਰ ਨਰਿੰਦਰ ਸਿੰਘ ਸ਼ੇਰਗਿੱਲ, ਸੁਦੇਸ਼ ਮੁੱਧੋਂ ਅਤੇ ਯੂਥ ਵਿੰਗ ਦੇ ਬਲਾਕ ਪ੍ਰਧਾਨ ਜਗਦੇਵ ਮਲੋਆ ਨੇ ਪਾਰਟੀ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ 25 ਅਕਤੂਬਰ ਤੱਕ ਕੰਵਰ ਸੰਧੂ ਦੀ ਥਾਂ ਇਸ ਹਲਕੇ ਦੇ ਕਿਸੇ ਆਗੂ ਨੂੰ ਟਿਕਟ ਨਾ ਦਿੱਤੀ ਤਾਂ ਉਹ ਕੋਈ ਅਗਲਾ ਫੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਉਹ ਸਾਰੇ ਖਰੜ ਦੇ ਜਾਏ ਹਨ ਪਰ ਬਾਹਰੀ ਬੰਦੇ ਨੂੰ ਟਿਕਟ ਦੇ ਕੇ ਲੀਡਰਸ਼ਿਪ ਨੇ ਵੱਡੀ ਭੁੱਲ ਕੀਤੀ ਹੈ, ਜਿਸ ਦਾ ਖਮਿਆਜ਼ਾ ਪਾਰਟੀ ਨੂੰ ਭੁਗਤਣਾ ਪਵੇਗਾ। ਸ੍ਰੀ ਸੰਧੂ ਵੀ ਪਿਛਲੇ ਸਮੇਂ ਤੋਂ ਖਰੜ ਹਲਕੇ ਦੇ ਹੀ ਪਿੰਡ ਕਾਂਸਲ ਵਿਚ ਰਹਿ ਰਹੇ ਹਨ। ਗਿੱਦੜਬਾਹਾ ਹਲਕੇ ਦੇ ਵਾਲੰਟੀਅਰ ਵੀ ਜਗਦੀਪ ਸਿੰਘ ਸੰਧੂ ਨੂੰ ਬਾਹਰੀ ਉਮੀਦਵਾਰ ਦੱਸ ਕੇ ਵਿਰੋਧ ਕਰ ਰਹੇ ਹਨ। ਸਮਾਣਾ ਹਲਕੇ ਵਿੱਚ ਵੀ ਵਾਲੰਟੀਅਰ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ ਨੂੰ ਟਿਕਟ ਦੇਣ ਵਿਰੁੱਧ ਹਨ। ਬੰਗਾ ਹਲਕੇ ਦੇ ਵਾਲੰਟੀਅਰਾਂ ਵੱਲੋਂ ਹਰਜੋਤ ਕੌਰ ਵਿਰੁੱਧ ਭਾਰੀ ਰੋਹ ਪ੍ਰਗਟ ਕੀਤਾ ਗਿਆ। ਮਾਨਸਾ ਹਲਕੇ ਦੇ ਵਾਲੰਟੀਅਰ ਵੀ ਸ੍ਰੀ ਮਾਨਸ਼ਾਹੀਆ ਵਿਰੁੱਧ ਡੱਟ ਗਏ ਹਨ। ਪਾਰਟੀ ਦੇ ਐਨਆਰਆਈ ਵਿੰਗ ਦੇ ਮੁਖੀ ਜਗਤਾਰ ਸਿੰਘ ਸੰਘੇੜਾ ਵਿਰੁੱਧ ਵੀ ਨਕੋਦਰ ਦੇ ਕੁੱਝ ਵਾਲੰਟੀਅਰ ਭੜਕੇ ਹਨ। ਕੁੱਝ ਦਿਨ ਪਹਿਲਾਂ ਹੀ 'ਆਪ' ਵਿੱਚ ਸ਼ਾਮਲ ਹੋਏ ਚਰਨਜੀਤ ਸਿੰਘ ਚੰਨੀ ਨੂੰ ਨਵਾਂ ਸ਼ਹਿਰ ਤੋਂ ਟਿਕਟ ਦੇਣ ਵਿਰੁੱਧ ਵੀ ਵਾਲੰਟੀਅਰਾਂ ਵਿੱਚ ਘੁਸਰ-ਮੁਸਰ ਹੈ। ਦੂਸਰੇ ਪਾਸੇ ਛੋਟੇਪੁਰ ਧੜਾ ਇਨ੍ਹਾਂ ਬਗਾਵਤੀ ਸੁਰਾਂ ਉਪਰ ਆਸ ਦੀ ਨਜ਼ਰ ਟਿਕਾਈ ਬੈਠਾ ਹੈ। ਸ੍ਰੀ ਸੰਘੇੜਾ ਅਤੇ ਸ੍ਰੀ ਚੰਨੀ ਨੇ ਕਿਹਾ ਕਿ ਕੁੱਝ ਵਾਲੰਟੀਅਰਾਂ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਸੀ ਪਰ ਹੁਣ ਸਭ ਕੁੱਝ ਠੀਕ ਹੈ।

# ਪਿੰਡ ਮੱਲਣ 'ਚ ਗੁਰਦੁਆਰੇ 'ਤੇ ਕਬਜ਼ੇ ਨੂੰ ਲੈ ਕੇ ਨਿਹੰਗਾਂ ਵਿਚ ਹੋਈ ਗੋਲੀਬਾਰੀ ਦੌਰਾਨ 3 ਦੀ ਮੌਤ, 6 ਜ਼ਖ਼ਮੀ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਮੱਲਣ ਵਿਚ ਗੁਰਦੁਆਰਾ ਸਾਹਿਬ ਦੇ ਕਬਜ਼ੇ ਨੂੰ ਲੈ ਕੇ ਨਿਹੰਗ ਸਿੰਘਾਂ ਦੇ 2 ਧੜਿਆਂ ਵਿਚਕਾਰ ਹੋਈ ਗੋਲੀਬਾਰੀ ਦੌਰਾਨ 3 ਨਿਹੰਗਾਂ ਸਿੰਘਾਂ ਦੀ ਮੌਤ ਹੋ ਗਈ ਜਦਕਿ 6 ਜ਼ਖ਼ਮੀ ਹੋ ਗਏ। ਇਸ ਝੜਪ ਦੌਰਾਨ ਦੋ ਗੱਡੀਆਂ ਨੂੰ ਵੀ ਅੱਗ ਲਾ ਦਿੱਤੀ। ਮ੍ਰਿਤਕਾਂ ਦੀ ਪਛਾਣ ਨੈਬ ਸਿੰਘ (60) ਤੇ ਉਸ ਦੇ ਦੋ ਰਿਸ਼ਤੇਦਾਰ ਹਰਵਿੰਦਰ ਸਿੰਘ (30) ਤੇ ਅੰਮ੍ਰਿਤਪਾਲ ਸਿੰਘ (30) ਵਜੋਂ ਹੋਈ ਹੈ। ਇਹ ਝਗੜਾ ਸਵੇਰੇ ਗਿਆਰਾਂ ਵਜੇ ਸ਼ੁਰੂ ਹੋਇਆ ਤੇ ਇਕ ਘੰਟੇ ਤਕ ਚਲਦਾ ਰਿਹਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਪੰਥ ਅਕਾਲੀ ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਪਿੰਡ ਮੱਲਣ ਦੇ ਬਾਬਾ ਨੈਬ ਸਿੰਘ, ਜੋ ਜੱਸੀ ਬਾਗਵਾਲੀ (ਜ਼ਿਲ੍ਹਾ ਬਠਿੰਡਾ) ਵਿਖੇ ਗੁਰਦੁਆਰੇ ਦੇ ਪ੍ਰਬੰਧਕ ਸਨ, ਨੂੰ ਇਕ ਪੱਤਰ ਸੌਂਪਿਆ ਸੀ। ਬਾਬਾ ਨੈਬ ਸਿੰਘ ਆਪਣੇ ਸਮਰਥਕਾਂ ਨਾਲ ਮੰਗਲਵਾਰ ਰਾਤ ਨੂੰ ਬਾਬਾ ਮੱਖਣ ਸਿੰਘ ਕੋਲੋਂ ਗੁਰਦੁਆਰੇ ਦਾ ਕਬਜ਼ਾ ਲੈਣ



ਆਏ ਸਨ ਤੇ ਉਨ੍ਹਾਂ ਪੱਤਰ ਬਾਬਾ ਮੱਖਣ ਸਿੰਘ ਨੂੰ ਦਿੱਤਾ। ਮੱਖਣ ਸਿੰਘ ਦੇ ਭਗਤ ਥੋੜ੍ਹੀ ਗਿਣਤੀ ਵਿਚ ਸਨ, ਇਸ ਲਈ ਉਨ੍ਹਾਂ ਨੇ ਕੋਈ ਹੱਲਾ ਨਾ ਕੀਤਾ ਪਰ ਬੁੱਧਵਾਰ ਸਵੇਰੇ ਮੱਖਣ ਸਿੰਘ ਆਪਣੇ ਵੱਡੀ ਗਿਣਤੀ ਸਮਰਥਕਾਂ ਨਾਲ ਪੁੱਜ ਗਏ। ਇਸ ਦੌਰਾਨ ਦੋਹਾਂ ਧੜਿਆਂ ਵਿਚਾਲੇ ਝੜਪ ਹੋ ਗਈ ਜਿਸ ਨੇ ਹਿੰਸਕ ਰੂਪ ਲੈ ਲਿਆ। ਪਿੰਡ ਮੱਲਣ ਦੇ ਵਸਨੀਕ ਨੇ ਦੱਸਿਆ, 'ਬਾਬਾ ਮੱਖਣ ਸਿੰਘ ਧੜੇ ਦੇ ਸਮਰਥਕਾਂ ਨੇ ਇਕ ਹੋਰ ਗੁਰਦੁਆਰੇ ਤੋਂ ਮੁਨਾਦੀ ਕਰਵਾਈ ਕਿ ਦੂਸਰਾ ਧੜਾ ਜਬਰੀ ਗੁਰਦੁਆਰੇ 'ਤੇ ਕਬਜ਼ਾ ਕਰ ਰਿਹਾ ਹੈ। ਉਨ੍ਹਾਂ ਨੇ ਪਿੰਡ ਦੇ ਲੋਕਾਂ ਤੋਂ ਮਦਦ ਮੰਗੀ।' ਕੁਝ ਪਿੰਡ ਵਾਲੇ ਵੀ ਸਮਝੌਤਾ ਕਰਾਉਣ ਲਈ ਮੌਕੇ 'ਤੇ ਪੁੱਜ ਗਏ ਪਰ ਉਦੋਂ ਤਕ ਦੋਹਾਂ ਧੜਿਆਂ ਵਿਚਾਲੇ ਝੜਪ ਹੋ ਚੁੱਕੀ ਸੀ। ਸੂਤਰਾਂ ਅਨੁਸਾਰ ਇਸ ਦੌਰਾਨ ਕਈ ਗੋਲੀਆਂ ਚਲਾਈਆਂ ਗਈਆਂ। ਦੋਹਾਂ ਧੜਿਆਂ ਦੇ ਸਮਰਥਕਾਂ ਨੇ ਤਲਵਾਰਾਂ ਅਤੇ ਹੋਰ ਤਿੱਖੇ ਹਥਿਆਰ ਕੱਢ ਲਏ। ਇਸ ਹਿੰਸਕ ਲੜਾਈ ਵਿਚ ਤਿੰਨ ਦੀ ਮੌਤ ਹੋ ਗਈ ਤੇ 6 ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ, ਮੁਕਤਸਰ ਦਾਖ਼ਲ ਕਰਵਾਇਆ ਗਿਆ ਹੈ। ਤਿੰਨ ਜਣਿਆਂ ਦੇ ਗੋਲੀਆਂ ਵੀ ਲੱਗੀਆਂ ਹਨ। ਵਾਰਦਾਤ ਦੀ ਸੂਚਨਾ ਮਿਲਦਿਆਂ ਹੀ ਜ਼ਿਲ੍ਹਾ ਪੁਲੀਸ ਮੁਖੀ ਗੁਰਪ੍ਰੀਤ ਸਿੰਘ ਗਿੱਲ ਮੌਕੇ 'ਤੇ ਪਹੁੰਚੇ। ਪੁਲੀਸ ਨੂੰ ਘਟਨਾ ਵਾਲੀ ਥਾਂ ਤੋਂ ਗੋਲੀਆਂ ਦੇ ਖੋਲ ਅਤੇ ਤਲਵਾਰਾਂ ਮਿਲੀਆਂ ਹਨ। ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਿੰਡ ਮੱਲਣ ਦੇ ਬਾਹਰਵਾਰ ਹੈ। ਇਸ ਗੁਰਦੁਆਰੇ ਕੋਲ ਪੰਜ ਏਕੜ ਖੇਤੀਬਾੜੀ ਵਾਲੀ ਜ਼ਮੀਨ ਹੈ।

# Classified

## ਵਰ ਦੀ ਲੋੜ

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**

## Bride WANTED

Looking a match for My Nephew, A Saini Sikh, 25 years old, 5 '11" Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

**For Classified Contact**

**510.240.5949**


# ਹੋਟਲ ਕਾਰੋਬਾਰੀ ਵਿਕਰਮ ਛਤਵਾਲ 'ਤੇ ਦੋ ਕੁੱਤਿਆਂ ਨੂੰ ਅੱਗ ਲਾਉਣ ਦਾ ਦੋਸ਼

ਨਿਊਯਾਰਕ/ਬਿਊਰੋ ਨਿਊਜ਼ : ਮਸ਼ਹੂਰ ਹੋਟਲ ਕਾਰੋਬਾਰੀ ਸੰਤ ਸਿੰਘ ਛਤਵਾਲ ਦੇ ਪੁੱਤਰ ਵਿਕਰਮ ਛਤਵਾਲ 'ਤੇ ਦੋ ਕੁੱਤਿਆਂ ਨੂੰ ਅੱਗ ਲਾਉਣ ਦੇ ਦੋਸ਼ ਲੱਗੇ ਹਨ। ਛਤਵਾਲ (44) ਖ਼ੁਦ ਪੁਲੀਸ ਕੋਲ ਪੇਸ਼ ਹੋਇਆ। ਵਿਕਰਮ ਨੂੰ 50 ਹਜ਼ਾਰ ਡਾਲਰ ਦਾ ਬਾਂਡ ਭਰ ਕੇ ਜ਼ਮਾਨਤ ਮਿਲੀ ਹੈ। ਮੈਨਹਟਨ ਅਦਾਲਤ ਤੋਂ ਨਿਕਲਦੇ ਹੋਏ ਛਤਵਾਲ ਨੇ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਹੋਈ। ਉਸ 'ਤੇ ਜਾਨਵਰ ਨੂੰ ਤਸੀਹੇ ਦੇਣ ਅਤੇ ਜ਼ਖ਼ਮੀ ਕਰਨ ਦੇ ਦੋਸ਼ ਲੱਗੇ ਹਨ। ਸਥਾਨਕ ਵੈੱਬਸਾਈਟ ਪੈਚ ਡਾਟ ਕਾਮ ਦੀ ਖ਼ਬਰ ਮੁਤਾਬਕ 7 ਅਕਤੂਬਰ ਨੂੰ ਉਸ ਦੀ ਆਪਣੇ ਘਰ ਬਾਹਰ ਇਕ ਮਹਿਲਾ ਨਾਲ ਬਹਿਸ ਹੋ ਗਈ ਜਿਸ ਕੋਲ ਦੋ ਕੁੱਤੇ ਸਨ। ਛਤਵਾਲ ਨੇ ਕੁੱਤਿਆਂ 'ਤੇ ਐਰੋਸੋਲ ਸੁੱਟਿਆ ਅਤੇ ਲਾਈਟਰ ਨਾਲ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਪੁਲੀਸ ਮੁਤਾਬਕ ਕੁੱਤੇ ਮਾਮੂਲੀ ਰੂਪ ਵਿਚ ਜ਼ਖ਼ਮੀ ਹੋਏ ਹਨ। ਛਤਵਾਲ ਨੂੰ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਵਿਕਰਮ ਡਰੀਮ ਗਰੁੱਪ ਆਫ਼ ਹੋਟਲਜ਼ ਦਾ ਬਾਨੀ ਹੈ। ਉਹ ਕਈ ਵਾਰ ਵਿਵਾਦਾਂ ਵਿਚ ਰਿਹਾ ਹੈ। 2013 ਵਿਚ ਉਸ ਨੂੰ ਇਕ ਅਮਰੀਕੀ ਹਵਾਈ ਅੱਡੇ 'ਤੇ ਡਰੱਗ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਲਈ ਉਸ ਨੂੰ ਜੇਲ੍ਹ ਵੀ ਹੋਈ ਸੀ। 2014 ਵਿਚ ਵਿਕਰਮ ਦੇ ਹਾਲੀਵੁੱਡ ਅਦਾਕਾਰ ਲਿੰਡਸੇ ਲੋਹਾਨ ਨਾਲ ਸਬੰਧਾਂ ਦੀਆਂ ਖ਼ਬਰਾਂ ਆਈਆਂ ਸਨ। ਇਸੇ ਦੌਰਾਨ ਵਿਕਰਮ ਨੇ ਮੰਨਿਆ ਸੀ ਕਿ ਡਰੱਗ ਕਾਰਨ ਉਹ 10 ਵਾਰ ਰਿਹੈਬਲੀਟੇਸ਼ਨ ਸੈਂਟਰ ਜਾ ਚੁੱਕਾ ਹੈ। ਵਿਕਰਮ ਛਤਵਾਲ ਨੇ 2006 ਵਿਚ ਪ੍ਰਿਯਾ ਨਾਲ ਵਿਆਹ ਕੀਤਾ ਸੀ। ਸੌ ਕਰੋੜ ਦੇ ਖ਼ਰਚ ਨਾਲ ਇਹ ਵਿਆਹ ਭਾਰਤ ਦੇ ਸਭ ਤੋਂ ਮਹਿੰਗੇ ਵਿਆਹਾਂ ਵਿਚੋਂ ਮੰਨਿਆ ਗਿਆ ਸੀ। ਵਿਆਹ ਸਮਾਰੋਹ ਦਿੱਲੀ, ਮੁੰਬਈ ਤੇ ਉਦੈਪੁਰ ਵਿਚ 10 ਦਿਨ ਤਕ ਚੱਲਿਆ ਸੀ। 26 ਮੁਲਕਾਂ ਦੇ ਕਰੀਬ 600 ਮਹਿਮਾਨ ਸ਼ਾਮਲ ਹੋਏ ਸਨ। ਹਾਲਾਂਕਿ ਇਸ ਤੋਂ ਪੰਜ ਸਾਲ ਬਾਅਦ ਹੀ ਵਿਕਰਮ ਤੇ ਪ੍ਰਿਯਾ ਦਾ ਤਲਾਕ ਹੋ ਗਿਆ ਸੀ।

## ਕੈਪਟਨ ਦੀ ਪ੍ਰਚਾਰ ਗੱਡੀ ਨੂੰ ਕਿਸਾਨਾਂ ਦੀਆਂ ਵਿਧਵਾਵਾਂ ਨੇ ਦਿਖਾਈ ਹਰੀ ਝੰਡੀ

ਲਖਵੀਰ ਸਿੰਘ ਦੀ ਵਿਧਵਾ ਰਮਨਦੀਪ ਕੌਰ, ਇਸੇ ਪਿੰਡ ਦੀ ਜਸਪਾਲ ਕੌਰ, ਬਮਾਲ ਦੀ ਅਮਰ ਕੌਰ, ਕੱਕੜਵਾਲ ਦੀ ਜਸਵੰਤ ਕੌਰ, ਬਲਜੀਤ ਕੌਰ ਅਤੇ ਸੁਖਵਿੰਦਰ ਕੌਰ ਨੇ ਕਿਹਾ ਕਿ ਕਰਜ਼ਿਆਂ ਨੇ ਉਨ੍ਹਾਂ ਨੂੰ ਜ਼ਿਉਂਦੀਆਂ ਲਾਸ਼ਾਂ ਬਣਾ ਦਿੱਤਾ ਹੈ। ਕੈਪਟਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਕਰਜ਼ਿਆਂ ਉਪਰ ਲਕੀਰ ਫੇਰ ਕੇ ਪੰਜਾਬ ਨੂੰ ਇਸ ਦੁਖਾਂਤ ਤੋਂ ਮੁਕਤ ਕਰਨਗੇ।

ਉਧਰ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੇ ਕਰਜ਼ਾ ਮੁਆਫ਼ੀ ਦੇ ਵਾਅਦਿਆਂ ਨੂੰ ਸਾਜ਼ਿਸ਼ ਕਰਾਰ ਦਿੱਤਾ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ 'ਕਿਸਾਨ ਯਾਤਰਾ' ਦੌਰਾਨ ਕਿਸਾਨਾਂ ਨੂੰ ਨਵੀਂ ਕਰਜ਼ਾ ਮੁਆਫ਼ੀ ਯੋਜਨਾ ਰਾਹੀਂ ਗੁਮਰਾਹ ਕਰਨ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਕਿਸਾਨਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ ਕਿਉਂਕਿ ਯੂਪੀਏ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ 2008 ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਐਲਾਨੀ 70 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਯੋਜਨਾ ਵਿੱਚ ਸ਼ਾਮਲ ਨਹੀਂ ਕੀਤਾ ਸੀ। ਇਸ ਕਾਰਨ ਇਸ ਯੋਜਨਾ ਦਾ ਪੰਜਾਬ ਦੇ ਕੇਵਲ ਇੱਕ ਫ਼ੀਸਦੀ ਕਿਸਾਨਾਂ ਨੂੰ ਵੀ ਲਾਭ ਨਹੀਂ ਮਿਲਿਆ ਸੀ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪਹਿਲਾਂ 70 ਹਜ਼ਾਰ ਕਰੋੜ ਰੁਪਏ ਦੀ ਦੱਸੀ ਗਈ ਸੀ ਜਦਕਿ ਨਿਕਲੀ 52 ਹਜ਼ਾਰ ਕਰੋੜ ਰੁਪਏ ਦੀ ਸੀ।

## ਪਿੰਡ ਜਲੂਰ ਵਿੱਚ ਪ੍ਰਸ਼ਾਸਨਿਕ ਅਣਗਹਿਲੀਆਂ ਕਾਰਨ ਵਧਿਆ ਟਕਰਾਅ

ਕਿਸਾਨ ਨੇ ਉਸ ਜ਼ਮੀਨ ਵਿੱਚ ਜੀਰੀ ਬੀਜੀ ਅਤੇ ਦਲਿਤ ਸਰਪੰਚ ਸਮੇਤ ਹੋਰ ਧਿਰਾਂ ਉਸ ਦੇ ਸਮਰਥਨ 'ਤੇ ਰਹੀਆਂ। ਸੰਘਰਸ਼ ਕਮੇਟੀ ਲਗਾਤਾਰ ਬੋਲੀ ਰੱਦ ਕਰਨ ਨੂੰ ਲੈ ਕੇ ਮੁਜ਼ਾਹਰੇ ਕਰਦੀ ਰਹੀ। ਮਸਲਾ ਮੁੱਖ ਮੰਤਰੀ ਤੱਕ ਵੀ ਪਹੁੰਚਿਆ ਪਰ ਹੋਇਆ ਕੁਝ ਨਹੀਂ।

ਉਧਰ ਜ਼ਮੀਨ ਸੰਘਰਸ਼ ਕਮੇਟੀ ਦੇ ਕਾਰਕੁਨਾਂ ਨੇ 30 ਸਤੰਬਰ ਦੀ ਰਾਤ ਨੂੰ ਜੀਰੀ ਵੱਢ ਦਿੱਤੀ ਤਾਂ ਪੁਲੀਸ ਨੇ ਕਮੇਟੀ ਦੇ ਕਾਰਕੁਨਾਂ 'ਤੇ ਮੁਕੱਦਮਾ ਦਰਜ ਕੀਤਾ। ਪੁਲੀਸ ਵੱਲੋਂ ਗੰਭੀਰਤਾ ਨਾ ਦਿਖਾਉਣ ਕਰ ਕੇ ਦੋਹਾਂ ਧਿਰਾਂ ਵਿੱਚ ਹੋਈ ਲੜਾਈ ਵਿੱਚ ਦੋਹਾਂ ਧਿਰਾਂ ਦੇ 6 ਜਣੇ ਜ਼ਖ਼ਮੀ ਹੋਏ। ਇਸ ਸਬੰਧੀ ਪੁਲੀਸ ਨੇ ਕੇਸ ਦਰਜ ਕੀਤੇ ਪਰ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ।

ਸੰਘਰਸ਼ ਕਮੇਟੀ ਨੇ 5 ਸਤੰਬਰ ਨੂੰ ਲਹਿਰਾਗਾਗਾ ਐਸਡੀਐਮ ਦਫ਼ਤਰ ਅੱਗੇ ਧਰਨਾ ਦੇ ਕੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਧਰਨੇ ਦੌਰਾਨ ਦਲਿਤ ਆਗੂਆਂ ਨੇ ਅਧਿਕਾਰੀਆਂ ਨੂੰ ਪਿੰਡ ਵਿਚ ਟਕਰਾਅ ਬਾਰੇ ਸੁਚੇਤ ਕੀਤਾ ਸੀ। ਜ਼ਿਕਰਯੋਗ ਹੈ ਕਿ ਉਸ ਦਿਨ ਐਸਡੀਐਮ ਦਫ਼ਤਰ ਦੇ ਬਾਹਰ ਪਿੰਡ ਦੇ ਕਿਸਾਨ ਡਾਂਗਾਂ ਲੈ ਕੇ ਪੁੱਜੇ ਸਨ।

ਇਨ੍ਹਾਂ ਗੱਲਾਂ ਕਾਰਨ ਪਿੰਡ ਜਲੂਰ ਵਿੱਚ ਖ਼ੂਨੀ ਟਕਰਾਅ ਹੋਇਆ। ਪ੍ਰਸ਼ਾਸਨ ਜੇ ਮੁੱਢ ਤੋਂ ਇਸ ਨੂੰ ਗੰਭੀਰਤਾ ਨਾਲ ਲੈਂਦਾ ਤਾਂ ਹਿੰਸਕ ਟਕਰਾਅ ਟੱਲ ਸਕਦਾ ਸੀ। ਹੁਣ ਤੱਕ ਦਲਿਤਾਂ ਦੇ 17 ਅਤੇ ਕਿਸਾਨਾਂ ਦੇ ਦੋ ਸਾਥੀ ਪੁਲੀਸ ਨੇ ਗ੍ਰਿਫ਼ਤਾਰ ਕੀਤੇ ਹਨ।

## ਪੰਜਾਬ ਵਿਚ ਸ਼ਰਾਬ ਮਾਫ਼ੀਏ ਦਾ ਰਾਜ : ਭਗਵੰਤ ਮਾਨ

ਦਾ ਜ਼ੋਰ ਕਮਜ਼ੋਰ ਦਲਿਤ ਵਰਗ ਉਪਰ ਚੱਲ ਰਿਹਾ ਹੈ, ਜਿਸ ਲਈ ਸੂਬੇ ਦਾ ਗ੍ਰਹਿ ਮੰਤਰੀ ਅਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੈ।

ਸ੍ਰੀ ਮਾਨ ਨੇ ਕਿਹਾ ਕਿ ਪਹਿਲਾਂ ਅਬੋਹਰ ਵਿਚ ਦਲਿਤ ਨੌਜਵਾਨ ਭੀਮ ਟਾਂਕ ਦਾ ਕਤਲ ਹੋਇਆ ਅਤੇ ਹੁਣ ਮਾਨਸਾ ਵਿੱਚ ਦਲਿਤ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਜਲੰਧਰ ਵਿੱਚ ਵੀ ਅਜਿਹੀ ਘਟਨਾ ਵਾਪਰ ਚੁੱਕੀ ਹੈ। ਸ਼ਰਾਬ ਮਾਫ਼ੀਆ ਵੱਲੋਂ ਸ਼ਰ੍ਹੇਆਮ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਤਹਿਸ ਨਹਿਸ ਹੋ ਚੁੱਕੀ ਹੈ। ਜਮਹੂਰੀ ਢੰਗ ਨਾਲ ਹੱਕ ਮੰਗਦੇ ਨੌਜਵਾਨਾਂ ਉਪਰ ਪੁਲੀਸ ਤਸ਼ੱਦਦ ਹੀ ਨਹੀਂ ਹੋ ਰਿਹਾ ਸਗੋਂ ਕੁੱਟਣ ਤੋਂ ਬਾਅਦ ਉਨ੍ਹਾਂ ਉਪਰ ਇਰਾਦਾ ਕਤਲ ਵਰਗੇ ਦੋਸ਼ ਲਗਾ ਕੇ ਉਨ੍ਹਾਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 23 ਤੋਂ 25 ਅਕਤੂਬਰ ਤੱਕ ਪੰਜਾਬ ਦੌਰੇ 'ਤੇ ਆ ਰਹੇ ਹਨ ਅਤੇ 23 ਅਕਤੂਬਰ ਨੂੰ ਲੁਧਿਆਣਾ ਵਿੱਚ ਵਪਾਰੀ ਵਰਗ ਨਾਲ ਸਬੰਧਤ ਚੋਣ ਮਨੋਰਥ ਪੱਤਰ ਜਾਰੀ ਕਰਨਗੇ। ਸੰਸਦ ਮੈਂਬਰ ਨੇ ਕਿਹਾ ਕਿ 'ਆਪ' ਵਲੋਂ ਇੱਕ ਮਹੀਨੇ ਦੇ ਅੰਦਰ ਅੰਦਰ ਬਾਕੀ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਕੇ ਕੁੱਲ 117 ਹਲਕੇ ਮੁਕੰਮਲ ਕਰ ਲਏ ਜਾਣਗੇ।

ਉਨ੍ਹਾਂ ਨੇ ਹਾਈ ਕਮਾਡ ਕੋਲ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਖ਼ਿਲਾਫ਼ ਵਿਧਾਨ ਸਭਾ ਚੋਣ ਲੜਨ ਦੀ ਇੱਛਾ ਪ੍ਰਗਟ ਕੀਤੀ ਹੈ। ਜੇ ਪਾਰਟੀ ਦਾ ਹੁਕਮ ਹੋਇਆ ਤਾਂ ਉਹ ਚੋਣ ਮੈਦਾਨ ਵਿੱਚ ਆਉਣਗੇ।

## ਭੀਮ ਟਾਂਕ ਦੇ ਮਾਪਿਆਂ ਨੂੰ ਹਾਲੇ ਤਕ ਨਹੀਂ ਮਿਲਿਆ ਇਨਸਾਫ਼

ਚਲਾ ਰਿਹਾ ਹੈ। ਉਸ ਦੀ 2000 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। 1993 ਵਿੱਚ ਔਰੰਗਾਬਾਦ ਵਿੱਚ ਅੱਗ ਦੀ ਲਪੇਟ ਵਿਚ ਆਏ ਜਹਾਜ਼ ਵਿੱਚ 60 ਵਿਅਕਤੀ ਮਾਰੇ ਗਏ ਸਨ, ਪਰ ਸ਼ਿਵ ਡੋਡਾ ਜਿਉਂਦਾ ਬਚ ਗਿਆ ਸੀ।

ਭੀਮ ਕਤਲ ਕਾਂਡ ਦਾ ਪਿਛੋਕੜ :

ਅਬੋਹਰ ਦਾ ਰਹਿਣ ਵਾਲਾ 25 ਸਾਲਾ ਦਲਿਤ ਨੌਜਵਾਨ ਭੀਮ ਟਾਂਕ ਸ਼ਰਾਬ ਦੇ ਵਪਾਰੀ ਸ਼ਿਵ ਲਾਲ ਡੋਡਾ ਦਾ ਕਈ ਵਰ੍ਹੇ ਸ਼ਰਾਬ ਦਾ ਕੰਮ ਚਲਾਉਂਦਾ ਰਿਹਾ, ਜਿਸ ਦੌਰਾਨ ਉਸ ਉਪਰ 12 ਫੌਜਦਾਰੀ ਕੇਸ ਬਣੇ। ਸਮੂਹਕ ਜਬਰ ਜਨਾਹ ਦਾ ਕੇਸ ਉਸ ਦੇ ਕਤਲ ਤੋਂ ਚਾਰ ਕੁ ਘੰਟੇ ਪਹਿਲਾਂ ਹੀ ਅਬੋਹਰ-2 ਥਾਣੇ ਵਿੱਚ ਦਰਜ ਕੀਤਾ ਗਿਆ ਸੀ। ਸ਼ਰਾਬ ਦਾ ਧੰਦਾ ਕਰਦਿਆਂ ਉਸ ਦੀ ਕਈਆਂ ਨਾਲ ਦੁਸ਼ਮਣੀ ਪੈ ਗਈ ਸੀ। ਕਤਲ ਤੋਂ ਕਰੀਬ 6 ਮਹੀਨੇ ਪਹਿਲਾਂ ਉਸ ਨੇ ਸ਼ਰਾਬ ਤੇ ਹੋਰ ਗ਼ੈਰਕਾਨੂੰਨੀ ਧੰਦਿਆਂ ਤੋਂ ਤੌਬਾ ਕਰਦਿਆਂ ਅਬੋਹਰ ਬਾਈਪਾਸ 'ਤੇ 'ਪੰਜਾਬੀ ਤੜਕਾ' ਢਾਬਾ ਖੋਲ੍ਹ ਲਿਆ ਸੀ। ਉਸ ਨੂੰ ਇਹ ਕਹਿ ਕੇ ਸ਼ਿਵ ਲਾਲ ਡੋਡਾ ਦੇ ਰਾਮਸਰਾ ਪਿੰਡ ਵਿਚਲੇ ਫਾਰਮ ਹਾਊਸ 'ਤੇ ਸੱਦਿਆ ਗਿਆ ਸੀ ਕਿ ਉਸ ਦਾ ਦੁਸ਼ਮਣਾਂ ਨਾਲ ਰਾਜ਼ੀਨਾਮਾ ਕਰਾਉਣਾ ਹੈ। ਪਰ ਉਥੇ ਭੀਮ ਤੇ ਉਸ ਦੇ ਦੋਸਤ ਗੁਰਜੰਟ ਸਿੰਘ ਉਰਫ਼ ਜੰਟਾ ਲਾਹੌਰੀਆ ਦੀਆਂ ਲੱਤਾਂ ਬਾਹਾਂ ਵੱਢ ਦਿੱਤੀਆਂ ਗਈਆਂ।

## ਪੀੜਤਾਂ ਲਈ ਇਨਸਾਫ਼ ਦੀ ਆਸ ਮੁੱਕੀ

ਢਿੱਲੀ ਕਾਰਵਾਈ ਲਈ ਇਥੋਂ ਦੇ ਐਸ.ਐਸ.ਪੀ. ਅਤੇ ਡਿਪਟੀ ਕਮਿਸ਼ਨਰ ਨੂੰ ਬਦਲ ਦਿੱਤਾ ਸੀ। ਇਸ ਕਾਂਡ ਵਿਚ ਪੁਲੀਸ ਨੇ ਇਕ ਦਲਿਤ ਲੜਕੀ ਨੂੰ ਸ਼ਰ੍ਹੇਆਮ ਕੁੱਟਿਆ ਸੀ। ਅਦਾਲਤ ਦੇ ਹੁਕਮਾਂ 'ਤੇ ਲੜਕੀ ਉਤੇ ਅਤਿਆਚਾਰ ਕਰਨ ਵਾਲੇ ਦੋ ਪੁਲੀਸ ਮੁਲਾਜ਼ਮਾਂ ਨੂੰ ਉਸੇ ਵੇਲੇ ਬਰਤਰਫ਼ ਕਰ ਦਿੱਤਾ ਗਿਆ ਸੀ ਅਤੇ ਚਾਰ ਹੋਰ ਪੁਲੀਸ ਮੁਲਾਜ਼ਮਾਂ ਸਮੇਤ ਛੇ ਜਣਿਆਂ ਵਿਰੁੱਧ ਫ਼ੌਜਦਾਰੀ ਕੇਸ ਦਰਜ ਕੀਤਾ ਗਿਆ ਸੀ। ਬਾਅਦ ਵਿੱਚ ਬਰਤਰਫ਼ ਮੁਲਾਜ਼ਮ ਅਦਾਲਤ ਰਾਹੀਂ ਬਹਾਲ ਹੋ ਕੇ ਨੌਕਰੀਆਂ 'ਤੇ ਹਾਜ਼ਰ ਹੋ ਗਏ।

ਪੀੜਤ ਲੜਕੀ ਨੇ ਕਿਹਾ ਕਿ ਉਹ ਇਨਸਾਫ਼ ਦੀਆਂ ਸਾਰੀਆਂ ਆਸਾਂ ਛੱਡ ਬੈਠੀ ਹੈ। ਉਸ ਦੇ ਘਰੋਂ ਸੀ.ਆਰ.ਪੀ.ਐਫ. ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਇਸ ਕਾਂਡ ਦੀ ਵੀਡੀਓ ਬਣਾਉਣ ਵਾਲਾ ਫੋਟੋਗ੍ਰਾਫ਼ਰ ਜਗਜੀਤ ਸਿੰਘ ਆਪਣਾ ਕਾਰੋਬਾਰ ਤਬਾਹ ਕਰਵਾ ਬੈਠਾ ਹੈ। ਉਹ ਆਖਦਾ ਹੈ ਕਿ ਉਸ ਦੀ ਸੁਰੱਖਿਆ ਦੇਖ ਕੇ ਕੋਈ ਵੀ ਉਸ ਨੂੰ ਆਪਣੇ ਸਮਾਗਮ ਲਈ ਫੋਟੋਗ੍ਰਾਫੀ ਲਈ ਬੁੱਕ ਨਹੀਂ ਕਰਦਾ। ਇਸ ਤੋਂ ਇਲਾਵਾ ਕਰੀਬ ਢਾਈ ਸਾਲ ਪਹਿਲਾਂ ਇੱਥੇ ਇੱਕ ਮਹਿਲਾ ਸਿਵਲ ਜੱਜ ਦੇ ਘਰ ਹੋਈ ਚੋਰੀ ਸਬੰਧੀ ਜੱਜ ਦੇ ਘਰ ਕੰਮ ਕਰਦੀ ਇੱਕ ਦਲਿਤ ਮਹਿਲਾ ਅਮਰਜੀਤ ਕੌਰ ਵਾਸੀ ਕੈਰੋਂਵਾਲ ਨੂੰ ਕੇਸ ਵਿੱਚ ਫਸਾਉਣ ਖ਼ਿਲਾਫ਼ ਦਲਿਤ ਜਥੇਬੰਦੀਆਂ ਅੰਦੋਲਨ ਕਰਦੀਆਂ ਰਹੀਆਂ। ਸਰਹੱਦੀ ਪਿੰਡ ਮਹਿੰਦੀਪੁਰ ਦੇ ਇੱਕ ਦਲਿਤ ਵਿਅਕਤੀ ਦੇ ਗੁਪਤ ਅੰਗਾਂ ਵਿੱਚ ਮਿਰਚਾਂ ਪਾਉਣ ਦਾ ਮਾਮਲਾ ਵੀ ਚਰਚਾ ਵਿੱਚ ਰਿਹਾ। ਇਲਾਕੇ ਦੇ ਪਿੰਡ ਤੁੜ ਦੀ 14 ਸਾਲਾ ਦਲਿਤ ਲੜਕੀ ਨਾਲ ਪਿੰਡ ਦੇ ਇੱਕ ਸਾਬਕ ਸਰਪੰਚ ਅਤੇ ਉਸ ਦੇ ਲੜਕਿਆਂ ਵੱਲੋਂ ਕਥਿਤ ਤੌਰ 'ਤੇ ਜਬਰ ਜਨਾਹ ਕੀਤਾ ਗਿਆ, ਪਰ ਪੀੜਤ ਧਿਰ ਨੂੰ ਇਨਸਾਫ਼ ਦੇਣ ਦੀ ਥਾਂ ਇੱਕ ਹੋਰ ਮਾਮਲੇ ਵਿੱਚ ਉਲਝਾ ਦਿੱਤਾ ਗਿਆ।

ਪਿੰਡ ਵੈਰੋਵਾਲ ਦੇ ਸਰਪੰਚ ਵੱਲੋਂ ਪਿੰਡ ਦੀ ਇਕ ਦਲਿਤ ਔਰਤ ਨਾਲ ਕੀਤੇ ਦੁਰਵਿਹਾਰ ਅਤੇ ਜਾਤੀ ਸੂਚਕ ਸ਼ਬਦਾਵਲੀ ਵਰਤੇ ਜਾਣ ਦੇ ਮਾਮਲੇ ਸਬੰਧੀ ਕਾਰਵਾਈ ਕੀਤੇ ਜਾਣ ਨੂੰ ਲੈ ਕੇ ਗੁਰੂ ਗਿਆਨ ਨਾਥ ਧਰਮ ਸਮਾਜ ਨੇ ਇੱਕ ਲੰਬਾ ਅੰਦਲੋਨ ਚਲਾਇਆ ਸੀ। ਇਸ ਮਾਮਲੇ ਵਿੱਚ ਗਵਾਹੀ ਦੇਣ ਵਾਲੇ ਪਿੰਡ ਵਾਸੀ ਕਰਮਜੀਤ ਸਿੰਘ ਨੂੰ ਕਸਬਾ ਖਡੂਰ ਸਾਹਿਬ ਵਿੱਚ ਘੇਰ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਬਹੁਜਨ ਸਮਾਜ ਪਾਰਟੀ ਦੇ ਆਗੂ ਤਰਸੇਮ ਸਿੰਘ ਅਹੀਰ ਨੇ ਇਲਾਕੇ ਵਿਚ ਵਾਪਰੀਆਂ ਅਜਿਹੀਆਂ ਘਟਨਾਵਾਂ ਪਿੱਛੇ ਹਾਕਮ ਧਿਰ ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ। ਇਸ ਸਭ ਬਾਰੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਵਾਇਸ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਨੇ ਡਾਢੀ ਨਾਰਾਜ਼ਗੀ ਜ਼ਾਹਰ ਕੀਤੀ ਹੈ।

## ਪਾਕਿਸਤਾਨ ਸਕੂਲ ਸਮੂਹ ਨੇ ਪੰਜਾਬੀ ਨੂੰ 'ਖ਼ਰਾਬ' ਦੱਸ ਕੇ ਲਾਈ ਪਾਬੰਦੀ

ਨੋਟੀਫਿਕੇਸ਼ਨ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ ਅਤੇ ਨਾਲ ਹੀ ਮੁਆਫ਼ੀ ਮੰਗਣ ਲਈ ਕਿਹਾ ਹੈ। ਪੰਜਾਬੀ ਵਿਦਵਾਨ ਤੇ ਕਾਲਮ ਨਵੀਸ ਮੁਸ਼ਤਾਕ ਸੂਫੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਨੋਟੀਫਿਕੇਸ਼ਨ ਸੋਸ਼ਲ ਮੀਡੀਆ ਉਪਰ ਦੇਖਿਆ ਹੈ ਤੇ ਇਹ ਪਾਕਿਸਤਾਨ, ਭਾਰਤ ਤੇ ਦੁਨੀਆ ਦੇ ਹੋਰ ਮੁਲਕਾਂ ਵਿੱਚ ਰਹਿ ਰਹੇ ਕਰੋੜਾਂ ਪੰਜਾਬੀਆਂ ਦਾ ਅਪਮਾਨ ਹੈ। ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਸਈਦ ਭੁੱਟਾ ਨੇ ਕਿਹਾ ਕਿ ਇਹ ਪੰਜਾਬੀ ਵਿਰਸੇ ਨੂੰ ਖਤਮ ਕਰਨ ਦੀ ਚਾਲ ਹੈ।

## ਆਨਦੰਪੁਰ ਸਾਹਿਬ ਵਿੱਚ 81 ਫੁੱਟ ਉੱਚਾ ਖੰਡਾ ਮੁੜ ਸਥਾਪਤ

ਇੱਕ ਸਾਲ ਵਿਚ ਹੀ ਟੇਢਾ ਹੋਣ ਤੋਂ ਬਾਅਦ ਝੱਖੜ ਕਾਰਨ ਡਿੱਗ ਗਿਆ ਸੀ। ਇਸ ਕਰ ਕੇ ਸੰਗਤ ਵਿੱਚ ਨਿਰਾਸ਼ਾ ਪਾਈ ਜਾ ਰਹੀ ਸੀ। 17 ਜੂਨ 2015 ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਪੰਜ ਪਿਆਰਾ ਪਾਰਕ ਵਿਖੇ ਕਾਰ ਸੇਵਾ ਵਾਲੇ ਸੰਤਾਂ ਦੀ ਮਦਦ ਨਾਲ ਸਥਾਪਤ ਕੀਤਾ ਗਿਆ 81 ਫੁੱਟ ਉੱਚਾ ਖੰਡਾ ਮਹਿਜ਼ ਇੱਕ ਸਾਲ ਵਿੱਚ ਹੀ ਆਪਣੀ ਥਾਂ ਤੋਂ ਹਿੱਲਦਾ ਨਜ਼ਰ ਆਉਣ ਲੱਗ ਪਿਆ ਸੀ ਕਿਉਂਕਿ ਇਸ ਖੰਡੇ ਦਾ ਸਟੀਲ ਦਾ ਢਾਂਚਾ ਟੇਢਾ ਹੋ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦੀ ਅਗਵਾਈ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮੁਖਤਿਆਰ ਸਿੰਘ ਅਤੇ ਇਲਾਕਾ ਨਿਵਾਸੀਆਂ ਨੇ ਕਾਰ ਸੇਵਾ ਵਾਲੇ ਸੰਤਾਂ ਦੇ ਸਹਿਯੋਗ ਨਾਲ ਖੰਡੇ ਨੂੰ ਮੁੜ ਸਥਾਪਤ ਕੀਤਾ। ਹਾਲਾਂਕਿ ਵੱਡੀ ਮਸ਼ੀਨ ਨਾਲ ਸਥਾਪਤ ਕੀਤੇ ਜਾ ਰਹੇ ਇਸ ਖੰਡੇ ਨੂੰ ਜਦੋਂ ਲੋੜੀਂਦੀ ਉਚਾਈ ਤੇ ਲਿਜਾ ਕੇ ਟਿਕਾਇਆ ਜਾ ਰਿਹਾ ਸੀ ਉਦੋਂ ਮਸ਼ੀਨ ਦੀ ਬੈਲਟ ਟੁੱਟ ਜਾਣ ਕਾਰਨ ਵੱਡਾ ਹਾਦਸਾ ਹੋਣੋਂ ਟਲ ਗਿਆ। ਇਸ ਖੰਡੇ ਵਾਲੇ ਥੰਮ 'ਤੇ ਸੰਗਮਰਮਰ ਲਗਾਉਣ ਦੀ ਜੋ ਕਾਰ ਸੇਵਾ ਅਧੂਰੀ ਰਹਿ ਗਈ ਸੀ ਉਸ ਨੂੰ ਵੀ ਜਲਦੀ ਹੀ ਮੁਕੰਮਲ ਕਰਨ ਲਈ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।

## ਬੇਅਦਬੀ ਕਰਨ ਵਾਲੀ ਔਰਤ ਦੇ ਪਤੀ ਨੇ ਹੀ ਕੀਤਾ ਸੀ ਕਤਲ

ਪਤੀ ਨੇ ਪੁਲੀਸ ਕੋਲ ਬਿਆਨ ਦਰਜ ਕਰਵਾਇਆ ਕਿ ਰਾਤ ਵੇਲੇ ਅਣਪਛਾਤੇ ਵਿਅਕਤੀ ਉਸ ਦੇ ਘਰ ਦਾਖਲ ਹੋਏ ਤੇ ਉਸ ਦੀ ਪਤਨੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਦੌੜ ਗਏ। ਪੁਲੀਸ ਵੱਲੋਂ ਇਸ ਸਬੰਧੀ ਡੀ.ਐਸ.ਪੀ. ਰਾਜਾਸਾਂਸੀ ਸ੍ਰੀਮਤੀ ਅਮਨਦੀਪ ਕੌਰ ਥਾਣਾ ਲੋਪੋਕੇ ਦੇ ਮੁਖੀ ਇੰਸਪੈਕਟਰ ਪ੍ਰੀਤਇੰਦਰ ਸਿੰਘ 'ਤੇ ਆਧਾਰਤ ਇਕ ਟੀਮ ਵੱਲੋਂ ਕਤਲ ਦੀ ਗੁੱਥੀ ਸੁਲਝਾ ਲਈ ਗਈ ਹੈ। ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਵਿਅਕਤੀ ਦੀ ਸ਼ਨਾਖਤ ਲਾਭ ਸਿੰਘ ਵਾਸੀ ਪਿੰਡ ਵੈਰੋਕੇ ਵਜੋਂ ਹੋਈ ਹੈ, ਜਿਸ ਪਾਸੋਂ ਪੁਲੀਸ ਨੇ ਵਾਰਦਾਤ ਲਈ ਵਰਤਿਆ ਦਾਤਰ ਵੀ ਬਰਾਮਦ ਕਰ ਲਿਆ ਹੈ। ਪੁਲੀਸ ਮੁਤਾਬਕ ਬੇਅਦਬੀ ਕਾਂਡ ਵਿਚ ਔਰਤ ਖ਼ਿਲਾਫ਼ ਪਰਚਾ ਦਰਜ ਹੋਣ ਤੇ ਉਕਤ ਵਿਅਕਤੀ ਕਾਫੀ ਬੇਇੱਜ਼ਤੀ ਮਹਿਸੂਸ ਕਰਦਾ ਸੀ ਤੇ ਇਸੇ ਕਾਰਨ ਦੋਹਾਂ ਜੀਆਂ ਦਾ ਝਗੜਾ ਰਹਿੰਦਾ ਸੀ।

## ਟਰੰਪ ਦੇ ਚੋਣ ਇਸ਼ਤਿਹਾਰ 'ਚ ਸਿੱਖ ਨੂੰ ਮੁਸਲਮਾਨ ਸਮਰਥਕ ਵਜੋਂ ਪ੍ਰਚਾਰਿਆ

ਦੱਸਣਾ ਹੈ ਕਿ ਸਿੱਖ ਧਰਮ ਦੁਨੀਆਂ ਦੇ ਹੋਰ ਧਰਮਾਂ ਨਾਲੋਂ ਵੱਖਰਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਮਰੀਕੀ ਸਿਆਸਤਦਾਨਾਂ ਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੂੰ ਦੱਸਿਆ ਜਾਵੇ ਕਿ ਸਿੱਖਾਂ ਤੇ ਮੁਸਲਮਾਨਾਂ ਵਿੱਚ ਅੰਤਰ ਹੈ।

ਜ਼ਿਕਰਯੋਗ ਹੈ ਕਿ ਗੁਰਿੰਦਰ ਸਿੰਘ ਖ਼ਾਲਸਾ ਖ਼ਾਲਸਾ ਇੰਡਿਆਨਾ ਦੇ ਸਿਆਸਤਦਾਨਾਂ ਨਾਲ ਮਿਲ ਕੇ ਸਿੱਖਸ ਪੈਕ (ਸਿੱਖ ਪੋਲੀਟੀਕਲ ਐਕਸ਼ਨ ਕਮੇਟੀ) ਨਾਂ ਦੀ ਸੰਸਥਾ ਚਲਾਉਂਦੇ ਹਨ ਜੋ ਕਿ ਸਿੱਖਾਂ ਦੇ ਸਭਿਆਚਾਰ ਤੇ ਇਤਿਹਾਸ ਬਾਰੇ ਅਮਰੀਕੀਆਂ ਨੂੰ ਜਾਗਰੂਕ ਕਰਦੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਅਮਰੀਕਾ ਵਿਚ ਪਿਛਲੇ ਕਾਫ਼ੀ ਸਮੇਂ ਤੋਂ ਮੁਸਲਮਾਨ ਸਮਝ ਕੇ ਸਿੱਖਾਂ 'ਤੇ ਨਸਲੀ ਹਮਲੇ ਹੋ ਰਹੇ ਹਨ। ਦਾੜ੍ਹੀ ਅਤੇ ਪੱਗ ਕਾਰਨ ਸਿੱਖਾਂ ਨੂੰ ਮੁਸਲਮਾਨ ਸਮਝ ਲਿਆ ਜਾਂਦਾ ਹੈ। ਤਾਜ਼ਾ ਘਟਨਾ ਮਾਨ ਸਿੰਘ ਖ਼ਾਲਸਾ ਦੀ ਹੈ, ਜਿਨ੍ਹਾਂ 'ਤੇ ਨਸਲੀ ਹਮਲਾ ਹੋਇਆ। ਇਸ ਸਬੰਧ ਵਿਚ ਅਮਰੀਕਾ ਪੁਲੀਸ ਵਲੋਂ ਨਸਲੀ ਹਮਲੇ ਦੀਆਂ ਧਾਰਾਵਾਂ ਤਹਿਤ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜ ਸਿੰਘਾਂ ਵਲੋਂ ਸਰਬੱਤ ਖ਼ਾਲਸਾ ਦੇ ਵਿਧੀ-ਵਿਧਾਨ ਬਾਰੇ 13 ਮੈਂਬਰੀ ਕਮੇਟੀ ਕਾਇਮ

38 ਸੈਕਟਰ ਦੇ ਗੁਰਦੁਆਰਾ ਸਾਹਿਬ ਵਿਚ ਚੋਣਵੇਂ ਨੁਮਾਇੰਦਿਆਂ ਦੀ ਇਹ ਇਕਤਰਤਾ ਪੰਜ ਸਿੰਘਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਭਾਈ ਸਤਨਾਮ ਸਿੰਘ ਖੰਡਾ ਨੇ ਸਮੁੱਚੀ ਬਹਿਸ ਮਗਰੋਂ ਵਿਧੀ-ਵਿਧਾਨ ਕਾਇਮ ਕਰਨ ਬਾਰੇ ਇਕ ਕਮੇਟੀ ਦਾ ਐਲਾਨ ਕੀਤਾ ਜਿਸ ਵਿਚ ਹੋਰਨਾਂ ਤੋਂ ਇਲਾਵਾ ਤਿੰਨ ਮੈਂਬਰ ਭਾਈ ਹਰਿੰਦਰ ਸਿੰਘ, ਭਾਈ ਮਨਪ੍ਰੀਤ ਸਿੰਘ ਅਤੇ ਭਾਈ ਸ਼ਾਮ ਸਿੰਘ ਸ਼ਾਮਿਲ ਹਨ ਜੋ ਕਰਮਵਾਰ ਅਮਰੀਕਾ, ਯੂ.ਕੇ ਅਤੇ ਆਸਟਰੇਲੀਆ ਨਾਲ ਸਬੰਧਿਤ ਹਨ। ਇਨ੍ਹਾਂ ਤਿੰਨ ਮੈਂਬਰਾਂ ਤੋਂ ਇਲਾਵਾ ਉਨ੍ਹਾਂ ਵਿਚ ਭਾਈ ਕਰਮਜੀਤ ਸਿੰਘ, ਭਾਈ ਹਰਸਿਮਰਨ ਸਿੰਘ, ਭਾਈ ਨਰਾਇਣ ਸਿੰਘ ਚੌੜਾ, ਭਾਈ ਜਸਵਿੰਦਰ ਸਿੰਘ ਐਡਵੋਕੇਟ, ਭਾਈ ਗੁਰਪ੍ਰੀਤ ਸਿੰਘ, ਭਾਈ ਤਰਸੇਮ ਸਿੰਘ ਦਿੱਲੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਪ੍ਰੋ. ਬਲਜਿੰਦਰ ਸਿੰਘ, ਮਾਸਟਰ ਹਰਬੰਸ ਸਿੰਘ ਅਤੇ ਭਾਈ ਬਲਜੀਤ ਸਿੰਘ ਖ਼ਾਲਸਾ ਸ਼ਾਮਿਲ ਹਨ।

ਵਰਨਣਯੋਗ ਗੱਲ ਇਹ ਹੈ ਕਿ ਭਾਈ ਕਰਮਜੀਤ ਸਿੰਘ ਅਤੇ ਭਾਈ ਹਰਸਿਮਰਨ ਸਿੰਘ ਵਲੋਂ ਸਰਬੱਤ ਖ਼ਾਲਸਾ ਦੇ ਵਿਧੀ ਵਿਧਾਨ ਦਾ ਖਰੜਾ 2015 ਦੇ ਸਰਬੱਤ ਖ਼ਾਲਸਾ ਵਲੋਂ ਕਾਇਮ ਕੀਤੇ ਤਿੰਨ ਜਥੇਦਾਰਾਂ ਨੇ ਵੀ ਜਾਰੀ ਕੀਤਾ ਹੋਇਆ ਹੈ। ਡਾ. ਸੁਖਪ੍ਰੀਤ ਸਿੰਘ ਉਦੋਕੇ ਇਸ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ ਜੋ ਕਮੇਟੀ ਦੇ ਮੈਂਬਰਾਂ ਦੀਆਂ ਮੀਟਿੰਗਾਂ ਸੱਦਣ, ਮੈਂਬਰਾਂ ਨਾਲ ਤਾਲਮੇਲ ਰੱਖਣ ਦੀ ਜ਼ਿੰਮੇਵਾਰੀ ਸੰਭਾਲਣਗੇ।

ਭਾਈ ਸੁਖਪ੍ਰੀਤ ਸਿੰਘ ਉਦੋਕੇ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਉਹ ਅਗਲੇ ਇਕ ਹਫਤੇ ਵਿਚ ਇਨ੍ਹਾਂ ਮੈਂਬਰਾਂ ਦੀ ਇਕ ਮੀਟਿੰਗ ਸੱਦਣਗੇ ਜੋ ਚੰਡੀਗੜ੍ਹ ਵਿਚ ਹੋਵੇਗੀ। ਏਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਅਮਰੀਕਾ ਸਥਿਤ ਭਾਈ ਹਰਿੰਦਰ ਸਿੰਘ ਵਲੋਂ'ਫਰੀ ਅਕਾਲ ਤਖ਼ਤ' ਦੇ ਨਾਂ ਹੇਠ ਇਕ ਖਰੜਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਪਹਿਲਾਂ ਹੀ ਆਨਲਾਈਨ ਵੈਬਸਾਈਟ 'ਤੇ ਪਾਇਆ ਗਿਆ ਹੈ ਤੇ ਉਨ੍ਹਾਂ ਵਲੋਂ ਇਸ ਸਬੰਧੀ ਹੋਰ ਵਿਚਾਰ ਵਟਾਂਦਰਾ ਅਜੇ ਵੀ ਜਾਰੀ ਹੈ। ਜਿਨ੍ਹਾਂ ਪੰਜਾ ਸਿੰਘਾਂ ਦੀ ਪ੍ਰਧਾਨਗੀ ਹੇਠ 18 ਅਕਤੂਬਰ ਨੂੰ ਇਹ ਮੀਟਿੰਗ ਹੋਈ, ਅਸਲ ਵਿਚ ਇਹ ਉਹ ਹੀ ਪੰਜ ਸਿੰਘ ਹਨ ਜਿਨ੍ਹਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਵਾਲੇ ਜਥੇਦਾਰਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਸੀ।

ਗੁਰਦੁਆਰਾ ਸਾਹਿਬ ਦੇ ਹਾਲ ਵਿਚ ਦੁਪਿਹਰ ਬਾਅਦ 1:00 ਵਜੇ ਤੋਂ ਲੈ ਕੇ 4.30 ਵਜੇ ਤਕ ਚੱਲੀ ਇਸ ਮੀਟਿੰਗ ਵਿਚ ਕਰੀਬ 25 ਤੋਂ ਵੱਧ ਨੁਮਾਂਇੰਦਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸਾਰੇ ਨੁਮਾਂਇੰਦਿਆਂ ਨੇ ਇਕ ਅਵਾਜ਼ ਵਿਚ ਸਰਬੱਤ ਖ਼ਾਲਸਾ ਦੇ ਵਿਧੀ ਵਿਧਾਨ ਤਿਆਰ ਕਰਨ ਬਾਰੇ ਇਕ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਜਿਸ ਨੂੰ ਪੰਜ ਸਿੰਘਾਂ ਨੇ ਮਤੇ ਦੇ ਰੂਪ ਵਿਚ ਪ੍ਰਵਾਨ ਕਰ ਲਿਆ। ਜੇ ਅੱਜ ਦੀ ਇਸ ਮੀਟਿੰਗ ਦਾ ਗੰਭੀਰ ਤੇ ਨਿਰਪੱਖ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਬਹੁਤੇ ਮੈਂਬਰਾਂ ਨੇ ਸਪਸ਼ਟ ਐਲਾਨ ਕੀਤਾ ਕਿ 2015 ਸਰਬੱਤ ਖ਼ਾਲਸਾ ਵਿਧੀ-ਵਿਧਾਨ ਮੁਤਾਬਕ ਸਰਬੱਤ ਖ਼ਾਲਸਾ ਨਹੀਂ ਸੀ, ਪਰ ਹੋਰ ਵੀ ਕਈ ਮੈਂਬਰਾਂ ਨੇ ਇਹ ਦਲੀਲ ਦਿੱਤੀ ਕਿ ਭਾਵੇਂ ਉਹ ਸਰਬੱਤ ਖ਼ਾਲਸਾ ਨਹੀਂ ਸੀ ਤਾਂ ਵੀ ਉਸ ਇਕੱਠ ਦੀ ਭਾਵਨਾ ਅਤੇ ਜਜ਼ਬਾ

# ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਨੂੰ ਮਿੱਤਰ ਮਿਲਣੀ ਲਈ ਸੱਦਾ

### *23 ਨਵੰਬਰ ਨੂੰ ਸ਼ੁਰੂ ਹੋਵੇਗਾ ਮਿੱਤਰ ਮਿਲਣੀ ਪ੍ਰੋਗਰਾਮ*

**ਫਰੀਮੌਂਟ/ਬਿਊਰੋ ਨਿਊਜ਼ :** ਦੇਸ਼ ਵਿਦੇਸ਼ ਵਿਚ ਵਸਦੇ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਨੇ ਸਾਂਝੇ ਤੌਰ 'ਤੇ ਕਾਲਜ ਵਿਚ 23,24,25 ਨਵੰਬਰ ਨੂੰ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਹੈ, ਜਿਸ ਵਿਚ 23 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਅਤੇ 25 ਨਵੰਬਰ ਨੂੰ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਣਗੇ। ਪੁਰਾਣੇ ਵਿਦਿਅਰਥੀ ਪ੍ਰਿਤਪਾਲ ਸਿੰਘ 'ਬਾਲੂ' ਜੋ ਕਿ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦੇ 1983 ਵਿਚ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਰਹਿ ਚੁੱਕੇ ਹਨ, ਨੇ ਦੱਸਿਆ ਕਿ ਮੁੱਖ ਮੰਤਵ ਪੁਰਾਣੇ ਵਿਦਿਆਰਥੀਆਂ ਦੀ ਆਪਸ ਵਿਚ ਮਿਲਣੀ ਤੇ ਪੁਰਾਣੀਆਂ ਯਾਦਾਂ ਤਾਜ਼ਾ ਕਰਨਾ ਹੈ, ਜਿਥੇ ਬੈਠ ਕੇ ਕਾਲਜ ਦੀ ਬਿਹਤਰੀ ਅਤੇ ਮੌਜੂਦਾ ਵਿਦਿਆਰਥੀਆਂ ਨੂੰ ਸਹੀ ਸੇਧ ਅਤੇ ਸਹਿਯੋਗ ਦੇਣਾ ਹੈ। ਸੁਖਵਿੰਦਰ ਸਿੰਘ ਗੋਗੀ ਅਤੇ ਪ੍ਰਿਤਪਾਲ ਸਿੰਘ 'ਬਾਲੂ' ਨੇ ਦੱਸਿਆ ਕਿ ਕਾਲਜ ਦੇ ਪੁਰਾਣੇ ਵਿਦਿਆਰਥੀਆਂ, ਜੋ ਨਾਰਥ ਅਮਰੀਕਾ ਤੇ ਦੂਸਰੇ ਦੇਸ਼ਾਂ ਵਿਚ ਰਹਿ ਰਹੇ ਹਨ, ਨੂੰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਧਾਰਮਿਕ ਸਮਾਗਮ ਵਿਚ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਪ੍ਰਧਾਨ ਪ੍ਰਿਤਪਾਲ ਸਿੰਘ 'ਬਾਲੂ' (209-968-6118), ਸਰਬਜੀਤ ਸਿੰਘ ਸਰਾਉ (650-771-6671), ਹਰਚੰਦ ਸਿੰਘ (916-475-2615) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਐਨਾ ਬਲਵਾਨ ਤੇ ਮਜ਼ਬੂਤ ਸੀ ਕਿ ਜਦੋਂ ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਣ ਦਾ ਐਲਾਨ ਕੀਤਾ ਗਿਆ ਤਾਂ 10-15 ਮਿੰਟ ਉੱਚੀ ਅਵਾਜ਼ ਵਿਚ ਜੈਕਾਰੇ ਵੱਜਦੇ ਰਹੇ। ਪਰ ਜਦੋਂ ਬਾਕੀ ਤਿੰਨ ਜਥੇਦਾਰਾਂ ਦੀ ਚੋਣ ਦਾ ਐਲਾਨ ਕੀਤਾ ਗਿਆ ਤਾਂ ਉਸ ਦਾ ਹੁੰਗਾਰਾ ਬਹੁਤ ਮੱਠਾ ਸੀ। ਕੁਝ ਮੈਂਬਰਾਂ ਨੇ ਇਹ ਤਰਕ ਪੇਸ਼ ਕੀਤਾ ਕਿ ਜੇ ਤਿੰਨ ਜਥੇਦਾਰ ਅਤੇ ਉਨ੍ਹਾਂ ਦੇ ਸਾਥੀ ਆਪਣੇ ਵਲੋਂ ਕਾਇਮ ਕੀਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਤਾਂ ਫੇਰ ਪੰਥਕ ਧਿਰਾਂ ਨੂੰ ਇਸ ਸਾਲ ਉਨ੍ਹਾਂ ਵਲੋਂ ਸੱਦੇ ਗਏ ਸਰਬੱਤ ਖ਼ਾਲਸਾ ਵਿਚ ਸ਼ਾਮਿਲ ਨਹੀਂ ਹੋਣਾ ਚਾਹੀਦਾ। ਇਕ ਬੁਲਾਰੇ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਤਿੰਨ ਜਥੇਦਾਰਾਂ ਦੀ ਹੋਂਦ ਸਿਰਫ ਭਾਈ ਜਗਤਾਰ ਸਿੰਘ ਹਵਾਰਾ ਕਰਕੇ ਹੈ, ਪਰ ਭਾਈ ਜਗਤਾਰ ਸਿੰਘ ਹਵਾਰਾ ਦੀ ਹੋਂਦ ਬਾਕੀ ਤਿੰਨ ਜਥੇਦਾਰਾਂ ਕਰਕੇ ਨਹੀਂ ਹੈ।

ਕਈ ਬੁਲਾਰਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਹੋ ਰਹੀਆਂ ਘਟਨਾਵਾਂ ਉਤੇ ਆਪਣੇ ਗੁੱਸੇ ਅਤੇ ਰੋਸ ਦਾ ਇਸ ਹੱਦ ਤਕ ਪ੍ਰਗਟਾਵਾ ਕਰ ਦਿੱਤਾ ਕਿ ਉਨ੍ਹਾਂ ਨੇ ਇਨ੍ਹਾਂ ਘਟਨਾਵਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਠਹਿਰਾਇਆ ਅਤੇ ਉਨ੍ਹਾਂ ਦਾ ਬਾਈਕਾਟ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ 2015 ਦੇ ਚੱਬਾ ਵਾਲੇ ਇਕੱਠ ਦੇ ਪ੍ਰਬੰਧਕਾਂ ਨੇ ਸਭ ਤੋਂ ਵੱਡੀ ਗਲਤੀ ਇਹ ਕੀਤੀ ਕਿ ਉਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਦੇ ਬਾਈਕਾਟ ਦਾ ਮਤਾ ਨਹੀਂ ਪਾਸ ਕੀਤਾ।

ਇਸ ਨੁਮਾਂਇੰਦਾ ਇਕੱਠ ਦੀ ਵਰਨਣਯੋਗ ਗੱਲ ਇਹ ਸੀ ਕਿ ਇਸ ਵਿਚ ਦੋ ਪ੍ਰਸਿੱਧ ਇਤਿਹਾਸਕਾਰਾਂ ਡਾ. ਗੁਰਦਰਸ਼ਨ ਸਿੰਘ ਢਿੱਲੋਂ ਅਤੇ ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਅਸਿੱਧੇ ਰੂਪ ਵਿਚ ਪ੍ਰਕਾਸ਼ ਸਿੰਘ ਬਾਦਲ, ਡੀ.ਜੀ.ਪੀ ਅਤੇ ਚੀਫ ਸੈਕਟਰੀ ਨੂੰ ਦੋਸ਼ੀ ਕਰਾਰ ਦਿੱਤਾ। ਸ. ਗੁਰਤੇਜ ਸਿੰਘ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਹਿੰਦੂ ਜਮਾਤ ਆਰ.ਐਸ.ਐਸ. ਹੁਣ ਗੁਰਦੁਆਰਿਆਂ ਉਤੇ ਕਬਜਾ ਕਰਨ ਜਾ ਰਹੀ ਹੈ।

ਜਿਕਰਯੋਗ ਹੈ ਕਿ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਦੇ ਇਕ ਤਰਜਮਾਨ ਨੇ ਐਲਾਨ ਕੀਤਾ ਕਿ ਅਸੀਂ ਪੰਜ ਸਿੰਘਾਂ ਦੇ ਨਾਲ ਹਾਂ ਅਤੇ ਪੰਥ ਜੋ ਵੀ ਫੈਂਸਲਾ ਕਰੇਗਾ ਅਸੀਂ ਉਸ ਫੈਂਸਲੇ ਦੀ ਪੁਰਜ਼ੋਰ ਹਮਾਇਤ ਕਰਾਂਗੇ। ਜਦੋਂ ਪੁੱਛਿਆ ਗਿਆ ਕਿ ਭਾਈ ਰਣਜੀਤ ਸਿੰਘ ਅੱਜ ਦੇ ਇਕੱਠ ਵਿਚ ਕਿਉਂ ਨਹੀਂ ਪਹੁੰਚੇ ਤਾਂ ਉਨ੍ਹਾਂ ਦੇ ਤਰਜਮਾਨ ਨੇ ਕਿਹਾ ਕਿ ਉਹ ਵਿਦੇਸ਼ ਗਏ ਹਨ। ਇਕੱਤਰਤਾ ਵਿਚ ਵੀਡੀਓ ਕਾਨਫਰੰਸ ਜਰੀਏ ਵਿਦੇਸ਼ਾਂ ਦੇ ਨੁਮਾਂਇੰਦਿਆਂ ਨਾਲ ਬਕਾਇਦਾ ਸੰਪਰਕ ਬਣਾਇਆ ਹੋਇਆ ਸੀ, ਪਰ ਸਮੇਂ ਦੀ ਘਾਟ ਕਾਰਨ 50 ਰਜਿਸਟਰਡ ਨੁਮਾਇੰਦਿਆਂ ਵਿਚੋਂ ਚਾਰ-ਪੰਜ ਵਿਅਕਤੀ ਹੀ ਆਪਣੇ ਵਿਚਾਰ ਪ੍ਰਗਟ ਕਰ ਸਕੇ।

ਇਸ ਇਕੱਠ ਵਿਚ ਦਲ ਖ਼ਾਲਸਾ, ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਅਕਾਲੀ ਦਲ ਸਰਨਾ ਗਰੁੱਪ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਇਲਾਵਾ ਜਿਹੜੇ ਹੋਰ ਉੱਘੇ ਵਿਅਕਤੀਆਂ ਨੇ ਲਿਆ ਉਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਸੁਖਦੇਵ ਸਿੰਘ ਭੌਰ, ਦਲ ਖ਼ਾਲਸਾ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਅਤੇ ਸਾਬਕਾ ਪ੍ਰਧਾਨ ਭਾਈ ਹਰਚਰਨਜੀਤ ਸਿੰਘ ਧਾਮੀ, ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਸ. ਰਜਿੰਦਰ ਸਿੰਘ, ਪੰਥਕ ਤਾਲਮੇਲ ਸੰਗਠਨ ਦੇ ਆਗੂ ਅਤੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਦਮਦਮੀ ਟਕਸਾਲ ਤੋਂ ਗਿਆਨੀ ਰਾਮ ਸਿੰਘ ਦੇ ਸਪੁੱਤਰ, ਵੰਗਾਰ ਰਸਾਲੇ ਦੇ ਸੰਪਾਦਕ ਭਾਈ ਬਲਜੀਤ ਸਿੰਘ ਖ਼ਾਲਸਾ, ਸ. ਈਸ਼ਰ ਸਿੰਘ ਮਸਤੂਆਣਾ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਿੰਸੀਪਲ ਖੁਸ਼ਹਾਲ ਸਿੰਘ, ਪੰਜਾਬੀ ਲੇਖਕ ਸੁਖਮਿੰਦਰ ਸਿੰਘ ਗੱਜਣਵਾਲਾ, ਯੂ.ਐਨ.ਆਈ ਦੇ ਸ. ਜਸਪਾਲ ਸਿੰਘ ਸਿੱਧੂ, ਇੰਡੀਅਨ ਐਕਸਪ੍ਰੈਸ ਦੇ ਸਾਬਕਾ ਰਿਪੋਰਟਰ ਸ. ਜਗਤਾਰ ਸਿੰਘ, ਸ਼ਹੀਦ ਸੁਬੇਗ ਸਿੰਘ ਦੇ ਭਰਾ ਭਾਈ ਬੇਅੰਤ ਸਿੰਘ, ਅਕਾਲੀ ਦਲ 1920 ਦੇ ਸ. ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸ. ਬਲਵੰਤ ਸਿੰਘ ਨੰਦਗੜ੍ਹ, ਬਹੁਜਮ ਸਮਾਜ ਪਾਰਟੀ ਦੇ ਸ. ਸ਼ਿੰਗਾਰਾ ਸਿੰਘ, ਅਖੰਡ ਕੀਰਤਨੀ ਜਥੇ ਦੇ ਆਰ.ਪੀ. ਸਿੰਘ, ਭੁਪਿੰਦਰ ਸਿੰਘ, ਉੱਘੇ ਵਕੀਲ ਸ. ਅਮਰ ਸਿੰਘ ਚਾਹਲ, ਵਕੀਲ ਸ. ਨਵਕਿਰਨ ਸਿੰਘ, ਸ. ਕਮਿਕਰ ਸਿੰਘ ਅਤੇ ਸਿੱਖ ਯੂਥ ਆਫ ਪੰਜਾਬ ਤੋਂ ਸ. ਪ੍ਰਭਜੋਤ ਸਿੰਘ ਸ਼ਾਮਿਲ ਸਨ। ਇਸ ਮੌਕੇ ਪਹਿਰੇਦਾਰ ਦੇ ਸੰਪਾਦਕ ਸ.ਜਸਪਾਲ ਸਿੰਘ ਹੇਰਾਂ ਵੀ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ। ਗੌਰਤਲਬ ਹੈ ਕਿ ਇਸ ਇਕੱਤਰਤਾ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਇਕ ਨੁਮਾਇੰਦੇ ਭਾਈ ਮਨਜੀਤ ਸਿੰਘ ਵੀ ਪਹੁੰਚੇ ਹੋਏ ਸਨ।

ਭਾਈ ਹਰਸਿਮਰਨ ਸਿੰਘ ਨੇ ਸਰਬੱਤ ਖ਼ਾਲਸਾ ਦੇ ਵਿਧੀ ਵਿਧਾਨ ਬਾਰੇ ਆਪਣੇ ਖਰੜੇ ਦੇ ਕੁਝ ਮਹੱਤਵਪੂਰਨ ਨੁਕਤੇ ਨੁਮਾਂਇੰਦਿਆਂ ਨਾਲ ਸਾਂਝੇ ਕੀਤੇ ਜਿਸ ਦੀ ਸੰਗਤਾਂ ਨੇ ਭਰਪੂਰ ਸ਼ਲਾਘਾ ਕੀਤੀ। ਇਸ ਇਕੱਤਰਤਾ ਦਾ ਵਿਸ਼ੇਸ਼ ਅਤੇ ਵੇਖਣ ਵਾਲ ਪਹਿਲੂ ਇਹ ਸੀ ਕਿ ਸੰਗਤ ਵਿਚ ਸਰਬੱਤ ਖ਼ਾਲਸੇ ਦੇ ਵਿਧੀ-ਵਿਧਾਨ ਬਾਰੇ ਚੇਤੰਨਤਾ ਦਾ ਉਭਾਰ ਭਰ ਜੋਬਨ ਵਿਚ ਸੀ, ਪਰ ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਚੇਤੰਨਤਾ ਅਜੇ ਪੂਰੀ ਤਰ੍ਹਾਂ ਇਕ ਸੁਰ ਅਤੇ ਜਥੇਬੰਦਕ ਨਹੀਂ ਬਣ ਸਕੀ। ਸਰਬੱਤ ਖ਼ਾਲਸਾ ਦਾ ਵਿਧੀ-ਵਿਧਾਨ ਤਿਆਰ ਕਰਨ ਦੇ ਸੰਧਰਬ ਵਿਚ ਇਸ ਤਰ੍ਹਾਂ ਦਾ ਰੁਝਾਨ ਪਹਿਲੀ ਵਾਰ ਵੇਖਣ ਵਿਚ ਆਇਆ ਹੈ।

ਭਾਈ ਸਤਨਾਮ ਸਿੰਘ ਖੰਡਾ ਨੇ ਸ਼ੁਰੂ ਵਿਚ ਹੀ ਇਹ ਐਲਾਨ ਕੀਤਾ ਸੀ ਕਿ ਕੋਈ ਵੀ ਬੁਲਾਰਾ ਵਿਵਾਦਤ ਮਸਲਾ ਨਾ ਛੇੜੇ ਤੇ ਆਪਣੇ ਵਿਚਾਰਾਂ ਨੂੰ ਵਿਧੀ-ਵਿਧਾਨ ਤਕ ਹੀ ਸੀਮਤ ਰੱਖੇ। ਪਰ ਇਸ ਦੇ ਬਾਵਜੂਦ ਕੁਝ ਬੁਲਾਰੇ ਇਨ੍ਹਾਂ ਹੱਦਾਂ ਦੀ ਥੋੜ੍ਹੀ-ਬਹੁਤੀ ਉਲੰਘਣਾ ਕਰਦੇ ਪਾਏ ਗਏ। ਇਕੱਤਰਤਾ ਵਿਚ ਲਗਭਗ ਸਾਰੇ ਬੁਲਾਰਿਆਂ ਵਲੋਂ ਪੰਜ ਪਿਆਰਿਆਂ ਦੀ ਇਤਿਹਾਸਕ ਸੰਸਥਾ ਦੀ ਮਹੱਤਤਾ ਅਤੇ ਮਹਾਨਤਾ ਨੂੰ ਸਤਿਕਾਰ ਨਾਲ ਯਾਦ ਕੀਤਾ ਗਿਆ ਉੱਥੇ ਇਸ ਦਿਸ਼ਾ ਵਿਚ ਪੰਜ ਸਿੰਘਾਂ ਵਲੋਂ ਇਤਿਹਾਸ ਦੇ ਨਾਜ਼ੁਕ ਮੌੜ ਉਤੇ ਨਿਭਾਈ ਗਈ ਜ਼ਿੰਮੇਵਾਰੀ ਅਤੇ ਉਸ ਤੋਂ ਪਿਛੋਂ ਉਨ੍ਹਾਂ ਵਲੋਂ ਪੰਥਕ ਸਮੱਸਿਆਵਾਂ ਪ੍ਰਤੀ ਅਖਤਿਆਰ ਕੀਤੀ ਗਈ ਪਹੁੰਚ, ਨਜ਼ਰੀਏ ਅਤੇ ਵਿਚਾਰਾਂ ਦੀ ਸ਼ਲਾਘਾ ਕੀਤੀ ਗਈ। ਇਸ ਤਰ੍ਹਾਂ ਲੱਗਦਾ ਹੈ ਕਿ ਪੰਥ ਦੇ ਇਤਿਹਾਸ ਵਿਚ ਇਹ ਬੜੀ ਦੇਰ ਤੋਂ ਬਾਅਦ ਪੰਜ ਪਿਆਰਿਆਂ ਦੀ ਸੰਸਥਾ ਦੀ ਇਤਿਹਾਸਿਕ ਮਹਾਨਤਾ ਮੁੜ ਪੱਕੇ ਪੈਰਾਂ 'ਤੇ ਸਥਾਪਿਤ ਹੋਈ ਹੈ।

ਇੱਥੇ ਇਹ ਵੀ ਚੇਤੇ ਕਰਵਾਇਆ ਜਾਂਦਾ ਹੈ ਕਿ ਇਕੱਤਰਤਾ ਸ਼ੁਰੂ ਹੋਣ ਤੋਂ ਪਹਿਲਾਂ ਸੰਗਤਾਂ ਦਾ ਇਕੱਠ ਗੁਰਦੁਆਰਾ ਹਾਲ ਵਿਚ ਹੋਇਆ, ਜਿੱਥੇ ਵਕੀਲ ਸ. ਅਮਰ ਸਿੰਘ ਚਾਹਲ ਨੇ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਭੇਜੀ ਗਈ ਤਾਜ਼ਾ ਹੱਥ ਲਿਖਤ ਚਿੱਠੀ ਪੜ ਕੇ ਸੁਣਾਈ। ਇਸ ਚਿੱਠੀ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੇ ਅਪੀਲ ਕੀਤੀ ਕਿ ਇਕ ਐਗਜ਼ੈਕਟਿਵ ਕਮੇਟੀ ਕਾਇਮ ਕੀਤੀ ਜਾਵੇ, ਜਿਸ ਦੇ ਕਨਵੀਨਰ ਸ. ਸਿਮਰਨਜੀਤ ਸਿੰਘ ਮਾਨ ਹੋਣ। ਪਰ ਇਕੱਤਰਤਾ ਵਿਚ ਕੇਵਲ ਵਿਧੀ-ਵਿਧਾਨ ਉਤੇ ਹੀ ਬਹਿਸ ਹੋਈ ਅਤੇ ਇਸ ਚਿੱਠੀ ਦਾ ਜ਼ਿਕਰ ਨਹੀਂ ਕੀਤਾ ਗਿਆ, ਕਿਉਂਕਿ ਇਕੱਤਰਤਾ ਵਿਚ ਵਿਧੀ ਵਿਧਾਨ ਦਾ ਨੁਕਤਾ ਪ੍ਰਮੁੱਖ ਤੌਰ 'ਤੇ ਬਹਿਸ ਅਧੀਨ ਸੀ।

ਇਕੱਤਰਤਾ ਦੀ ਸਮਾਪਤੀ 'ਤੇ ਭਾਈ ਸਤਨਾਮ ਸਿੰਘ ਖੰਡਾ ਨੇ ਕਿਹਾ ਕਿ ਇਸ ਇਕੱਤਰਤਾ ਵਿਚ ਆਏ ਸਾਰੇ ਸੁਝਾਅ ਅਤੇ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਭੇਜੇ ਗਏ ਤਾਜ਼ਾ ਸੁਝਾਵਾਂ ਬਾਰੇ ਉਹ ਸ਼ੁਕਰਵਾਰ ਨੂੰ ਉਨ੍ਹਾਂ ਨਾਲ ਤਿਹਾੜ ਜੇਲ੍ਹ ਵਿਚ ਮੁਲਾਕਾਤ ਕਰਕੇ ਵਿਚਾਰ ਕਰਨਗੇ।

## ਯੂਬਾ ਸਿਟੀ ਸਿੱਖ ਭਾਈਚਾਰੇ ਨੇ ਮੀਡੀਆ ਕੈਂਪੇਨ ਲਈ 135 ਹਜ਼ਾਰ ਡਾਲਰ ਜੁਟਾਏ

ਸ਼ਹਿਰ ਦੇ ਕਈ ਅਧਿਕਾਰੀ ਅਤੇ ਸਿਆਸੀ ਲੀਡਰ ਸਿੱਖ ਭਾਈਚਾਰੇ ਦੇ ਸਮਰਥਨ ਲਈ ਸਮਾਗਮ ਵਿਚ ਪਹੁੰਚੇ। ਉੱਘੇ ਕਿਸਾਨ ਦੀਦਾਰ ਸਿੰਘ ਬੈਂਸ ਦੇ ਪੁੱਤਰ ਕਰਮ ਸਿੰਘ ਬੈਂਸ ਨੇ ਜ਼ਿਲ੍ਹਾ ਅਟਾਰਨੀ ਅਮਾਂਡਾ ਹੋਪਰ ਅਤੇ ਹੋਰਨਾਂ ਆਗੂਆਂ ਨਾਲ ਜਾਣ-ਪਛਾਣ ਕਰਵਾਈ। ਹੋਰਨਾਂ ਤੋਂ ਇਲਾਵਾ ਪ੍ਰੀਤ ਦਿਦਵਾਲ, ਕਾਸ਼ ਗਿੱਲ ਤੇ ਤੇਜ ਮਾਨ ਵੀ ਹਾਜ਼ਰ ਸਨ। ਨੈਸ਼ਨਲ ਸਿੱਖ ਕੈਂਪੇਨ ਦੇ ਕੋ-ਫਾਉਂਡਰ ਡਾ. ਰਾਜਵੰਤ ਸਿੰਘ ਨੇ ਸੰਸਥਾ ਦੇ ਕੰਮਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ, 'ਅਸੀਂ ਯੂਬਾ ਸਿਟੀ ਦੇ ਸਿੱਖ ਭਾਈਚਾਰੇ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਏਨਾ ਸਹਿਯੋਗ ਦਿੱਤਾ ਹੈ ਅਤੇ ਸਾਨੂੰ ਉਮੀਦ ਹੈ ਕਿ ਇਸ ਸਾਲ ਦੇ ਅੰਦਰ ਅੰਦਰ ਅਸੀਂ 1.3 ਮਿਲੀਅਨ ਡਾਲਰ ਜੁਟਾਉਣ ਵਿਚ ਕਾਮਯਾਬ ਹੋ ਜਾਵਾਂਗੇ।' ਇਸ ਸਮਾਰੋਹ ਦੀ ਪ੍ਰਬੰਧਕ ਹਰਦੀਪ ਕੌਰ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਇਕੋ ਸਮਾਗਮ ਵਿਚ ਏਨਾ ਵੱਡਾ ਸਹਿਯੋਗ ਮਿਲਿਆ ਹੋਵੇ। ਇਸ ਮੌਕੇ ਡਾ. ਜਸਬੀਰ ਸਿੰਘ ਰੰਗੀ, ਜੀਵਾਨ ਸਿੰਘ ਅਛਰੇਜਾ, ਸੁਖ ਸਿੱਧੂ, ਇੰਦਰਪਾਲ ਸਿੰਘ, ਡਾ. ਰੁਪਿੰਦਰ ਬਰਾੜ, ਹਰਦੀਪ ਸਿੰਘ ਧਾਦਲੀ, ਹਰਜੀਤ ਸਿੰਘ, ਪ੍ਰੀਤਮ ਕੌਰ ਖਾਲਸਾ, ਡੀ.ਕੇ. ਦਿਓਲ, ਸੁਖਜੀਤ ਕੌਰ ਕੰਗ, ਕੁਲਵੰਤ ਸਿੰਘ ਜੌਹਲ, ਡਾ. ਇੰਦਰ ਸਿੰਘ ਭਾਟੀਆ ਤੇ ਡਾ. ਜੈਵੰਤ ਕੌਰ ਰੰਗੀ ਵੀ ਹਾਜ਼ਰ ਸਨ।

## ਉੱਤਰੀ ਕੈਰੋਲੀਨਾ ਵਿਚ ਰਿਪਬਲਿਕਨ ਪਾਰਟੀ ਦੇ ਦਫ਼ਤਰ ਨੂੰ ਲਾਈ ਅੱਗ

ਪਰ ਖੁਸ਼ਕਿਸਮਤੀ ਨਾਲ ਇਸ ਘਟਨਾ ਵਿੱਚ ਕੋਈ ਫੱਟੜ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜਿੱਥੇ ਬੋਤਲ ਬੰਬ ਸੁੱਟਿਆ ਗਿਆ ਸੀ, ਉਥੇ ਕਈ ਵਾਰ ਵਰਕਰ ਸੌਂ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਥਿਤ ਰਿਪਬਲਿਕਨ ਦਫ਼ਤਰਾਂ ਦੀ ਸੁਰੱਖਿਆ ਦੀ ਮੁੜ ਸਮੀਖਿਆ ਕੀਤੀ ਜਾ ਰਹੀ ਹੈ।

ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਟਵੀਟ ਕੀਤਾ, 'ਇਹ ਬੇਹੱਦ ਭਿਆਨਕ ਤੇ ਨਾਬਰਦਾਸ਼ਤਯੋਗ ਹਮਲਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਰੇ ਸੁਰੱਖਿਅਤ ਹਨ।' ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੇ ਇਸ ਨੂੰ ਹਮਲੇ ਲਈ ਡੈਮੋਕਰੈਟਾਂ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਸਥਾਨਕ ਰਿਪਬਲਿਕਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ, 'ਤੁਸੀਂ ਇਸ ਨੂੰ ਕਦੇ ਵੀ ਨਹੀਂ ਭੁੱਲੋਗੇ। ਹੁਣ ਸਾਨੂੰ ਜਿੱਤਣਾ ਪਵੇਗਾ। ਤੁਹਾਡੇ ਸਾਰਿਆਂ ਉਤੇ ਮਾਣ ਹੈ।'

## ਬਾਦਲ ਦੀਆਂ ਮੰਗਾਂ 'ਤੇ ਮੋਦੀ ਨੇ ਕੰਨ ਹੀ ਨਾ ਧਰਿਆ

ਉਨਾਂ ਆਪਣੇ ਭਾਸ਼ਨ ਵਿਚ ਦਲਿਤਾਂ 'ਤੇ ਹੋ ਰਹੇ ਜ਼ੁਲਮਾਂ ਦੀ ਗੱਲ ਤਾਂ ਕੀਤੀ ਪਰ ਸ. ਬਾਦਲ ਵਲੋਂ ਉਠਾਈਆਂ ਮੰਗਾਂ ਦਾ ਜ਼ਿਕਰ ਤਕ ਨਹੀਂ ਕੀਤਾ। ਸ੍ਰੀ ਬਾਦਲ ਨੇ ਸਰਜੀਕਲ ਅਪਰੇਸ਼ਨ ਦੇ ਸੋਹਲੇ ਗਾਉਂਦਿਆਂ ਸੂਬੇ ਦੇ ਸਰਹੱਦੀ ਇਲਾਕਿਆਂ ਵਿੱਚੋਂ ਉਠਾਏ ਪਿੰਡਾਂ ਦੇ ਲੋਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਦੀ ਮੰਗ ਕੀਤੀ ਪਰ ਪ੍ਰਧਾਨ ਮੰਤਰੀ ਨੇ ਇਸ 'ਤੇ ਵੀ ਇਕ ਸ਼ਬਦ ਨਾ ਬੋਲਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਕਿਹਾ ਕਿ 350 ਸਾਲ ਪਹਿਲਾਂ ਪੰਜਾਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਨੇ ਦੇਸ਼ ਵਾਸੀਆਂ ਨੂੰ 'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ' ਦੇ ਪੈਗ਼ਾਮ ਨਾਲ ਇਕ ਸੂਤਰ ਵਿੱਚ ਪਰੋਇਆ ਸੀ ਪਰ ਹੁਣ ਵੀ ਦਲਿਤਾਂ ਉੱਤੇ ਜਾਤ-ਪਾਤ ਦੇ ਨਾਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ, ਜਿਸ ਨਾਲ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਸਮਾਂ ਆ ਗਿਆ ਹੈ ਕਿ ਇਸ ਲਈ ਤੰਗਦਿਲੀ ਤੋਂ ਉਪਰ ਉਠਿਆ ਜਾਵੇ।


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa


Travel for Less Inc.
SPECIALIZED IN DISCOUNT FARES WORLDWIDE
ASIANA AIRLINES
A STAR ALLIANCE MEMBER
ਅਗਰ ਤੁਸੀਂ ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES NOW FLIES NEW DELHI 5 TIMES A WEEK STARTING 1ST JULY 2016
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com
(510) 791-3300
(408) 791-2600


HAPPY Diwali
FROM OUR FAMILY TO YOURS
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift CARD worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


SHER®
Happy Diwali
DIWALI OFFER
$3.99
4lb
SHER BESAN SUPER FINE
SHER®
Formerly called BRAR BESAN
BESAN
CHANA FLOUR
SUPER FINE
बेसन· ਵੇਸਣ· ચણાનો લોટ· بیسن
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
www.sherbrarmills.com